ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ

# ਸ਼ਬਦ

**ਸਾਲ : ਤੇਰ੍ਹਵਾਂ ਪੁ : ਲੜੀ : ਉਨੰਜਾ** **ਜਨਵਰੀ-ਮਾਰਚ**, 2010

*ਸਰਪ੍ਰਸਤ :* **ਹਰੀਸ਼ ਜੈਨ**
*ਸਲਾਹਕਾਰ :* **ਨ੍ਰਿਪਇੰਦਰ ਰਤਨ**
ਸੰਪਾਦਕ : **ਜਿੰਦਰ (ਆਨਰੇਰੀ)**
*ਮੁੱਖ ਸੰਪਾਦਕ :* **ਹਰਜੀਤ ਅਟਵਾਲ**


67, HILLSIDE ROAD, SOUTHALL
MIDDLESEX , ENGLAND. UB1 2PE
Ph. : 020-85780393
Mobile : 07782-265726
e mail: harjeetatwal@yahoo.co.uk
**ਹਰਮਹਿੰਦਰ ਚਹਿਲ**
7305, Sterling Grove Dr.
Springfield VA 22150 U.S.A.
Email : Chahals57@Yahoo.com
Ph. 001-703-362-3239
**ਗੁਰਪਾਲ ਸਿੰਘ ਸੰਧੂ**
2229, Sector 38-C, Chandigarh
Mobile : 98882-82084
gurpal_nakai@yahoo.co.uk
*Managing Editor*
***Shiv, Vinod Kumar***
**ਰਚਨਾਵਾਂ ਭੇਜਣ ਲਈ ਪਤਾ**
984, Near Surinder Welding Works,
Model House, Jalandhar-144003
Mobile No.98148-03254
Ph.: 81460-76742
**e mail: saifsm20 @ yahoo.com**


**ਡਿਸਟ੍ਰੀਬਿਊਟਰ** : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 100 ਰੁ: ਸਾਲਾਨਾ
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ
ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।


ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।


## ਮੇਰਾ ਪੰਨਾ

ਲੇਖਕ ਨੂੰ ਉਸਦੀਆਂ ਰਚਨਾਵਾਂ ਕਰਕੇ ਜਾਣਿਆਂ ਜਾਂਦਾ ਹੈ। ਕਈ ਲੇਖਕਾਂ ਦੀ ਚਰਚਾ ਉਨ੍ਹਾਂ ਦੇ ਜਿਉਂਦੇ ਜੀਅ ਕੁਝ ਜ਼ਿਆਦਾ ਹੀ ਹੁੰਦੀ ਹੈ। ਜਦੋਂ ਇਹ ਲੇਖਕ ਸਵਰਗਵਾਸ ਹੋ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਰਚਨਾਵਾਂ ਜਾਂ ਤਾਂ ਦਮ ਤੋੜ ਜਾਂਦੀਆਂ ਹਨ ਜਾਂ ਦਮ ਤੋੜਨ ਦੇ ਨੇੜੇ-ਤੇੜੇ ਹੁੰਦੀਆਂ ਹਨ। ਕੁਝ ਚਿਰ ਬਾਅਦ ਲੇਖਕ ਤੇ ਰਚਨਾ ਦੋਵੇਂ ਹੀ ਸਮੇਂ ਦੀ ਗਰਦ 'ਚ ਗੁਆਚ ਜਾਂਦੀਆਂ ਹਨ। ਉਨ੍ਹਾਂ ਨੂੰ ਕਿਸੇ ਦਾ ਚਿਤ-ਚੇਤਾ ਵੀ ਨਹੀਂ ਰਹਿੰਦਾ। ਇਨ੍ਹਾਂ ਲੇਖਕਾਂ 'ਚ ਉਹ ਲੇਖਕ ਵੀ ਸ਼ਾਮਿਲ ਹੁੰਦੇ ਹਨ ਜਿਨ੍ਹਾਂ ਕੋਲ ਸਰਕਾਰ ਦੀ 'ਉੱਚੀ ਕੁਰਸੀ' ਹੁੰਦਾ ਹੈ। ਸੱਤਾ ਹੁੰਦੀ ਹੈ। ਉਹ ਹੀ ਸਾਹਿਤ ਅਕਾਦਮੀ ਪੁਰਸਕਾਰ ਦੇ ਹੱਕਦਾਰ ਬਣਦੇ ਹਨ। ਉਨ੍ਹਾਂ ਨੂੰ ਹੀ ਲੁਧਿਆਣੇ ਵਾਲੀ ਅਕਾਦਮੀ ਯਾਦ ਕਰਦੀ ਹੈ। ਇਨ੍ਹਾਂ ਲਈ ਰਚਨਾ ਦਾ ਕੋਈ ਮੁੱਲ ਨਹੀਂ ਹੁੰਦੀ। ਲੇਖਕ ਦਾ ਨਾਂ ਹੀ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਂਦਾ ਹੈ। ਇਹ ਸਿਲਸਿਲਾ ਪਹਿਲਾਂ ਵੀ ਚਲਦਾ ਰਿਹਾ ਹੈ-ਹੁਣ ਵੀ ਚਲਦਾ ਹੈ, ਅਗਾਂਹ ਵੀ ਚਲੇਗਾ। ਸਾਨੂੰ ਇਹ ਮੰਨ ਹੀ ਲੈਣਾ ਚਾਹੀਦਾ ਹੈ। ਪਰ ਇਨ੍ਹਾਂ ਲੇਖਕਾਂ ਦਾ ਹਸ਼ਰ ਸੁਖਪਾਲਵੀਰ ਸਿੰਘ ਹਸਰਤ ਜਾਂ ਵਿਸ਼ਵਨਾਥ ਤਿਵਾੜੀ ਵਰਗੇ ਅਨੇਕਾਂ ਇਨਾਮ ਪ੍ਰਾਪਤ ਲੇਖਕਾਂ ਜਿਹਾ ਹੋਣਾ ਹੈ। ਕਿਸੇ ਲੇਖਕ ਦਾ ਮੁਲਾਂਕਣ ਉਸ ਦੇ ਜਿਉਂਦਿਆਂ ਜੀਅ ਤੇ ਮਰਣ ਉਪਰੰਤ ਵੀ ਹੁੰਦਾ ਹੈ। ਪਾਠਕ ਉਸ ਦੀਆਂ ਰਚਨਾਵਾਂ ਨੂੰ ਲੱਭ-ਲੱਭ ਕੇ ਪੜ੍ਹਦੇ ਹਨ। ਲਾਇਬ੍ਰੇਰੀਆਂ ਦੇ ਰੈਕਾਂ ਨੂੰ ਫਰੋਲਦੇ ਹਨ। ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ, ਲੇਖਕ ਦੀ ਮਹੱਤਤਾ ਵੱਧਦੀ ਜਾਂਦੀ ਹੈ। ਪਰ ਉਸ ਦੀਆਂ ਕਿਤਾਬਾਂ ਨਹੀਂ ਮਿਲਦੀਆਂ। ਬਾਜ਼ਾਰ 'ਚੋਂ ਤਾਂ ਬਿਲਕੁਲ ਨਹੀਂ ਮਿਲਦੀਆਂ। ਕੋਈ ਪ੍ਰਕਾਸ਼ਕ ਦੋਬਾਰਾ ਛਾਪਣ ਦਾ ਉਦਮ ਨਹੀਂ ਕਰਦਾ। ਅਜਿਹਾ ਹੀ ਇਕ ਕਹਾਣੀਕਾਰ ਹੈ ਸੁਰਜੀਤ ਵਿਰਦੀ। ਉਸ ਦੀਆਂ ਕਹਾਣੀਆਂ ਨੂੰ ਅੱਜ ਵੀ ਪਸੰਦ ਕੀਤਾ ਜਾ ਰਿਹਾ ਹੈ ਪਰ ਉਸ ਦੇ ਸੰਗ੍ਰਹਿ ਉਪਲਬਧ ਨਹੀਂ ਹਨ। ਮੈਂ ਜਿੰਨੀ ਵਾਰੀ ਵੀ ਇੰਗਲੈਂਡ ਗਿਆ ਹਾਂ ਮੈਂ ਸਾਹਿਤਕ ਮਿੱਤਰਾਂ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਨ੍ਹਾਂ ਨੂੰ ਉਦਮ ਕਰਕੇ ਸੁਰਜੀਤ ਵਿਰਦੀ ਦੇ ਕਹਾਣੀ ਸੰਗ੍ਰਹਿ ਰੀ-ਪਰਿੰਟ ਕਰਵਾਉਣੇ ਚਾਹੀਦੇ ਹਨ। ਪਰ ਇਸ ਸੰਬੰਧੀ ਕਿਸੇ ਵੀ ਲੇਖਕ ਮਿੱਤਰ ਨੇ ਉਤਸ਼ਾਹ ਹੀ ਨਹੀਂ ਦਿਖਾਇਆ। ਇਥੋਂ ਤੱਕ ਵੀ ਕਿ ਕਿਸੇ ਨੇ ਉਸਦੇ ਕਹਾਣੀ ਸੰਗ੍ਰਹਿ ਲੱਭਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਕਿਸੇ ਕੋਲੋਂ ਐਨਾ ਵੀ ਨਹੀਂ ਹੋਇਆ ਕਿ ਉਹ ਸੁਰਜੀਤ ਵਿਰਦੀ ਦੇ ਬੱਚਿਆਂ ਨਾਲ ਸੰਪਰਕ ਕਰਕੇ ਕਹਾਣੀ ਸੰਗ੍ਰਹਿ ਉਪਲਬਧ ਕਰਵਾ ਸਕਣ। ਸਾਡੀ ਸੋਚ ਐਨੀ ਸੰਕੀਰਣ ਨਹੀਂ ਹੋਣੀ ਚਾਹੀਦੀ। ਸਾਡੇ ਲਈ ਰਚਨਾ ਪਹਿਲਾਂ ਹੋਣੀ ਚਾਹੀਦੀ ਹੈ, ਲੇਖਕ ਦਾ ਨਾਂ ਬਾਅਦ 'ਚ। ਇਸੇ ਤਰ੍ਹਾਂ ਸਾਨੂੰ ਹੋਰ ਲੇਖਕਾਂ ਬਾਰੇ ਵੀ ਸੋਚਣਾ ਚਾਹੀਦਾ ਹੈ। ਲੇਖਕਾਂ ਦੀਆਂ ਚੋਣਵੀਆਂ ਰਚਨਾਵਾਂ ਦੀ ਪੁਸਤਕ ਛਾਪਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਦੋਹਰਾ ਫਾਇਦਾ ਹੋਵੇਗਾ। ਲੇਖਕ ਦਾ ਪੁਨਰ-ਜਨਮ ਹੋਵੇਗਾ। ਪਾਠਕਾਂ ਨੂੰ ਰਚਨਾਵਾਂ ਪੜ੍ਹਣ ਲਈ ਮਿਲ ਜਾਣਗੀਆਂ। ਇਹ ਕੰਮ ਸਿਰਫ਼ ਤੇ ਸਿਰਫ ਕੁਝ ਲੋਕ ਹੀ ਕਰ ਸਕਦੇ ਹਨ। ਸਾਹਿਤ ਅਕਾਦਮੀ, ਲੁਧਿਆਣੇ ਵਾਲੀ ਅਕਾਦਮੀ, ਕੇਂਦਰੀ ਪੰਜਾਬ ਸਭਾ ਜਾਂ ਅਜਿਹੇ ਕਿਸੇ ਸਭਾ/ਅਦਾਰੇ ਕੋਲੋਂ ਆਸ ਰੱਖਣੀ...ਮੇਰੇ ਨਾਲੋਂ ਜ਼ਿਆਦਾ ਤੁਸੀਂ ਸਿਆਣੇ ਹੀ ਹੋ।

**-ਜਿੰਦਰ**

**ਇਸ ਵਾਰ**

## ਵਿਸ਼ਵ ਕਵਿਤਾ/ਦੇਵਨੀਤ

ਕਵਿਤਾ ਦਾ ਅਨੁਵਾਦ ਅਸੰਭਵ ਕੰਮ ਵਰਗਾ ਹੁੰਦਾ ਹੈ। ਜੇ ਕਹਿ ਲਈਏ ਕਿ ਕਵਿਤਾ ਦਾ ਅਨੁਵਾਦ ਹੋ ਹੀ ਨਹੀਂ ਸਕਦਾ ਤਾਂ ਇਹ ਗੱਲ ਠੀਕ ਹੋਣ ਦੇ ਬਿਲਕੁਲ ਨੇੜੇ ਤੇੜੇ ਖੜਦੀ ਹੈ। ਕਾਰਨ ? ਕਵਿਤਾ ਵਿੱਚ ਹਰ ਸ਼ਬਦ ਬੋਲਦਾ ਹੈ। ਹਰ ਸ਼ਬਦ ਉਸ ਭਾਸ਼ਾ ਦੇ ਸਭਿਆਚਾਰਕ ਆਪੇ 'ਚੋਂ ਬੋਲਦਾ ਹੈ। ਇਸ ਤਰ੍ਹਾਂ ਸਾਰੇ ਸ਼ਬਦ ਮਿਲ ਕੇ ਕਵਿਤਾ ਦੀ ਇਕ ਆਤਮਾ ਸਿਰਜਦੇ ਹਨ। ਅਨੁਵਾਦਕ ਨੂੰ ਉਸ ਆਤਮਾ ਕੋਲ ਜਾਣਾ ਹੁੰਦਾ ਹੈ। ਫਿਰ ਆਪਣੀ ਭਾਸ਼ਾ 'ਚੋਂ ਅਜਿਹੇ ਸ਼ਬਦ ਚੁਣੇ ਜਾਣੇ ਹੁੰਦੇ ਹਨ ਜੋ ਉਸ ਕਵਿਤਾ ਦੀ ਆਤਮਾ ਸਿਰਜ ਸਕਣ। ਇਹ ਔਖਾ ਕੰਮ ਹੈ। ਕੋਈ ਕੋਈ ਹੀ ਕਰ ਸਕਦਾ ਹੈ।

ਕਵਿਤਾ ਦੇ ਅਨੁਵਾਦ ਲਈ ਅਨੁਵਾਦਕ ਦਾ ਕਵੀ ਹੋਣਾ ਅਤੇ ਚਿੰਤਕ ਹੋਣਾ ਜ਼ਰੂਰੀ ਹੈ। ਇਸ ਤੋਂ ਵੀ ਵੱਧ ਉਹ ਸੰਸਾਰ ਪੱਧਰ ਦੀ ਬਹੁਤ ਸਾਰੀ ਕਵਿਤਾ ਦਾ ਪਾਠਕ ਹੋਵੇ। ਫਿਰ ਹੀ ਕਵਿਤਾ ਦੇ ਅਨੁਵਾਦ ਨਾਲ ਨਿਆਂ ਹੋ ਸਕਦਾ ਹੈ। ਪਰ ਅਕਸਰ ਕਵਿਤਾ ਅਨੁਵਾਦਕ ਹੱਥੋਂ ਰੇਪ ਹੁੰਦੀ ਰਹਿੰਦੀ ਹੈ।

ਨਾਭੇ ਭਾਰਤੀ ਕਵਿਤਾ ਉਸਤਵ ਵਿੱਚ ਡਾ. ਸੁਤਿੰਦਰ ਨੂਰ ਨੇ ਦੋ ਬੰਗਾਲੀ ਕਵੀਆਂ ਦੀਆਂ ਕਵਿਤਾਵਾਂ ਦਾ ਅਨੁਵਾਦ ਪੜ੍ਹਿਆ। ਅਨੁਵਾਦ ਐਨਾ ਅੱਛਾ ਸੀ ਕਿ ਸਰੋਤੇ ਕੁਰਸੀਆਂ ਤੋਂ ਖੜੇ ਹੋ ਹੋ ਤਾੜੀਆਂ ਮਾਰਦੇ ਰਹੇ। ਬਾਅਦ ਵਿੱਚ ਬੰਗਾਲੀ ਕਾਮਰੇਡ ਕਵੀ ਡਾ. ਨੂਰ ਨੂੰ ਅੰਗਰੇਜ਼ੀ ਵਿੱਚ ਕਹਿੰਦਾ: "ਡਾ. ਸਾਹਿਬ ਮੈਨੂੰ ਸਰੋਤਿਆਂ ਦੇ ਰਿਸਪਾਂਸ ਤੋਂ ਪਤਾ ਲੱਗਾ ਕਿ ਮੇਰੀ ਕਵਿਤਾ ਦਾ ਅਨੁਵਾਦ ਕਵਿਤਾ ਤੋਂ ਵੀ ਅੱਛਾ ਸੀ।"

ਮੈਂ ਵੀ ਇਸੇ ਕੋਸ਼ਿਸ਼ ਵਿੱਚ ਹਾਂ ਕਿ ਕਵਿਤਾ ਦੇ ਅਨੁਵਾਦ 'ਚ ਕਵਿਤਾ ਨਾਲ ਅਨਿਆਂ ਨਾ ਹੋਵੇ।

**ਜਰਮਨ**

### ਕਲਾ ਦੇਵੀਆਂ/ਬਰਤੋਲਤ ਬਰੈਖ਼ਤ

ਜਦੋਂ ਹੱਟਾ ਕੱਟਾ ਮਰਦ
ਉਹਨਾਂ ਨੂੰ ਕੁਟਦਾ ਹੈ
ਤਾਂ
ਗੀਤ ਗਾਉਣ ਲੱਗ ਜਾਂਦੀਆਂ ਹਨ
ਕਲਾ ਦੇਵੀਆਂ
ਹੋਰ ਉੱਚੀ ਉੱਚੀ

ਫਿਰ
ਸੁੱਜੀਆਂ ਲਾਲ ਅੱਖਾਂ ਨਾਲ
ਮਰਦ ਦੀ ਸੇਵਾ ਕਰਨ
ਲੱਗ ਜਾਂਦੀਆਂ ਹਨ
ਕੁੱਤੀਆਂ ਵਾਂਗ

ਕੁੱਤੀਆਂ-
ਜਿਨ੍ਹਾਂ ਦੇ ਪਿੱਛੇ (ਨਿਤੰਬ)
ਦਰਦ ਨਾਲ ਫੜਫੜਾਉਂਦੇ ਹਨ

ਚੱਡੇ ਹਵਸ ਨਾਲ।



**ਇਟਾਲੀਅਨ**

### ਟੇਬਲ ਕਲਾਥ/ਜੋਵਾਨੀ ਰਾਬੋਨੀ

ਦੋਸਤਾਂ ਦੇ ਕਹਿਣ ਦਾ ਕੋਈ
ਅਰਥ ਨਹੀਂ
ਉਹ ਸਾਰੇ ਮੇਰੇ ਨਾਲ ਨਾਰਾਜ਼ ਹਨ
ਜਾਂ
ਮੇਰਾ ਮਖ਼ੌਲ ਉਡਾਉਂਦੇ ਹਨ
ਕਿ ਤੂੰ
ਹਮੇਸ਼ਾਂ ਪੈਸੇ ਦੀ ਤੰਗੀ ਦਾ
ਰੋਣਾ ਰੋਂਦਾ ਰਹਿੰਦੈਂ
ਜਾਂ
ਉਹਨਾਂ ਗਾਇਕਾਂ ਬਾਰੇ ਬੋਲਦੈਂ
ਜੋ ਬੇਚਾਰੇ ਬੁੱਢੇ ਹੋ ਗਏ ਹਨ

ਬਾਹਰ ਰਾਤਾਂ ਨੂੰ
ਉੱਲੂ ਬੋਲ ਰਹੇ ਹਨ
ਅਤੇ
ਅਸੀਂ ਬਹੁਤ ਥੋੜ੍ਹੇ ਹਾਂ

ਐਨੇ ਸਾਰੇ ਕਸ਼ਟਾਂ ਨੂੰ ਝੱਲਣ ਲਈ
ਤਾਂ ਬਹੁਤ ਹੀ ਥੋੜ੍ਹੇ

ਇੱਕ ਅੰਡਾ, ਬਰੈੱਡ ਤੇ ਚਾਹ ਦਾ
ਗਲਾਸ ਮੇਜ਼ ਤੇ ਰੱਖੇ ਹਨ
ਤਸੀਹੇ ਦੇਣ ਦੇ
ਬਹੁਤ ਵਧੀਆ ਹਥਿਆਰਾਂ
ਦੀ ਤਰ੍ਹਾਂ।

### ਪੇਂਡੂ ਪੁੱਤਰ ਲਈ/ਜੋਵਾਨੀ ਰਾਬੋਨੀ

ਜਦੋਂ ਪਿੰਡ 'ਚ ਬੱਤੀ ਗੁੱਲ
ਹੋ ਜਾਂਦੀ ਹੈ ਤਾਂ
ਬਹੁਤ ਸਾਰੇ ਲੋਕ ਦਿਸਦੇ ਹਨ ਜੋ
ਗੁੰਮ ਗਏ ਸਨ

ਪਾਸੇ ਦੀਆਂ ਨਰਦਾਂ ਰੁੜ੍ਹਣ
ਲੱਗਦੀਆਂ ਹਨ ਜ਼ਮੀਨ 'ਤੇ

ਟਾਹਣੀਆਂ ਖਿੜਕੀ ਤੇ ਹਨੇਰੇ 'ਚ
ਘੁਸ ਜਾਂਦੀਆਂ ਹਨ
ਕਹਿੰਦੀਆਂ ਹਨ :
ਠੀਕ ਹੈ :
(ਤੁਸੀਂ ਬਿਜਲੀ ਲਈ ਧੀਰਜ ਰੱਖੋ)

ਤੁਸੀਂ ਮਹਿਸੂਸ ਕਰਨ ਲੱਗਦੇ ਹੋ
ਉੱਡ ਰਿਹਾ ਧੱਕਿਆਂ, ਧੱਬਿਆਂ ਦਾ
ਰੰਗ

ਹਨੇਰੇ ਦੀ ਆਹਟ ਉਡੀਕਦੀ ਹੈ
ਟਿੱਡੀਆਂ ਨੂੰ
ਮਾਂ ਨੂੰ
ਇਮਲੀ ਨੂੰ

ਮੋਮਬੱਤੀ ਨਾਲ ਗਾਉਂਦੇ
ਬਿੰਡਿਆਂ ਨੂੰ।

ਪੋਲਿਸ਼

## ਹਾਸਾ/ਤਾਦਿਉਸ਼ ਰੋਜ਼ੇਵਿਚ

ਪਿੰਜਰਾ ਐਨੇ ਦਿਨ ਬੰਦ ਰਿਹਾ
ਕਿ
ਇੱਕ ਚਿੜੀ ਪੈਦਾ ਹੋ ਗਈ ਉਸ ਵਿੱਚ

ਐਨੇ ਦਿਨ ਚੁੱਪ ਰਹੀ ਚਿੜੀ
ਕਿ
ਚੁੱਪ ਦੀ ਜੰਗ ਲੱਗਾ ਪਿੰਜਰਾ
ਖੁੱਲ੍ਹਿਆ

ਚੁੱਪ
ਐਨੀ ਦੇਰ ਤੱਕ ਪਸਰੀ ਰਹੀ
ਕਿ
ਕਾਲੀਆਂ ਸੀਖਾਂ ਪਿਛਿਉਂ
ਛਿੜ ਗਿਆ
ਹਾਸਾ।

ਸਪੇਨੀ

## ਇੱਕ ਕੁੜੀ ਦਾ ਗੀਤ/ ਅਰਨੇਸਤੋ ਕਾਰਦੇਨਾਲ

ਮੇਰੇ ਲੰਬੇ ਵਾਲ! ਮੇਰੇ ਲੰਬੇ ਵਾਲ!

ਲੰਬੇ ਹੋਣ ਮੇਰੇ ਵਾਲ
ਚਾਹੁੰਦਾ ਸੀ ਤੂੰ

ਚਾਹੁੰਦਾ ਸੀ ਤੂੰ
ਹੋਰ ਲੰਬੇ ਹੋ ਜਾਣ ਵਾਲ
ਤੇਰੀ ਪ੍ਰੇਮਿਕਾ ਦੇ

ਹੁਣ ਮੇਰੇ ਵਾਲ ਤਾਂ
ਧਰਤੀ ਨਾਲ ਲੱਗਦੇ ਹਨ
ਪਰ
ਤੂੰ ਨਹੀਂ ਸੀ ਰੁਕ ਸਕਿਆ
ਮੇਰੇ ਵਾਲ
ਲੰਬੇ ਹੋਣ ਤੱਕ।

ਜਰਮਨ

## ਮੈਂ ਸੱਚ ਹਾਂ/ਗੁੰਟਰ ਕੁਨੇਰਟ

ਅਜੇ ਵੀ ਆਕਾਸ਼ 'ਚ
ਕੋਈ ਰੌਸ਼ਨੀ ਨਹੀਂ
ਧੂੰਆਂ ਤੇ ਧੁੰਦ ਹੈ
ਬਾਹਰ ਬਜਰੀ ਤੇ ਪਿਐ
ਕੋਈ
ਧੂੰਏਂ ਤੇ ਧੁੰਦ 'ਚ ਲਿਪਟਿਆ
ਖਟਖਟਾਉਂਦਾ ਹੈ ਮੇਰਾ
ਕਾਲਾ ਲਕੜੀ ਦਾ ਦਰਵਾਜ਼ਾ
ਜੇਕਰ ਪੁੱਛਾਂ ਕੌਣ ਹੈ ਉਹ
ਜੋ ਮੇਰੇ ਦਰਵਾਜ਼ੇ ਤੇ
ਦਸਤਕ ਦੇ ਰਿਹਾ ਹੈ
ਜੁਆਬ ਹੋਵੇਗਾ :
ਉਹੀ
ਜਿਸਨੂੰ ਤੂੰ ਜ਼ਿੰਦਗੀ 'ਚੋਂ
ਬਾਹਰ ਕੱਢ ਸੁੱਟ ਦਿੱਤਾ ਹੈ
ਕੂੜੇ ਵਾਂਗ
ਜਿਸਨੂੰ ਸੁੱਟ ਆਏ ਹੋ
ਪਾਟੇ ਕਪੜਿਆਂ ਵਾਂਗ
ਸੁੱਕ ਜਾਣ ਲਈ
ਫੁੱਲਾਂ ਦੀ ਤਰ੍ਹਾਂ
ਦੁਪਹਿਰਾਂ ਦੀ ਧੁੱਪ 'ਚ
ਮੌਤ ਕੋਲੋਂ ਮੁੜ ਮੁੜ
ਪਰਤ ਰਿਹਾ ਹੈ ਜੋ :
ਮੈਂ ਸੱਚ ਹਾਂ
ਕੋਈ ਨਹੀਂ ਰੋਕ ਸਕਿਆ ਮੈਨੂੰ
ਨਾ ਲਕੜੀ ਦਾ ਦਰਵਾਜ਼ਾ
ਨਾ ਤੇਰੇ ਸਾਹਾਂ ਦਾ ਦਰਵਾਜ਼ਾ



ਨਾ ਤੇਰੇ ਮੱਥੇ ਦੀ ਠੀਕਰੀ
ਮੈਂ ਅੰਦਰ ਆ ਰਿਹਾ ਹਾਂ
ਜਿਵੇਂ ਸਵੇਰ
ਜਿਵੇਂ ਦਿਨ
ਜਿਸਨੂੰ ਕੋਈ ਨਹੀਂ
ਰੋਕ ਸਕਦਾ
ਆਉਣ ਤੋਂ।

ਅੰਗਰੇਜ਼ੀ

## ਐਲਨ ਸਿੰਗਬਰਗ ਦੀ ਦੋ ਕਵਿਤਾਵਾਂ

## ਨੈਰੂਦਾ ਦੀ ਮੌਤ 'ਤੇ

ਕੋਈ ਸਾਹ ਦਸਦੇ ਹਨ
ਐਡੋਨੈਸ ਤੇ ਕੈਂਟੋ ਜਰਨੈਲ ਨੂੰ
ਕੋਈ ਸਾਹ ਦੱਸਦੇ ਹਨ
ਬੰਬਾਂ ਦੀ ਹਮਕ ਤੇ ਕੁੱਤਿਆਂ ਦਾ
ਭੌਂਕਣਾ

ਕੋਈ ਸਾਹ
ਹਰੇ ਬਰਫ਼ੀਲੇ ਪਹਾੜਾਂ ਦੀ
ਚੁੱਪ ਨੂੰ
ਫੁਸਫਸਾਉਂਦੇ ਹਨ

ਕੋਈ ਸਾਹ
ਕੁਝ ਵੀ ਨਹੀਂ ਦੱਸਦੇ।

## ਉਹ ਦੋ

ਉਸ ਰੁੱਖ ਨੇ ਕਿਹਾ
ਮੇਰੇ ਹੇਠਾਂ ਖੜੀ ਸਫ਼ੇਦ ਕਾਰ
ਮੈਨੂੰ ਪਸੰਦ ਨਹੀਂ ਹੈ
ਬਦਬੂ ਆਉਂਦੀ ਹੈ ਮੈਨੂੰ
ਉਸ 'ਚੋਂ ਪੈਟਰੋਲ ਦੀ
ਕੋਲ ਖੜਾ ਦੂਜਾ ਰੁੱਖ਼ ਬੋਲਿਆ
ਤੇਰਾ ਦਿਮਾਗ ਖਰਾਬ ਹੋ ਗਿਐ
ਐਵੇਂ ਚਿੜਦਾ ਰਹਿੰਦੈ
ਤੂੰ ਠੰਢੇ ਦਿਮਾਗ ਨਾਲ ਸੋਚ
ਤੈਨੂੰ ਆਪੇ ਪਤਾ ਲੱਗ ਜਾਵੇਗਾ
ਕਿ
ਕਿੱਥੇ ਅੜਿਆ ਹੈਂ ਤੂੰ।

## ਇਸ ਦਿਨ/ਡੈਨਿਸ ਬਰੂਟਸ

ਹਰ ਸਾਲ ਇਸ ਦਿਨ ਉਹ
ਧਰਤੀ 'ਤੇ ਅਪਣੇ ਬੂਟਾਂ ਨਾਲ
ਦਬੜ ਦਬੜ ਨੱਚਣ ਲੱਗਦੇ ਹਨ

ਮੰਤਰ ਪੜ੍ਹਦੇ ਹਨ
ਉਸ ਲਹੂ ਦੀ ਗੰਧ ਖਾਤਰ
ਜਿਸਨੂੰ ਖੋਜਣ ਲਈ
ਭੁੱਖਿਆਂ ਵਾਂਗ ਹਵਾ ਨੂੰ
ਸੁੰਘਦੇ ਹਨ

ਉਨ੍ਹਾਂ ਅੰਦਰ ਆਦਿਮ
ਮਨੁੱਖ ਦੀਆਂ ਕਰੂਰਤਾਵਾਂ ਦਾ
ਅਪਰਾਧ ਬੋਧ ਫੈਲਦਾ ਹੈ

ਪਰ ਜਦੋਂ
ਤਪਦੀ ਰੇਤ 'ਤੇ ਮੀਂਹ ਪੈਂਦਾ ਹੈ
ਚਾਰੇ ਪਾਸੇ ਫੈਲੀ ਧੂੜ ਦੀ ਗੰਧ
ਮੇਰੇ ਤੱਕ ਆਉਂਦੀ ਹੈ

ਧੂੜ ਦੀ ਗੰਧ
ਜੋ ਸਾਰੀ ਦੁਨੀਆਂ 'ਚ
ਇਕੋ ਜਿਹੀ ਹੈ।

### ਡੈਨਿਸ਼

## ਘਰੇਲੂ ਜੰਗ/ਹੈਨਰਿਕ ਨੌਰਡਬ੍ਰਾਂਟ

ਚੰਦ ਜਿਸ ਤੇ ਚਮਕਣ
ਆਇਆ ਸੀ
ਉਹ ਉਸਨੂੰ ਨਹੀਂ ਮਿਲ ਰਿਹਾ

ਘਰਾਂ ਦੇ ਰੰਗ ਲਹਿ ਗਏ ਹਨ
ਨਦੀਆਂ ਦੇ ਤਲ
ਸੁੱਕ ਗਏ ਹਨ

ਜੁਆਨ ਵਿਧਵਾਵਾਂ
ਭੁੱਲ ਚੁੱਕੀਆਂ ਹਨ

ਧੌਣ ਚੁੱਕ ਝਾਕਣਾ।

### ਜਪਾਨੀ

## ਚੁੰਬਨ/ਸ਼ੁਨਤਾਰੋ ਤਾਨੀਕਾਵਾ

ਉਸ ਪੁਰਾਣੇ ਪੁਰਸ਼ ਦੀ ਗੰਧ ਲੈ
ਘਰ ਆਈ
ਮੈਂ ਉਸਨੂੰ ਚੁੰਮ ਨਾ ਸਕਿਆ
ਉਦੋ ਤੱਕ ਅਸੀਂ,
ਧੁੱਪ 'ਚ ਗਰਮ ਰਜਾਈਆਂ ਲੈ
ਪਏ ਰਹੇ ਨਾਲ ਨਾਲ

ਉਸ ਦਿਨ ਐਨਾ ਸੁੰਦਰ ਮੌਸਮ ਸੀ
ਮੈਂ ਉਸ ਨੂੰ ਚੁੰਮ ਨਾ ਸਕਿਆ

ਉਸਨੇ ਅਪਣੀਆਂ ਛਾਤੀਆਂ
ਮੇਰੇ ਸੀਨੇ ਨਾਲ ਰਗੜ ਦਿੱਤੀਆਂ

ਫੇਰ ਵੀ ਮੈਂ
ਉਸ ਨਾਲ ਉਹ ਨਹੀਂ ਕਰ ਸਕਿਆ
ਮੈਨੂੰ ਲੱਗਾ ਕਿ ਉਹ ਕੋਈ ਹੋਰ
ਔਰਤ ਹੈ
ਜਿਵੇਂ ਅਸੀਂ ਕਦੇ ਮਿਲੇ ਨਾ ਹੋਈਏ
ਫੇਰ ਵੀ
ਉਸਦੀਆਂ ਲੱਤਾਂ 'ਚ ਬਿਨਾ
ਘੁਸੜਿਆਂ
ਉਸ ਦਿਨ
ਐਤਵਾਰ ਵਰਗਾ ਲੱਗ ਰਿਹਾ ਸੀ
ਜਦੋਂ ਮੈਂ ਕੱਲਾ ਮੱਛੀਆਂ ਫੜਣ
ਜਾਂਦਾ ਸਾਂ
ਸਰਦੀਆਂ ਵਿੱਚ ਸੁਹਣੇ ਸੂਰਜ ਨੂੰ
ਵੇਖਦਾ ਸਾਂ
ਤਲਾ ਦੇ ਕਿਨਾਰੇ
ਮੈਂ ਡਰ ਜਾਂਦਾ ਸਾਂ
ਉਦੋਂ ਵੀ ਮੈਂ
ਉਹ ਨਹੀਂ ਕਰ ਸਕਿਆ
ਫੇਰ ਕੁਛ ਚਿਰ ਬਾਅਦ
ਮੈਨੂੰ ਨੀਂਦ ਆਉਣ ਲੱਗੀ
ਰਾਤ
ਘਾਹ ਦੇ ਲੰਮੇ ਚੌੜੇ ਮੈਦਾਨ
ਦੀ ਤਰ੍ਹਾਂ ਸੀ
ਕੋਈ ਜਿੰਨਾ ਮਰਜ਼ੀ ਦੌੜ ਸਕਦਾ ਸੀ
ਕੋਈ ਜਿੰਨਾ ਮਰਜ਼ੀ ਦੌੜ ਸਕਦਾ ਸੀ।

## ਮੌਤ ਤੇ ਅੱਗ/ਸ਼ੁਨਤਾਰੋ ਤਾਨੀਕਾਵਾ

ਹੋਰ ਕੋਈ ਨਹੀਂ ਮਰ ਸਕਦਾ
ਮੇਰੀ ਥਾਂ
ਇਸ ਲਈ
ਮੈਨੂੰ ਹੀ ਮਰਨਾ ਚਾਹੀਦਾ ਹੈ

ਕਿਸੇ ਹੋਰ ਦੀਆਂ ਅਸਥੀਆਂ ਨਹੀਂ
ਮੈਂ ਖ਼ੁਦ ਬਣੂਗਾ ਅਪਣੀਆਂ
ਅਸਥੀਆਂ
ਉਦਾਸ

ਲੋਕਾਂ ਦੀ ਗੱਲਬਾਤ



ਸਵੇਰ ਦੀ ਧੁੰਦ 'ਚ ਭਿੱਜਿਆ
ਮੱਕੜੀ ਦਾ ਜਾਲਾ

ਇਹਨਾਂ ਵਿਚੋਂ ਕਿਸੇ ਨੂੰ ਵੀ
ਨਹੀਂ ਲੈ ਜਾ ਸਕਦਾ ਮੈਂ
ਅਪਣੇ ਨਾਲ

ਸ਼ਾਇਦ
ਮੇਰਾ ਪਸੰਦੀਦਾ ਗੀਤ ਦਿੱਤਾ ਜਾਵੇਗਾ
ਘੱਟੋ ਘੱਟ ਮੈਨੂੰ
ਸੁਨਣ ਲਈ

ਅਪਣੇ
ਫੁੱਲਾਂ (ਅਸਥੀਆਂ) ਦੇ ਕੰਨਾਂ ਨਾਲ।

### ਜਰਮਨ

## ਖੰਭ/ਹੈਲਮੁਟ ਤਸੇਂਕਰ

ਇੱਥੇ ਸੀ ਇੱਕ ਘਰ
ਇੱਥੇ ਸੀ ਤੇਰਾ ਘਰ
ਮੇਰਾ ਸੀ ਇਥੇ ਹੀ

ਇਹ ਸੀ ਸਾਡਾ ਸ਼ਹਿਰ

ਇਹ ਸੀ ਸਾਡਾ ਦੇਸ਼

ਉਹਨਾਂ ਦੀ ਆਤਮਾ ਨੂੰ
ਸ਼ਾਂਤੀ ਮਿਲੇ।

## ਚੁੱਪ ਦੀ ਮੌਜ਼/ਹੈਲਮੁਟ ਤਸੇਂਕਰ

ਕਵਿਤਾਵਾਂ ਵਿੱਚ
ਛੁਪ ਜਾਂਦਾ ਹਾਂ
ਮੈਂ
ਸ਼ਬਦਾਂ ਦੀ ਵਾੜ ਦੇ ਪਿੱਛੇ
ਕਿਉਂਕਿ
ਮੈਂ ਚੁੱਪ ਹਾਂ ਇੱਕ।

### ਕੋਰੀਆ

## ਪਿਆਰ ਜੋ ਘੁਮਾ ਰਿਹਾ ਹੈ ਚੰਦ ਤੇ ਸੂਰਜ /ਚਾਂਵ ਹੁਆਨ ਜਾਂਵ

ਅਪਣੀਆਂ ਅੱਖਾਂ ਨਾਲ
ਅਤੇ ਅਪਣੀਆਂ ਅੱਖਾਂ 'ਚ
ਵੇਖਦੀ ਹੈ
ਇਕ ਕੁੜੀ ਮੈਨੂੰ

ਮੈਂ ਜੋ ਫੜਫੜਾ ਰਿਹਾ ਹਾਂ
ਇੱਕ ਬੰਦੇ ਤੇ ਇੱਕ ਦ੍ਰਿਸ਼
ਵਿਚਕਾਰ

ਬੰਦਾ ਹੋ ਕੇ ਬੋਲਦਾ ਹਾਂ
ਭੱਜੇ ਜਾਂਦੇ ਘੋੜੇ ਵਾਂਗ
ਦ੍ਰਿਸ਼ ਹੋ ਕੇ
ਬੱਸ ਇੱਕ ਬ੍ਰਿਖ ਹਾਂ ਖੜਾ

ਪਿਆਰ ਜੋ
ਘੁਮਾ ਰਿਹਾ ਹੈ ਚੰਦ ਤੇ ਸੂਰਜ
ਅਪਣੀਆਂ ਅਪਣੀਆਂ
ਧੁਰੀਆਂ ਦੁਆਲੇ

ਘੁਮਾ ਰਿਹਾ ਹੈ
ਮੇਰੀਆਂ ਅੱਖਾਂ ਨੂੰ ਵੀ

ਇਹੀ ਕਾਰਨ ਹੈ
ਇੱਕ ਬੰਦਾ ਵੇਖਦਾ ਹੈ ਇੱਕ ਕੁੜੀ ਨੂੰ
ਅਪਣੀਆਂ ਅੱਖਾਂ ਨਾਲ
ਅਪਣੀਆਂ ਅੱਖਾਂ ਵਿੱਚ।

ਯੂਨਾਨੀ

## ਕਿੱਥੇ ਹੈ ਇੱਥੇ ਇਕੱਲਤਾ/
## ਨਿਕੇਫੋਰਾਸ ਵਰੇਤਾਕ੍ਰਾਸ

ਇੱਥੇ ਨਹੀਂ ਇਕੱਲਾਪਨ
ਇਥੇ ਇਕ ਆਦਮੀ
ਟੋਆ ਪੁੱਟ ਰਿਹਾ ਹੈ
ਸੀਟੀ ਵਜਾ ਰਿਹਾ ਹੈ
ਜਾਂ
ਧੋ ਰਿਹਾ ਹੈ ਅਪਣੇ ਹੱਥ
ਇਥੇ ਨਹੀਂ ਇਕੱਲਤਾ
ਇਥੇ ਇਕ ਰੁੱਖ ਅਪਣੇ
ਪੱਤੇ ਹਿਲਾ ਰਿਹਾ ਹੈ
ਇੱਕ ਤਿਤਲੀ
ਫੁੱਲ 'ਤੇ ਬੈਠ ਰਹੀ ਹੈ
ਝੀਲ 'ਚ ਚਮਕ ਰਿਹਾ ਹੈ
ਕੋਈ ਤਾਰਾ
ਇਥੇ
ਅਪਣੀ ਮਾਂ ਦੀਆਂ ਛਾਤੀਆਂ ਫੜੀਂ
ਅਪਣੇ ਸੁਹਣੇ ਬੁੱਲ੍ਹਾਂ ਨਾਲ
ਸੌਂ ਰਿਹਾ ਹੈ ਇੱਕ ਬੱਚਾ
ਇਥੇ ਨਹੀਂ ਹੈ ਇਕੱਲਤਾ।

ਮਲਿਆਲਮ

## ਹੜ੍ਹ/ਅੱਪਾ ਪਾਨੀਕਰ

'ਢਾਈ ਰੁਪਇਆਂ ਤੋਂ ਘੱਟ ਨਹੀਂ'
ਉਸਨੇ ਕਿਹਾ ਤੇ

ਕੱਪੜੇ ਲਾਹ ਕੇ ਘਾਹ 'ਤੇ ਪੈ ਗਈ

ਕੋਈ ਵਿੱਕਰੀ ਕਰ ਨਹੀਂ ਉਸਨੇ
ਰਾਹਤ ਮਹਿਸੂਸ ਕੀਤੀ

ਪੰਜ ਮਿੰਟ ਰਜ ਕੇ ਪਿਆਰ
ਕਰਦੇ ਰਹੇ
ਫਿਰ ਹੜ੍ਹ ਆ ਗਿਆ

ਸਿਰਜਣਾ ਕਦੋਂ ਹੋਵੇਗੀ ?

ਲੱਗਦਾ ਹੈ ਇਹ ਸਿਰਜਣਾਹੀਨ
ਪਿਆਰ ਹੈ
ਉਹ ਉਠ ਕੇ ਜਾਣ ਲੱਗਾ
ਉਸਨੇ ਉਸਦੇ,
ਥੱਕੇ ਚਿਹਰੇ ਨੂੰ ਵੇਖਕੇ ਕਿਹਾ :
ਇਹ ਪੰਜਾਹ ਪੈਸੇ ਫੜੋ
ਬਸ 'ਤੇ ਚਲੇ ਜਾਣਾ
ਅਜਿਹਾ ਕਰਨ ਤੋਂ ਬਾਅਦ
ਤੁਰਕੇ ਜਾਣਾ ਠੀਕ ਨਹੀਂ
ਉਹ ਐਨਾ ਥੱਕ ਗਿਆ ਸੀ
ਸ਼ਾਇਦ
ਠਿਆਨੀ ਫੜ ਨਾ ਸਕਿਆ
ਸਾਰਾ ਰਾਹ ਤੁਰਕੇ ਘਰ ਪੁੱਜਾ
ਘਰ ਦੇ ਬਾਰ 'ਚ ਖੜੀ
ਉਸਦੀ ਮਾਂ
ਕਦੋਂ ਦੀ ਉਡੀਕ ਰਹੀ ਸੀ।

ਬੰਗਲਾ

## ਚਾਬੀ/ਸ਼ੰਖ ਘੋਸ਼

ਜਾਲ੍ਹੀ ਦਸਤਖ਼ਤ ! ਜਾਲ੍ਹੀ ਦਸਤਖ਼ਤ
ਬਣਾ ਲਏ ਮੇਰੇ ਜਾਲ੍ਹੀ ਦਸਤਖ਼ਤ
ਕਹਿੰਦਾ ਕਹਿੰਦਾ ਮੈਂ
ਚੋਰ ਨੂੰ ਫੜਣ ਲਈ ਦੌੜਿਆ
ਪਿੱਛੇ ਮੁੜਕੇ ਕੀ ਵੇਖਦਾ ਹਾਂ
ਉਹ ਤਾਂ ਮੈਂ ਹੀ ਹਾਂ



ਆਹ ਤਾਂ ਮੈਂ ਹੀ ਹਾਂ

ਮੈਂ ਹੀ ਹੌਸਲਾ ਕਰਕੇ
ਬਣਾ ਲਏ ਅਪਣੇ
ਜਾਲ੍ਹੀ ਦਸਤਖ਼ਤ
ਅਪਣੇ ਸਵਰਨਾਸ਼ ਦੀ ਚਾਬੀ
ਜਾਲ੍ਹੀ ਚਾਬੀ
ਖ਼ੁਦ ਮੈਂ ਹੀ ਬਣਾ ਲਈ ਹੈ।

ਹਿੰਦੀ

## ਛੋਟੀਆਂ ਨਜ਼ਮਾਂ/ਡਾ. ਐਨ. ਗੋਪੀ

1.
ਜ਼ਿੰਦਗੀ
ਪੂਰੀ ਨਹੀਂ ਸਮੋ ਸਕਦੀ
ਕਵਿਤਾ 'ਚ
ਕਵਿਤਾ ਨੂੰ ਨਹੀਂ ਹੋਣਾ ਚਾਹੀਦਾ
ਮਹੱਤਵਅਕਾਂਸ਼ੀ
2.
ਮੁੜਕੇ ਦੀ ਹੋਵੇ ਗੰਧ
ਜਾਂ ਹੰਝੂਆਂ ਦੀ ਸੁਗੰਧ
ਜੇਬ ਰੁਮਾਲ ਹੀ ਹੈ
ਰੋਜ਼ਾਨਾ ਕਵਿਤਾ
3.
ਹਾਂ ਦੋਹੇਂ
ਚੜ੍ਹ ਗਏ ਹਾਂ ਵਿਆਹ ਦੀ
ਕਿਸ਼ਤੀ
ਹਾਂ ਹੁਣ ਤਾਂ
ਲਹਿਰਾਂ ਹੀ ਕਰਨਗੀਆਂ
ਕੋਈ ਕਰਤਬ
4.
ਸਭ ਦੇ ਸੌਂ ਜਾਣ ਤੋਂ ਪਿਛੋਂ
ਚੋਰੀ ਟੀ. ਵੀ. ਵੇਖਦੇ
ਬੱਚੇ ਵਾਂਗ
ਲਿਖਦਾ ਹਾਂ ਕਵਿਤਾ

ਭਾਰਤੀ ਅੰਗਰੇਜ਼ੀ

## ਅੰਕੁਰ ਬੇਟਗੇਰੀ ਦੀਆਂ ਕਵਿਤਾਵਾਂ

## ਸ਼ਹਿਰ 'ਚ ਅਜਨਬੀ

ਬੰਗਲੌਰ 'ਚ ਪੈਦਾ ਹੋਇਆ
ਪਰ
ਇਹ ਸ਼ਹਿਰ ਮੇਰਾ ਨਹੀਂ

ਉਹ
ਇਸ ਸ਼ਹਿਰ ਨੂੰ ਵੇਚਦੇ ਹਨ
ਮੈਨੂੰ ਮਜਬੂਰ ਕਰਦੇ ਹਨ
ਖਰੀਦਣ ਲਈ

ਮੈਂ ਉਮਰ ਭਰ ਇਕ ਬੱਝੇ
ਰਾਹ ਤੇ ਤੁਰਨ ਲਈ ਮਜਬੂਰ

ਬੇਗਾਨੇ ਸ਼ਹਿਰ 'ਚ ਬੇਗਾਨਾ ਹਾਂ

ਇਸ ਦੇ ਰੈਸਟੋਰੈਂਟਾਂ 'ਚ
ਮਾਲ 'ਚ ਸਿਨੇਮਾ ਹਾਲ 'ਚ

ਮੈਂ ਇਕ ਟੂਰਿਸਟ ਹਾਂ

ਹਾਂ
ਪੈਸਾ ਸੁਟ ਤਮਾਸ਼ਾ ਵੇਖ
ਤੇ ਤੁਰਦਾ ਬਣ

ਟਿਕਟ ਦੀ ਸ਼ਕਲ 'ਚ
ਖਰੀਦਿਆ ਗਿਆ ਮੈਂ

ਇੱਥੇ
ਜੋ ਸਮਾਂ ਮੇਰਾ ਹੈ
ਜਿੰਨਾ ਵੀ ਹੈ, ਉਨਾ ਵੀ ਨਹੀਂ
ਬਣਾ ਸਕਦਾ ਕੋਈ ਯਾਦ

ਕਿਉਂਕਿ
ਇਸ ਸਮੇਂ ਦੀ ਕੋਈ ਜ਼ਮੀਨ
ਨਹੀਂ ਹੈ-ਜਿਥੇ ਮੈਂ
ਅਪਣੀਆਂ ਜੜ੍ਹਾਂ ਲਾ ਸਕਾਂ

ਮੈਂ ਅਪਣੇ ਆਸੇ ਪਾਸੇ ਖਿੰਡੀਆਂ
ਵਸਤਾਂ ਦੀ ਗੈਰ-ਹਾਜ਼ਰੀ ਵਿੱਚ

ਇਕ ਭਰੂਣ ਬਣ ਸੁੰਗੜਕੇ
ਸੌਂ ਜਾਂਦਾ ਹਾਂ

ਉਹ ਵਸਤਾਂ ਦੀ ਗਰਮੀ ਤੋਂ
ਊਰਜਾ ਲੈਂਦਾ
ਜੋ ਮੇਰੇ ਜਿਉਣ ਦਾ ਹਿੱਸਾ
ਨਹੀਂ ਬਣ ਸਕੀਆਂ।

ਮੈਂ ਕੱਲਾ ਹਾਂ-ਮੁਕਤ
ਕਿੰਨੇ ਚਾਬੀ ਨਾਲ ਚੱਲਣ ਵਾਲੇ
ਕੰਮਾਂ ਕਾਰਾਂ ਦੇ ਹਵਾ ਰਹਿਤ
ਖਾਲੀਪਨ 'ਚ ਝੂਲਦਾ

ਜਦੋਂ ਮੈਂ ਲਿਖਦਾ ਹਾਂ
ਜੋ ਕੁਝ ਉਸ ਬਾਰੇ
ਤਾਂ ਉਸ ਅੰਦਰਲਾ ਅਚੰਭਾ
ਮੈਨੂੰ ਅੰਦਰੋਂ ਛੂੰਹਦਾ ਹੈ
ਇਸ ਤਰ੍ਹਾਂ ਮੈਂ
ਹੌਲੀ ਹੌਲੀ
ਜੀਵੰਤ ਹੋ ਜਾਂਦਾ ਹਾਂ
ਅਤੇ

ਇਹ ਦੁਨੀਆਂ ਮੇਰੇ ਅੰਦਰ
ਜੀਵੰਤ ਹੋ ਜਾਂਦੀ ਹੈ

## ਮੈਂ ਪਾਣੀ ਹਾਂ

ਮੈਂ ਪਿਆਰ ਕਰਨਾ ਤੇ
ਪਿਆਰਿਆ ਜਾਣਾ ਪਸੰਦ
ਕਰਦਾ ਹਾਂ

ਮੈਂ ਹੋਰ ਜ਼ਿਆਦਾ ਪਿਆਰ ਕਰਨਾ
ਪਿਆਰਿਆ ਜਾਣ ਪਸੰਦ
ਕਰਦਾ ਹਾਂ

ਮੈਂ ਹਰ ਥਾਂ ਹੋਣਾ ਪਸੰਦ
ਕਰਦਾ ਹਾਂ
ਹਰ ਕੰਮ ਕਰਨਾ ਪਸੰਦ
ਕਰਦਾ ਹਾਂ

ਮੈਂ ਇਕ ਚਿੰਪਾਂਜੀ ਹਾਂ ਜੋ
ਸੋਚਦਾ ਹੈ, ਸੋਚਦਾ ਹੈ ਤੇ ਬੱਸ
ਸੋਚਦਾ ਹੈ

ਇਸ ਤਰ੍ਹਾਂ ਵਿਚਰਦਾ ਹੈ ਜਿਵੇਂ
ਪੂਰੇ ਬ੍ਰਹਿਮੰਡ ਨੂੰ ਉਸਨੇ
ਜਾਣ ਲਿਆ ਹੋਵੇ

ਮੈਂ ਪਾਣੀ ਹਾਂ ਤੇ
ਸਾਰਿਆਂ ਦੇ ਸਰੀਰਾਂ ਅੰਦਰ
ਵੜ ਜਾਂਦਾ ਹਾਂ

ਜਿਨ੍ਹਾਂ ਨੂੰ ਪਸੰਦ ਕਰਦਾ ਹਾਂ
ਉਹਨਾਂ ਦੇ ਸਾਹਾਂ ਵਿੱਚ
ਥਿਰਕਦਾ ਠਹਿਰ ਜਾਂਦਾ ਹਾਂ

ਮੈਂ ਪਾਣੀ ਹਾਂ ਜਦ
ਖੁਸ਼ ਹੁੰਦਾ ਹਾਂ
ਖਿੰਡ ਜਾਂਦਾ ਹਾਂ
ਹਰ ਥਾਂ ਵਹਿਣ ਲੱਗ ਜਾਂਦਾ ਹਾਂ

ਮੈਂ ਪਾਣੀ ਹਾਂ
ਜਿਥੇ ਖੁਸ਼ੀ ਤੇ ਦਰਦ ਦੇ ਹੰਝੂ ਹਨ
ਮੈਂ ਉਥੇ ਹਾਂ



ਮੈਂ ਪਾਣੀ ਹਾਂ
ਮੇਰਾ ਕੋਈ ਕਿਨਾਰਾ ਨਹੀਂ ਹੈ

ਮੈਂ ਕਿਸੇ ਵੀ
ਚੀਜ਼ਾਂ 'ਚ ਪੂਰਾ ਨਹੀਂ ਭਰਿਆ ਜਾ ਸਕਦਾ
(ਜਿਸ ਵਿਚ ਵੀ ਭਰਿਆ ਜਾਂਦਾ ਹਾਂ
ਬਾਹਰ ਛਲਕਣ ਲੱਗ ਜਾਂਦਾ ਹਾਂ)

ਮੈਂ ਪਾਣੀ ਹਾਂ
ਜਿੱਥੇ ਸੰਸਾਰ ਦੇ ਸਾਰੇ ਬਾਲ
ਅਪਣਾ ਪਹਿਲਾ ਸੁਪਨਾ ਵੇਖਦੇ ਹਨ
ਮੈਂ ਉਥੇ ਹਾਂ

ਮੈਂ ਪਾਣੀ ਹਾਂ
ਅਪਣੇ ਜੰਮੇ ਹੋਏ ਦਿਲ 'ਚੋਂ
ਬਿਜਲੀ ਤੇ ਗਰਜ ਪੈਦਾ
ਕਰਦਾ ਹਾਂ

## ਪਿਆਰ

ਪਿਆਰ ਤੇਰੇ ਅੰਦਰੋਂ
ਥੋੜੀ ਜੀ ਤੋੜ ਲੈਂਦੈ... ਤੈਨੂੰ
ਤੇ
ਮੇਰੇ ਅੰਦਰੋਂ.... ਮੈਨੂੰ ਥੋੜਾ ਜਿਹਾ

ਛੱਡ ਦਿੰਦਾ ਹੈ-ਇਹਨਾਂ ਨੂੰ
ਅਨੰਤ ਵਿੱਚ
ਜਿਵੇਂ
ਬਸੰਤੀ ਹਵਾ 'ਚ
ਫੁੱਲਾਂ ਦੀਆਂ ਪੰਖੜੀਆਂ

ਪਿਆਰ ਬੱਸ
ਇਹੀ ਤਾਂ ਕਰਦਾ ਹੈ

ਫਿਜ਼ਾ 'ਚ ਬੱਸ ਇਕ ਮਹਿਕ
ਕਹਿ ਜਾਂਦੀ ਹੈ

ਮੇਰੀਆਂ ਨਾੜਾਂ 'ਚ ਲਹੂ ਜਿਉਣ
ਲਗ ਜਾਂਦਾ ਹੈ।

ਜਦੋਂ
ਤੇਰੇ ਅੰਦਰਲੀ 'ਤੂੰ'
ਮੇਰੇ ਅੰਦਰਲੇ 'ਮੈਂ' ਨੂੰ
ਮਿਲਦੀ ਹੈ

ਫੈਲਦੀ ਹੈ
ਮਧਮ ਧੁਨਾਂ ਵਾਂਗ
ਸਮੇਂ ਦੀ ਸ਼ਿੰਫ਼ਨੀ 'ਚ

## ਜੰਗਲੀ ਬੋਗਨਵਿਲੀਆ/
## ਕਮਲਾ ਦਾਸ

ਕੋਈ ਸਮਾਂ ਸੀ-ਜਦੋਂ ਮੈਂ
ਕਲਕੱਤੇ ਵਿੱਚ ਉਦਾਸ ਸੀ

ਗਰਮੀ ਦੇ ਭੈੜੇ ਉਦਾਸ ਦਿਨ
ਹੌਲੀ ਹੌਲੀ ਗੁਜਰ ਰਹੇ ਸਨ

ਮਰਗਤ 'ਤੇ ਮਾਤਮ 'ਚ
ਜਾ ਰਹੇ ਹੋਣ ਜਿਵੇਂ

ਬਿਸਤਰ ਵਿੱਚ ਵੀ ਆਰਾਮ
ਨਹੀਂ ਸੀ
ਮੈਂ ਉਸਲ ਵੱਟੇ ਲੈਂਦੀ ਰਹਿੰਦੀ

ਤੂਫਾਨੀ ਸਮੁੰਦਰ ਵਾਂਗ
ਅਪਣੀਆਂ ਲਹਿਰਾਂ 'ਤੇ

ਮੈਂ ਕਿੰਨਾ ਕਰ੍ਹਾਉਂਦੀ ਸੀ
ਤਪੜਦੀ ਸੀ

ਤਰਸਦੀ ਸੀ

ਕਿਸੇ ਦੂਜੇ ਸ਼ਹਿਰ ਦੇ
ਇੱਕ ਬੰਦੇ ਲਈ....

ਫੇਰ ਮੇਰਾ ਪਿਆਰ
ਕੁਮਲਾ ਗਿਆ
ਕਿਉਂਕਿ ਮੈਂ
ਦੂਰ ਦੂਰ ਤੱਕ ਘੁੰਮਣ ਜਾਣ
ਲੱਗੀ ਸੜਕਾਂ 'ਤੇ
ਜੋ ਮੈਂ ਪਹਿਲਾਂ ਨਹੀਂ ਸੀ ਵੇਖੀਆਂ

ਕਈ ਸ਼ਕਲਾਂ ਵੇਖੀਆਂ
ਜਿਨ੍ਹਾਂ ਦੀ ਸੁੰਦਰਤਾ ਨੇ ਮੈਨੂੰ
ਖਿੱਚਿਆ

ਇਹ ਦੁਨੀਆਂ ਚੰਗੀ ਹੈ ਤੇ
ਅਨੰਦ ਭਰਪੂਰ ਵੀ

ਮੈਂ ਚਲਦੀ ਰਹੀ ਸਮੁੰਦਰ ਦੇ
ਕਿਨਾਰੇ ਕਿਨਾਰੇ ਜਿੱਥੇ
ਹਾਊਸ ਬੋਟ ਚਲਦੀ ਰਹਿੰਦੀ ਹੈ

ਹਾਊਸ ਬੋਟ ਦੇ ਥੱਲੇ 'ਤੇ
ਕੂੜੇ ਕਰਕਟ ਦੀ ਸੜਾਂਦ
ਮਰੀਆਂ ਮੱਛੀਆਂ ਦਾ ਮੁਸ਼ਕ

ਮੇਰੇ ਨੱਕ 'ਚ ਮਰਦੀਆਂ ਚੀਜ਼ਾਂ
ਦੀ ਦੁਰਗੰਧ ਆਈ
ਸੜਦੀਆਂ ਲਾਸ਼ਾਂ ਦੀ ਬੋਝਿਲ
ਸੜਾਂਦ

ਮੈਂ ਉਹਨਾਂ ਸੜਕਾਂ ਤੇ ਚਲਦੀ ਰਹੀ
ਜਿਥੇ
ਵੇਸਵਾਵਾਂ ਅਪਣੀਆਂ ਨਕਲੀਆਂ ਛਾਤੀਆਂ
ਵਿਖਾਉਂਦੀ ਫਿਰ ਰਹੀਆਂ ਸਨ

ਮਰਦਾਂ ਤੇ ਅਪਣੀਆਂ ਕਾਮੀ ਮੁਸਕਾਨਾ
ਵਖੇਰਦੀਆਂ

ਪੀਲੀਆਂ ਬੱਤੀਆਂ ਥੱਲੇ ਫਿਰਦੀਆਂ
ਮੈਂ ਚਲਦੀ ਰਹੀ
ਕਬਰਸਤਾਨਾਂ ਵਾਲੇ ਰਾਹਾਂ 'ਤੇ
ਜਿਥੇ
ਮੁਰਦੇ ਐਨੇ ਮਰ ਚੁੱਕੇ ਸਨ
ਕਿ
ਉਹਨਾਂ ਦੀਆਂ ਸਮਾਧੀਆਂ ਤੇ
ਉਹਨਾਂ ਦੇ ਨਾਂਅ ਮਿਟ ਗਏ ਸਨ
ਮੀਂਹ ਨਾਲ

ਹੁਣ ਫਿੱਕੇ ਦਿੱਸ ਰਹੇ ਸਨ
ਪੀਲੇ ਪੁਰਾਣੇ ਦੰਦਾਂ ਵਾਂਗ

ਹੁਣ ਉਨ੍ਹਾਂ ਲਈ ਨਾ ਕੋਈ
ਫੁੱਲ ਲਿਆਉਂਦਾ ਹੈ
ਨਾ ਕੋਈ ਇਕ ਅੱਥਰੂ

ਪਰ
ਮੈਂ ਵੇਖੇ ਉਹਨਾਂ ਕੋਲ
ਖਿੜਦੇ ਗੇਂਦੇ ਦੇ ਫੁੱਲ ਤੇ
ਲਾਲ ਸੁਰਖ਼ ਜੰਗਲੀ ਬੋਗਨਵਿਲੀਆ
ਮਿਨਾਰਾਂ ਤੇ ਚੜ੍ਹਦੀ ਹੋਈ

ਮੈਂ ਚਲਦੀ ਗਈ
ਮੈਂ ਵੇਖਿਆ
ਮੈਂ ਸੁਣਿਆ
ਉਹ ਸ਼ਹਿਰ ਮੇਰੇ ਲਈ
ਆਪਣੇ ਆਪ ਨੂੰ ਉਜਲਾ
ਬਣਾ ਰਿਹਾ ਸੀ

ਇੱਕ ਵਿਸ਼ੇਸ਼ ਛੂਹ ਲਈ
ਮੇਰੀ ਲਾਲਸਾ ਹੁਣ



ਨਿਰਬਲ ਹੋ ਗਈ ਸੀ

ਇੱਕ ਦਿਨ ਮੈਂ
ਉਹਦੇ ਲਈ ਗੁਲਾਬ ਦੇ ਫੁੱਲ
ਭੇਜ ਦਿੱਤੇ

ਪੂਰੀ ਰਾਤ
ਸੁਪਨਾ ਰਹਿਤ ਚੈਨ ਦੀ ਨੀਂਦ
ਸੁੱਤੀ

ਸਵੇਰੇ ਉਠੀ
ਹਲਕੀ ਹਲਕੀ
ਮੁਕਤ ਮੁਕਤ

## ਗੰਗਾ/ਨਿਸੀਮ ਇਜ਼ੇਕੇਅਲ

ਅਸੀਂ ਨੌਕਰਾਂ ਪ੍ਰਤੀ
ਅਪਣੀ ਦਰਿਆਦਿਲੀ ਦਾ
ਵਿਖਾਵਾ ਕਰਦੇ ਹਾਂ

ਉਹ ਔਰਤ ਜੋ ਸਾਡੇ
ਭਾਂਡੇ ਮਾਂਜਦੀ ਹੈ
ਸਾਨੂੰ
ਉਸਦੇ ਚਾਲ ਚੱਲਣ ਤੇ ਸ਼ੱਕ ਹੈ
ਪਰ ਅਸੀਂ ਉਸਨੂੰ ਕੱਢਦੇ ਨਹੀਂ

ਉਸਨੂੰ ਬੇਹੀ ਚਾਹ ਦਾ ਗਲਾਸ
ਦੇਂਦੇ ਹਾਂ ਰੋਜ਼
ਨਾਲ ਹੀ ਇਕ ਬੇਹੀ ਰੋਟੀ

ਸਾਲ 'ਚ ਇੱਕ ਪੁਰਾਣੀ ਸਾੜ੍ਹੀ
ਇੱਕ ਬਲਾਊਜ, ਜਿਸਦੇ ਬਦਲੇ
ਇੱਕ ਭਾਂਡਾ ਲੈ ਸਕਦੇ ਸਾਂ
ਇਸ ਤੋਂ ਬਿਨਾਂ ਉਹ
ਟੁੱਟੇ ਪੈਸੇ ਲੈਂਦੀ ਰਹਿੰਦੀ ਹੈ
ਕਦੇ ਕਦੇ

ਪਾਨ ਖਰੀਦਣ ਲਈ ਜਾਂ
ਬੱਚਿਆਂ ਲਈ ਟੌਫ਼ੀਆਂ

ਅਪਣੇ ਨਾਲ ਉਹ ਇੱਕ
'ਦੁਰਗੰਧ'
ਲੈ ਕੇ ਆਉਂਦੀ ਹੈ ਤੇ
ਉਸਨੂੰ ਅਪਣੇ ਪਿੱਛੇ
ਛੱਡ ਜਾਂਦੀ ਹੈ
'ਕੁਝ ਨੀ ਸਿੱਖ ਸਕਦੇ ਇਹ ਲੋਕ'

## ਔਰਤ ਜਾਤ/ਗੌਰੀ ਦੇਸ਼ਪਾਂਡੇ

ਜਦੋਂ ਤੁਸੀਂ ਪਿਆਰ, ਮਾਯੂਸੀ
ਤੇ ਬੱਚਿਆਂ ਦੀ ਅਕ੍ਰਿਤਗਤਾ ਦੀ
ਗੱਲ ਕਰਨੀ ਚਾਹੁੰਦੀਆਂ ਹੋ ਤਾਂ

ਮਰਦ ਕੁਝ ਨਹੀਂ ਜਾਣਦੇ
ਲੋੜ ਪੈਂਦੀ ਹੈ ਤੁਹਾਨੂੰ
ਮਾਂ ਦੀ, ਭੈਣ ਦੀ ਜਾਂ
ਤੁਹਾਡੀ ਸਕੂਲ ਸਮੇਂ ਦੀ ਸਹੇਲੀ
ਤੁਹਾਡਾ ਪਹਿਲਾ ਪਿਆਰ

ਉਸਦਾ ਪਹਿਲਾ ਬੱਚਾ-ਇੱਕ ਬੇਟੀ
ਤੇ ਤੁਹਾਡਾ ਦੂਜਾ

ਤੁਸੀਂ ਉਸਦੇ ਕੋਲ ਬਹਿੰਦੀ ਹੋ
ਤੁਸੀਂ ਗੱਲਾਂ ਕਰਦੀਆਂ ਹੋ
ਉਹ ਸਿਲਾਈ ਮਸ਼ੀਨ ਚਲਾਉਂਦੀ ਹੈ
ਤੁਸੀਂ ਕੁਝ ਪੀ ਲੈਂਦੇ ਹੋ

ਤੁਸੀਂ ਆਪਸ ਵਿੱਚ ਗੱਲਾਂ
ਕਰਦੀਆਂ ਹੋ

ਚੌਲਾਂ ਦੇ ਭਾਅ ਦੀਆਂ
ਚਾਹ ਦੀਆਂ ਕੀਮਤਾਂ ਦੀਆਂ

ਤੁਸੀਂ ਦੋਹੋਂ ਜਾਣਦੀਆਂ ਹੋ
ਤੁਸੀਂ ਗੱਲਾਂ ਕੀਤੀਆਂ
ਪਿਆਰ ਦੀਆਂ
ਮਾਯੂਸੀ ਦੀਆਂ
ਬੱਚਿਆਂ ਦੀ
ਅਕ੍ਰਿਤਗਤਾ ਦੀਆਂ।

## ਮੈਂ ਭੱਜਣਾ ਨਹੀਂ ਚਾਹੁੰਦਾ/ ਅਜਾਇਬ ਸਿੰਘ ਹੁੰਦਲ

ਕਿਸੇ ਵੀ ਪਿੰਜਰੇ ਦਾ ਦਰਵਾਜ਼ਾ
ਉਹ ਆਪ ਤਾਂ ਖੁੱਲ੍ਹਾ ਛੱਡ ਸਕਦਾ ਸੀ
ਖੁੱਲ੍ਹਾ ਰਹਿ ਨਹੀਂ ਸੀ ਸਕਦਾ।

ਉਸ ਦਿਲ ਦਰਵਾਜ਼ਾ ਖੁੱਲ੍ਹਾ ਰਹਿਣ ਕਰਕੇ,
ਮੇਰੇ ਮਨ ਵਿਚ ਕਈ ਸਵਾਲ ਉਠ ਖਲੋਤੇ,
ਕਈ ਸ਼ੰਕੇ ਪੈਦਾ ਹੋ ਗਏ।
ਮੈਂ ਦਿਨ ਭਰ ਦਰਵਾਜ਼ੇ ਵੱਲ ਵੇਖਦਾ ਰਿਹਾ,
ਨਾ ਉਹ ਦਰਵਾਜ਼ਾ ਬੰਦ ਕਰਨ ਆਇਆ,
ਨਾ ਮੈਂ ਪਿੰਜਰੇ ਵਿਚੋਂ ਬਾਹਰ ਗਿਆ,
ਤੇ ਹਨੇਰਾ ਹੋਣ ਤੋਂ ਪਹਿਲਾਂ,
ਖੁੱਲ੍ਹਾ ਦਰਵਾਜ਼ਾ ਮੈਂ ਆਪ ਢੋ ਲਿਆ।

ਅਗਲੀ ਸਵੇਰ ਜਦ ਉਹ ਆਇਆ,
ਉਹ ਰੋਣ ਨਾ ਪੀਣ ਨੂੰ ਪਾਣੀ ਸੀ,
ਨਾ ਖਾਣ ਵਾਲੀ ਕੋਈ ਚੀਜ਼,
ਚਿਹਰੇ ਤੇ ਕੁਝ ਸਵਾਲ ਜ਼ਰੂਰ ਸਨ,
ਮੇਰੇ ਪਿੰਜਰੇ ਅੰਦਰ ਹੋਣ ਬਾਰੇ,
ਢੁਕੇ ਹੋਏ ਦਰਵਾਜ਼ੇ ਬਾਰੇ।

ਉਹ ਦਰਵਾਜ਼ਾ ਖੋਲ੍ਹ ਕੇ ਪੁੱਛਣ ਲੱਗਾ,
ਮੈਂ ਦਰਵਾਜ਼ਾ ਖੁੱਲ੍ਹਾ ਛੱਡ ਗਿਆ ਸਾਂ,
ਤੂੰ ਭੱਜ ਕਿਉਂ ਨਹੀਂ ਗਿਆ?
ਮੈਂ ਕਿਹਾ ਮੈਂ ਭੱਜਣਾ ਨਹੀਂ ਚਾਹੁੰਦਾ,
ਭੱਜਿਆ ਹੋਇਆ ਬੰਦਾ ਆਜ਼ਾਦ ਨਹੀਂ ਹੁੰਦਾ,
ਮੈਂ ਆਜ਼ਾਦ ਹੋਣਾ ਚਾਹੁੰਦਾ ਹਾਂ,
ਇਸ ਪਿੰਜਰੇ ਵਿੱਚ ਵੀ,
ਉਸ ਪਿੰਜਰੇ ਵਿੱਚੋਂ ਦੀ,
ਜਿਸ ਨੂੰ ਕੋਈ ਅਸਮਾਨ ਕਹਿੰਦਾ ਹੈ,
ਕੋਈ ਖੁਸ਼ ਕਹਿੰਦਾ ਹੈ,
ਤੇ ਕੋਈ ਬ੍ਰਹਿਮੰਡ ਵੀ।

ਮੈਂ ਜਾਣਦਾ ਹਾਂ
ਤੂੰ ਮੇਰਾ ਪਿੰਜਰਾ ਬਦਲਣਾ ਚਾਹੁੰਦਾ ਏਂ।
ਪਰ ਮੈਂ ਆਜ਼ਾਦ ਹੋਣਾ ਚਾਹੁੰਦਾ ਹਾਂ।
ਇਸ ਪਿੰਜਰੇ ਵਿੱਚੋਂ ਦੀ,
ਉਸ ਪਿੰਜਰੇ ਵਿਚੋਂ ਵੀ....।

## ਕਿੰਨਾ ਜ਼ਰੂਰੀ ਹੁੰਦੈ../ਅਮੀਆ ਕੁੰਵਰ

ਕਿੰਨਾ ਜ਼ਰੂਰੀ ਹੁੰਦਾ ਏ....
ਸੁਪਨਿਆਂ ਦੀ ਸ਼ਿਰਕਤ ਲਈ
ਖ਼ਿਆਲਾਂ ਦੀ ਹਰਕਤ ਲਈ
ਰਿਸ਼ਤਿਆਂ ਦੀ ਨਿਸਬਤ ਲਈ...

ਕਿੰਨਾ ਜ਼ਰੂਰੀ ਹੁੰਦਾ ਏ...
ਜ਼ਖ਼ਮਾਂ 'ਤੇ ਹੱਸਣ ਲਈ
ਮਨ ਦੀ ਦੱਸਣ ਲਈ
ਆਪੋਂ ਘਰੀਂ ਵੱਸਣ ਲਈ...

ਕਿੰਨਾ ਜ਼ਰੂਰੀ ਹੁੰਦਾ ਏ...
ਜੀਉਣ ਦੇ ਚੱਜ ਲਈ
ਰੂਹ ਦੇ ਰੱਜ ਲਈ
ਸਕੂਨ ਦੇ ਪੱਜ ਲਈ...

ਕਿੰਨਾ ਜ਼ਰੂਰੀ ਹੁੰਦਾ ਏ....
ਖੁੱਲ੍ਹੇ ਸਾਹਾਂ ਲਈ
ਅੰਦਰਲੀਆਂ ਥਾਹਾਂ ਲਈ
ਦਿਲ ਦੀਆਂ ਜਾਹਾਂ ਲਈ...

ਕਿੰਨਾ ਜ਼ਰੂਰੀ ਹੁੰਦਾ ਏ...
ਸਾਲਮ ਖੜ੍ਹੋਨ ਲਈ



ਚੈਨ ਨਾਲ ਸੌਣ ਲਈ
ਆਪੇ ਦਾ ਹੋਣ ਲਈ

ਸੱਚ, ਕਿੰਨਾ ਜ਼ਰੂਰੀ ਹੁੰਦਾ ਏ
ਚੋਰ ਮੋਰੀਆਂ ਦਾ ਹੋਣਾ....

## ਗੋਲੀ ਦਾ ਹਲਫ਼ੀਆ ਬਿਆਨ/ ਦੇਵਨੀਤ

ਇੱਕ ਗੋਲੀ ਚੱਲੀ
ਦੋ ਆਵਾਜ਼ਾਂ ਆਈਆਂ :
ਇੱਕ ਦਹਿਸ਼ਤਗਰਦ ਢੇਰ
ਇੱਕ ਹੋਰ ਸ਼ਹੀਦ
ਗਰਮ ਗੋਲੀ ਸੋਚਣ ਲੱਗੀ :
ਮੁੰਡਾ ਤਾਂ ਇੱਕ ਮਰਿਆ ਹੈ
ਕਿਸਨੇ ਮਾਰਿਐ ਮੁੰਡਾ
ਮੈਂ?
ਕਿ
ਟੇਢੀ ਉਂਗਲ ਨੇ
ਠੰਢੀ ਗੋਲੀ ਝਿੜਕਣ ਲੱਗੀ :
ਟੇਢੀ ਉਂਗਲ ਸਿੱਧੀ ਰੱਖੋ
ਮੈਨੂੰ
ਬੰਟੇ ਖੇਡਦੇ ਬੱਚਿਆਂ ਦੇ
ਬੰਟਿਆਂ ਵਿੱਚ ਛੱਡ ਦੇਉ।

## ਡੱਬੀਦਾਰ ਖੇਸ/ਗੁਰਪ੍ਰੀਤ

ਦੁਪਹਿਰ ਦੀ ਰੋਟੀ
ਸੁਆਦ ਐਨੀ
ਮੈਂ ਥੋੜ੍ਹੀ ਭੁੱਖ ਰੱਖ ਖਾਦੀ
ਤੇ ਉਹਨੂੰ ਆਖਣ ਲੱਗਿਆ

ਸਾਰੇ ਸੁੱਖ ਖੁਸ਼ੀਆਂ ਪਿਆਰ
ਤੇਰੇ ਤੋਂ ਵਾਰਦਾ ਹਾਂ

ਉਹ ਚੁੱਪ ਰਹੀ ਘੜੀ ਪਲ
ਫਿਰ ਥੋੜ੍ਹਾ ਮੁਸਕਰਾਈ
ਫਿਰ ਝੱਲੀ ਹੋ ਉੱਠੀ
ਤੇ ਆਖਣ ਲੱਗੀ

ਥੋੜ੍ਹਾ ਚਿਰ ਪਹਿਲਾਂ ਖਾਦਾ ਖਾਣਾ
ਭੁੱਲ ਵੀ ਗਿਆ
ਸ਼ਾਮ ਹੋਣ 'ਚ ਅਜੇ ਦੇਰ ਹੈ
ਤੈਨੂੰ ਤਾਂ ਭੋਰਾ ਭਰ ਵੀ ਸਮਝ ਨਹੀਂ

ਜਦੋਂ ਮਿਰਚ ਖਾਦੀ ਤਾਂ ਗੁੜ ਮੰਗਿਆ
ਖੀਰ ਖਾਦੀ ਤਾਂ ਸਬਜ਼ੀ ਦਾ ਚਮਚਾ ਲਾਇਆ

ਨਹੀਂ ਚਾਹੀਂਦਾ ਮੈਨੂੰ
ਪਿਆਰ ਇਕੱਲਾ
ਖੁਸ਼ੀਆਂ ਤੇ ਸੁੱਖ
ਮੈਨੂੰ ਤੂੰ ਸੁੱਖ ਨਾਲ ਦੁੱਖ ਵੀ ਦੇ
ਖੁਸ਼ੀਆਂ ਨਾਲ ਗਮ ਵੀ
ਮੈਨੂੰ ਨਹੀਂ ਚਾਹੀਂਦਾ
ਖਰਾ ਬੰਦਾ
ਤੂੰ ਥੋੜ੍ਹਾ ਜਿਹਾ ਖੋਟਾ ਵੀ ਹੋ ਜਾਂ

ਮੈਂ ਖੀਵਾ
ਅੰਦਰੇ ਅੰਦਰ ਨਚਦਾ
ਆਖਦਾ ਉਹਨੂੰ
ਮੈਂ ਲਿਖਦਾ ਹਾਂ
ਪਿਆਰ ਉਸ 'ਚ ਤੂੰ ਭਰਦੀ ਹੈਂ॥

**ਕਹਾਣੀਆਂ**

## ਬਬਲੀ/ਗੁਲ ਚੌਹਾਨ

ਉਹ ਧਾ ਕੇ ਅੱਗੇ ਵਧੀ ਅਤੇ ਉਸਨੂੰ ਅਪਣੀਆਂ ਬਾਹਾਂ 'ਚ ਭਰਕੇ, ਅਪਣੇ ਮੂੰਹ ਨਾਲ ਉਸਦਾ ਮੂੰਹ ਬੰਦ ਕਰ ਦਿੱਤਾ।

ਜਾਦੂ ਨੂੰ ਸੋਚਣ ਦਾ ਸਮਾਂ ਹੀ ਕਿਥੇ ਦਿੱਤਾ ਸੀ, ਉਸ ਹਵਾ ਹਨੇਰੀ ਨੇ।

ਥਾੜ ਦੇ ਕੇ ਦਰਵਾਜ਼ਾ ਖੁੱਲ੍ਹਾ ਸੀ, ਤਾਂ ਉਹ ਤ੍ਰਬਕ ਕੇ ਖੜ ਗਿਆ ਸੀ। ਕਦੀ ਘੜੀ ਵੱਲ ਵੇਖ ਰਿਹਾ ਸੀ, ਕਦੀ ਖੁੱਲ੍ਹੇ ਹੋਏ ਦਰਵਾਜ਼ੇ ਵੱਲ। ਇਕ ਪੱਲ ਉਸਦਾ ਦਿਲ ਕੀਤਾ ਉਸਨੂੰ ਕਹੇ-ਤੂੰ ਵਾਅਦਾ ਕੀਤਾ ਸੀ ਅੱਗੇ ਤੋਂ ਪਿਆਜ਼ ਅਤੇ ਹਰੀਆਂ ਮਿਰਚਾਂ ਦੀ ਚਟਣੀ ਨਹੀਂ ਖਾਕੇ ਆਵਾਂਗੀ। ਪਰ ਚੁੱਪ ਰਿਹਾ। ਖਵਰੇ ਕੀ ਮਿਲ ਜਾਏ ਅੱਗੋਂ ਸੁਨਣ ਲਈ।

ਉਸਦੀਆਂ ਭਾਰੀ ਭਰਕਮ ਬਾਹਾਂ ਵਿਚ ਕੱਸਿਆ ਜਾਦੂ, ਨਾ ਛੁੱਟਣਾ ਚਾਹ ਰਿਹਾ ਸੀ, ਨਾ ਫੜਿਆ ਰਹਿਣਾ। ਕੁਝ ਬੰਦੇ ਬਣੇ ਹੀ ਇਸ ਤਰ੍ਹਾਂ ਦੀ ਮਿੱਟੀ ਦੇ ਹੁੰਦੇ ਹਨ। ਕਈਆਂ ਦਾ ਤਾਂ ਡੀਲ ਡੌਲ਼ ਹੀ ਕੁਝ ਇੰਝ ਦਾ ਹੁੰਦਾ ਹੈ। ਉਹ ਹੋਣ ਤਾਂ ਫਿਰ ਤੁਸੀਂ ਕੁਝ ਨਹੀਂ ਕਰਨਾ ਹੁੰਦਾ ਉਹੀ ਕਰਨ ਜੋ ਕਰਨਾ ਹੈ। ਤੁਸੀਂ ਪਿੱਛੇ ਪਿੱਛੇ ਤੁਰਨਾ ਹੁੰਦਾ ਹੈ। ਤੁਸੀਂ ਬੱਸ ਉਡੀਕਣਾ ਹੁੰਦਾ ਹੈ।

ਇੰਨੀ ਖੁਸ਼ ਕਦੀ ਵੀ ਨਜ਼ਰ ਨਹੀਂ ਸੀ ਆਈ ਬਬਲੀ। ਇੰਨੀ ਬੇਰਹਿਮ, ਇੰਨੀ ਬੇਲਗਾਮ। ਹਮੇਸ਼ਾ ਵਾਲੀ ਹੁਸ਼ਿਆਰੀ, ਚੌਕੰਨੇਪਨ ਦੀ ਥਾਂ, ਭੋਰਾ ਡਰ ਭੈ ਨਾ ਕਿ ਜੇ ਕੋਈ ਇਸ ਪੱਲ ਆ ਜਾਏ, ਵੇਖ ਲਏ ਇਸ ਤਰ੍ਹਾਂ ਦੋਹਾਂ ਨੂੰ ਇਕ ਦੂਜੇ ਦੀਆਂ ਬਾਹਾਂ ਵਿਚ। ਬਿਜਲੀ ਦੀ ਨਗਨ ਤਾਰ ਹੋਵੇ ਜਿਵੇਂ, ਕਿਸੇ ਵੀ ਧਾਂਤ ਦੀ ਚੀਜ਼ ਨਾਲ ਉਲਝਣ ਲਈ ਤਿਆਰ। ਆਫਿਸ ਹੈ ਆਖਿਰ, ਲਿਫਟ ਜਾਂ ਕਿਸੇ ਦੋਸਤ ਦਾ ਘਰ ਤਾਂ ਨਹੀਂ। ਤੇਜ਼ ਤੇਜ਼ ਸਾਹ ਲੈ ਰਹੀ ਸੀ ਉਹ। ਜਿਵੇਂ ਕਿਸੇ ਸਵਰਗ 'ਚੋਂ ਅੱਗ ਚੁਰਾ, ਲਾਲ ਸੂਹੀ ਹੋਈ , ਰਾਹ ਵਿਚ ਬਿਨਾਂ ਰੁਕੇ, ਸਿਰ ਤੋੜ ਦੌੜੀ ਆਈ ਸੀ, ਇਥੋਂ ਤਕ।

ਜਿਵੇਂ ਕਾਪੀ ਰਾਈਟਰ ਮਹੇਸ਼ ਆਖਦਾ ਹੁੰਦਾ ਹੈ, ਇਸ ਵਕਤ ਉਹ ਸੱਚ ਮੁਚ ਹੀ ਅੱਖਾਂ ਨਾਲ ਮਿਰਚਾਂ ਭੋਰਦੀ ਨਜ਼ਰ ਆਉਂਦੀ ਸੀ।

ਅਕਸਰ ਇਸ ਤਰ੍ਹਾਂ ਹੁੰਦਾ ਨਹੀਂ। ਬਬਲੀ ਦੀ ਬਹਾਦੁਰੀ ਵਿਚ ਬਰੀਕੀਆਂ ਵੀ ਸ਼ਾਮਿਲ ਰਹਿੰਦੀਆਂ ਹਨ।

-ਮੂੰਹ ਤੋਂ ਮੂੰਹ ਹਟਾ, ਉਸਦੀ ਛਾਤੀ ਚੁੰਮਣ ਲੱਗੀ।

-ਛੱਡ ਯਾਰ, ਆ ਜਾਏਗਾ ਕੋਈ। ਕਾਰੀਡੋਰ 'ਚ ਕੁਝ ਆਵਾਜ਼ਾਂ ਨੇੜੇ ਆਉਂਦੀਆਂ ਸੁਣੀਆਂ ਤਾਂ ਜਾਦੂ ਨੇ ਬਬਲੀ ਦੀਆਂ ਬਾਹਾਂ ਦੀ ਪੀਡੀ ਪਕੜ 'ਚੋਂ ਨਿਕਲਣਾ ਚਾਹਿਆ।

-ਆ ਜਾਣ ਦੇ, ਜਿਹੜਾ ਵੀ ਆਉਂਦਾ ਹੈ ਅੱਜ। ਤੈਨੂੰ ਪਤਾ ਨਹੀਂ ਕਿੰਨੀ ਖੁਸ਼ ਹਾਂ, ਮੈਂ। ਜਾਦੂ ਮਜ਼ਾ ਆ ਗਿਆ, ਭੈਣ ਦੀ ਰਾਜਨ ਦੀ ਨੂੰ, ਅੱਜ ਮੈਂ ਰੰਗੇ ਹੱਥੀਂ ਫੜ ਲਿਆ ਉਸਨੂੰ। ਉਸ ਵਕਤ ਮੂੰਹ ਵੇਖਣ ਵਾਲਾ ਸੀ ਉਸਦਾ। ਇੰਨਾ ਲੰਮਾ ਨਰਕ ਭੋਗਿਆ ਏ ਮੈਂ, ਪੰਦਰਾਂ ਸਾਲ ਹੋ ਗਏ ਨੇ ਮੈਨੂੰ ਡਰਦੀ ਨੂੰ। ਮੇਰੀ ਜਾਸੂਸੀ ਕਰੀ ਜਾਂਦਾ ਸੀ। ਚੌਵੀ ਘੰਟੇ, ਉਠਦੇ, ਬੈਠਦੇ, ਇੱਕੋ ਗੱਲ-ਤੂੰ ਕਿਹਦੇ ਕਿਹਦੇ ਨਾਲ ਖੇਹ ਖਾਂਦੀ ਰਹੀਂ ਏਂ। ਵਿਆਹ ਤੋਂ ਪਹਿਲਾਂ ਕਿਹਦੇ ਕਿਹਦੇ ਨਾਲ ਸੁੱਤੀ ਸੈਂ। ਹੁਣ ਕਿਹਦੇ ਕਿਹਦੇ ਨਾਲ ਹਨ ਤੇਰੇ ਸੰਬੰਧ। ਤੇਰਾ ਨਾਂ ਲੈਂਦਾ ਹੁੰਦਾ ਸੀ। ਮੈਂ ਸੋਚਦੀ ਹੁੰਦੀ ਸਾਂ ਮੇਰੇ ਨਾਲ ਸਿਨਸੀਅਰ ਹੈ, ਇਸ ਲਈ ਮੇਰੇ ਤੇ ਸ਼ੱਕ ਕਰਦਾ ਹੈ। ਡਰਦਾ ਹੈ, ਕਿਉਂਕਿ ਮੈਂ ਸੁਹਣੀ ਹਾਂ। ਥੈਂਕ ਗਾਡ ਅੱਜ ਮੈਂ ਮੁਕਤ ਹੋ ਗਈ ਆਂ। ਮੈਂ ਸੋਚਦੀ ਹੁੰਦੀ ਸਾਂ ਮੈਂ ਹੀ ਗੰਦੀ ਹਾਂ। ਮੇਰਾ ਘਰ ਵਾਲਾ



ਸ਼ਰੀਫ ਹੈ। ਤੇ ਮੈਂ ਹਾਂ ਕਿ ਕਦੀ ਡਾਕਟਰ ਨਿਖਿਲ ਨਾਲ, ਕਦੀ ਜਾਦੂ ਨਾਲ...। ਤੇ ਉਹ ਵੀ ਇਹਦੀ ਜੁਬਾਨ, ਇਸਦੇ ਤਾਹਨਿਆਂ ਦੇ ਦੁੱਖੋਂ। ਜੇ ਤੂੰ ਮੇਰੀ ਜਾਨ ਖਾਣੋਂ ਹਟਣਾ ਹੀ ਨਹੀਂ-ਜੇ ਤੂੰ ਕਹੀ ਜਾਣਾ ਹੈ, ਤਾਂ ਲੈ ਫੜ ਫਿਰ ਮੈਂ ਕਰਕੇ ਵਿਖਾ ਦਿਨੀ ਆਂ। ਮੈਂ ਉਹੋ ਜਿਹੀ ਹੀ ਹਾਂ, ਜਿਵੇਂ ਦਾ ਤੈਨੂੰ ਸ਼ੱਕ ਹੈ।

ਜਾਦੂ ਨੇ ਇਸ ਤਰ੍ਹਾਂ ਨਹੀਂ ਸੀ ਸੋਚਿਆ।

ਡਰਿਆ ਤਾਂ ਉਹ ਸੀ, ਅੱਜ ਪਤਾ ਨਹੀਂ ਕਿਹੜਾ ਨਵਾਂ ਸੱਪ ਕੱਢ ਵਿਖਾਏ।

ਬਬਲੀ ਕੁਝ ਕਹੇਗੀ ਤਾਂ ਉਸਦੀ ਪ੍ਰਤੀਕ੍ਰਿਆ ਕੀ ਹੋਵੇਗੀ।

ਕਿਤੇ ਅਜਿਹੀ ਤਾਂ ਨਹੀਂ, ਜਿਸਦਾ ਬੁਰਾ ਮੰਨ ਜਾਏ ਬਬਲੀ।

ਉਸ ਸੋਚਿਆ-

ਪਹਿਲਾ ਵਿਚਾਰ ਇਹ ਆਇਆ ਉਸਨੂੰ ਕਿ ਉਸਦਾ ਘਰ ਵਾਲਾ ਕੁਝ ਦਿਨਾਂ ਲਈ ਡਿਊਟੀ ਤੇ ਕਿਸੇ ਦੂਸਰੇ ਸ਼ਹਿਰ ਜਾ ਰਿਹਾ ਹੋਵੇਗਾ। ਅੱਜ ਘਰੋਂ ਨਿਕਲਣ ਲੱਗਿਆਂ, ਐਨ ਖੜੇ ਪੈਰ ਦੱਸਿਆ ਹੋਵੇਗਾ ਰਾਜਨ ਨੇ। ਇਹ ਸੋਚ ਕੇ ਖੁਸ਼ ਹੋਣੀ ਹੈ ਬਬਲੀ ਕਿ ਸਦਾ ਦੇ ਉਲਟ ਹੁਣ ਉਹ ਬਿਨਾਂ ਕਿਸੇ ਡਰ, ਬਿਨਾਂ ਕਿਸੇ ਝੂਠ ਸੱਚ, ਬਿਨਾਂ ਅਪਰਾਧਬੋਧ ਮਿਲ ਸਕਣਗੇ। ਨਹੀਂ ਤਾਂ ਹਰ ਵਕਤ ਡਰ ਕਿ ਪਤਾ ਨਹੀਂ ਕਦੋਂ ਫੋਨ ਆ ਜਾਏ ਤੇ ਸਭ ਕੁਝ ਵਿੱਚੇ ਛੱਡ ਛਡਾ ਚੋਰਾਂ ਵਾਂਗ ਭੱਜਣਾ ਪਵੇ। ਜਾਂ ਕੋਈ ਅਜਿਹੀ ਸਫਲਤਾ ਹੱਥ ਲੱਗ ਗਈ ਹੋਵੇਗੀ, ਰਾਤ ਕਿਸੇ ਬਹਿਸ ਵਿਚ ਉਸ ਰਾਜਨ ਨੂੰ ਹਰਾ ਦਿੱਤਾ ਹੋਵੇਗਾ, ਮੂਰਖ ਸਿੱਧ ਕਰ ਦਿੱਤਾ ਹੋਵੇਗਾ। ਕਿਹਾ ਹੋਵੇਗਾ- ਉਸਦਾ ਕਸੂਰ ਨਹੀਂ, ਇਹ ਜਿਹੜੀ ਧੂੰਏਂ ਰੰਗੀ ਚੀਜ਼ ਹੁੰਦੀ ਹੈ ਨਾ ਬੰਦੇ ਦੀ ਖੋਪੜੀ ਵਿਚ, ਪੁਲਿਸ ਵਾਲਿਆਂ ਵਿਚ ਇਹ ਜਮਾਂਦਰੂ ਘੱਟ ਹੁੰਦੀ ਏ। ਜਾਂ ਉਸ ਨਾਲ ਸੌਣਾ ਟਾਲ ਗਈ ਹੋਵੇਗੀ ਕਲ੍ਹ ਰਾਤ। ਕਹੇਗੀ-ਕੇਵਲ ਤੇਰੇ ਕਰਕੇ। ਕਿਉਂਕਿ ਜਾਦੂ ਅੱਜ ਤੇਰੇ ਨਾਲ ਪਰਾਮਿਸ ਸੀ।

ਕੋਸ਼ਿਸ਼ ਕਰਨਗੇ ਦਫਤਰ ਉਹ ਬਾਕੀਆਂ ਨਾਲੋਂ ਥੋੜ੍ਹਾ ਪਹਿਲਾਂ ਆ ਜਾਣ। ਪੀਅਨ ਪਾਣੀ ਲੈਣ ਜਾਏਗਾ, ਅਖਬਾਰ ਲੈਕੇ ਆਏਗਾ, ਇੰਨੀ ਦੇਰ 'ਚ ਉਹ ਅਪਣਾ ਇਕ ਦੂਜੇ ਨੂੰ ਛੂਣ ਛੁਹਾਉਣ ਵਾਲਾ ਇਹ ਨਿੱਕਾ ਜਿਹਾ ਨਿਤਨੇਮ ਮੁਕਾ ਲੈਂਦੇ ਹਨ। ਜੇ ਰਹਿ ਜਾਏ ਤਾਂ ਸਾਰਾ ਦਿਨ ਧੁੜਕੂ ਲੱਗਾ ਰਹੇਗਾ। ਇਕ ਕਮੀ ਖਲਦੀ ਰਹੇਗੀ। ਕਦੋਂ ਦੋਵੇਂ ਇਕੱਲੇ ਹੋਣ। ਲੰਚ ਟਾਈਮ ਦੀ ਉਡੀਕ। ਆਫਿਸ ਦੀ ਗੱਡੀ ਦੀ, ਜਦੋਂ ਉਹ ਕਿਸੇ ਕਲਾਂਇਟ ਨੂੰ ਮਿਲਣ ਜਾਂ ਇਕੱਠੇ ਬੈਂਕ ਜਾਣਗੇ। ਗੱਡੀ ਦੀ ਪਿਛਲੀ ਸੀਟ ਤੇ ਬੈਠਿਆਂ, ਕਲ੍ਹ ਬਬਲੀ ਨੇ ਜਾਦੂ ਦਾ ਹੱਥ ਅਪਣੇ ਹੱਥ 'ਚ ਲਿਆ ਸੀ, ਕਹਿਣ ਲੱਗੀ-ਆਪਣੀ ਭਾਗ ਰੇਖਾ ਵੇਖ, ਜਾਦੂ ਅਗੱਸਤ ਤਕ ਇਕ ਕਰੋੜ ਰੁਪਇਆ ਹੋਵੇਗਾ ਤੇਰੇ ਬੈਂਕ ਅਕਾਉਂਟ ਵਿਚ। ਮੇਰੀ ਭਵਿੱਖਵਾਣੀ ਕਦੀ ਝੂਠ ਨਹੀਂ ਹੋਈ।

ਜ਼ਰੂਰੀ ਸੂਚਨਾਵਾਂ ਮੋਬਾਇਲ ਤੇ ਲੈ-ਦੇ, ਹੋ ਜਾਂਦੀਆਂ ਹਨ-

-ਕਲ੍ਹ ਰਾਜਨ ਸ਼ਾਮ ਸੱਤ ਵਜੇ ਹੀ ਘਰ, ਮੈਂ ਹੈਰਾਨ ਅੱਗੇ ਤਾਂ ਇਹ ਬਾਰਾਂ ਤੋਂ ਪਹਿਲਾਂ ਨਹੀਂ ਮੁੜਦਾ ਅੱਜ ਕੀ ਹੋ ਗਿਐ ਇਸਨੂੰ, ਮੈਂ ਸੁੰਘਿਆ, ਪੀਤੀ ਵੀ ਨਹੀਂ ਸੀ ਲੱਗ ਰਹੀ, ਰਾਤੀਂ ਕਹਿਣ ਲੱਗਾ-ਮੈਨੂੰ ਤਾਂ ਲਗਦੈ, ਤੂੰ ਅੱਜ ਕਿਤੋਂ ਹੋਕੇ ਆਈ ਏਂ।

-ਮੈਂ ਕਿਹਾ ਆਈ ਹਾਂ, ਕਰ ਲੈ ਜੋ ਕਰਨੈ। ਟੁੱਟਕੇ ਪੈ ਗਈ ਮੈਂ, ਉਹ ਮੁਆਫੀ ਮੰਗਣ ਲੱਗਾ। ਮਨ ਹੀ ਮਨ ਮੈਂ ਖੁਸ਼, ਠੀਕ ਬੁਝਿਆ ਈ, ਜਾਣੀ ਜਾਣ ਏਂ ਪੁੱਤਰਾ ਤੂੰ। ਕਹਿਣ ਲੱਗਾ ਮੈਨੂੰ ਪੈਗ ਬਣਾ ਕੇ ਦੇ। ਫਿਰ ਕਹੇ ਮੇਰੇ ਨਾਲ ਤੂੰ ਵੀ ਲੈ। ਮੇਰਾ ਸਾਥ ਦੇ। ਮੈਂ ਕਿਹਾ ਸ਼ਰਮ ਕਰ ਦੋ ਕੁੜੀਆਂ ਦੀ ਮਾਂ ਹਾਂ ਮੈਂ। ਸੱਚੀ ਅਲਕਾ ਹੈ ਭਾਵੇਂ ਬਾਰਾਂ ਦੀ, ਲਗਦੀ ਏ ਜਿਵੇਂ ਸੋਲਾਂ ਦੀ ਹੋਵੇ। ਛੋਟੀ ਆਰਤੀ ਵੀ ਤਾਂ..। ਮੈਨੂੰ ਤਾਂ ਹੁਣੇ ਤੋਂ ਡਰ ਲੱਗਣ ਲੱਗ ਪਿਆ ਏ। ਇਹ ਕੁੜੀਆਂ ਵੱਧ ਦੀਆਂ

ਵੀ ਬਾਬਾ ਏਨੀਂ ਛੇਤੀ ਨੇ ਨਾ। ਏਨਾ ਸ਼ੱਕ ਕਰਦਾ ਏ ਮੇਰੇ ਤੇ। ਮੇਰਾ ਪਰਸ ਫੋਲੇਗਾ, ਮੋਬਾਇਲ ਚੈਕ ਕਰੇਗਾ। ਮੈਂ ਤਾਂ ਕਹਿ ਦਿੱਤਾ ਏ ਜੇ ਬਹੁਤੀ ਗੱਲ ਹੈ ਤਾਂ ਨੌਕਰੀ ਛੱਡ ਦਿਆਂ। ਜਾਦੂ ਤੂੰ ਸੋਚ ਵੀ ਨਹੀਂ ਸਕਦਾ ਕਿੰਨਾ ਕੁੱਤਾ ਏ ਮੇਰਾ ਘਰ ਵਾਲਾ। ਮੇਰੇ ਕੋਲ ਆਏਗਾ ਤਾਂ ਇੰਝ ਬਚਦਾ ਬਚਾਉਂਦਾ, ਜਿਵੇਂ ਮੈਂ ਕਿਸੇ ਯੋਨੀ ਰੋਗ ਨਾਲ ਪੀੜਿਤ ਹੋਵਾਂ। ਮੈਨੂੰ ਨਹੀਂ ਯਾਦ ਇੰਨੇ ਸਾਲਾਂ 'ਚ, ਇਸ ਕਦੀ ਮੈਨੂੰ ਪਿਆਰ ਨਾਲ ਚੁੰਮਿਆਂ ਹੋਵੇ। ਮੇਰੀ ਦੂਜੀ ਕੁੜੀ ਆਰਤੀ ਮੇਰੇ ਪੇਟ 'ਚ ਸੀ, ਇਸ ਹਾਏ ਦੁਹਾਈ ਮਚਾ ਦਿੱਤੀ, ਇਹ ਕੁੜੀ ਤਾਂ ਮੇਰੀ ਹੈ ਹੀ ਨਹੀਂ, ਡੀ.ਐਨ.ਏ. ਟੈਸਟ ਕਰਵਾਓ। ਮੇਰੇ ਘਰ ਦੇ ਕਹਿਣ ਅਸੀਂ ਕੁੜੀ ਨੂੰ ਵੱਢ ਕੇ ਨਹਿਰ 'ਚ ਰੋੜ ਦਿਆਂਗੇ, ਜੇ ਸਾਡੀ ਕੁੜੀ ਗਲਤ ਹੋਈ। ਪਰ ਇਹ ਮਾਈ ਦਾ ਲਾਲ ਟੈਸਟ ਕਰਵਾ ਕੇ ਹੀ ਹੱਟਿਆ। ਉਸਤੋਂ ਬਾਦ ਨਿਖਿਲ ਮੇਰੀ ਜ਼ਿੰਦਗੀ ਵਿਚ ਆਇਆ।

-ਅੱਜ ਕਲ੍ਹ ਇਕ ਨਵਾਂ ਭੁੱਸ ਪਿਆ ਏ ਜਨਾਬ ਨੂੰ, ਇੰਟਰਨੈਟ ਤੇ ਕੋਈ ਸਾਈਟ ਹੈ ਜਿਸਤੇ ਵਾਈਫ ਸਵੈਪਿੰਗ ਲਈ ਇਸ ਅਪਣਾ ਨਾਂ ਕਮਲ ਬਦਲਕੇ ਰਜਿਸਟਰੇਸ਼ਨ ਕਰਵਾਈ ਏ। ਮੈਂਬਰਸ਼ਿਪ ਭਰੀ ਹੈ। ਕਹਿੰਦਾ ਹੈ -ਜੇ ਕੋਈ ਵਧੀਆ ਜਿਹਾ ਕੱਪਲ ਲੱਭ ਪਿਆ ਤਾਂ ਅਸੀਂ ਅਦਲ ਬਦਲ ਕਰਲਾਂਗੇ। ਅੱਜ ਕਲ੍ਹ ਬਹੁਤ ਚਲਦਾ ਹੈ, ਹਾਈ ਸੋਸਾਇਟੀ ਵਿਚ ਇਹ। ਯਾਰ, ਦੁਨੀਆਂ ਬੜੀ ਅੱਗੇ ਵੱਧ ਚੁੱਕੀ ਏ। ਮੈਂ ਕਈ ਲੋਕਾਂ ਨੂੰ ਜਾਣਦਾ ਹਾਂ। ਜ਼ਿੰਦਗੀ ਵਿਚ ਹਰ ਬੰਦਾ ਬੋਰੀਅਤ ਤੋਂ ਬਚਣਾ ਚਾਹੁੰਦਾ ਹੈ। ਤੇਰਾ ਕੋਈ ਫਰੈਂਡ ਕਿਉਂ ਨਹੀਂ ਹੋ ਸਕਦਾ। ਮੇਰਾ ਦਿਲ ਕੀਤਾ ਕਹਾਂ -ਮੈਨੂੰ ਨਹੀਂ ਚਾਹੀਦਾ ਕੋਈ, ਮੇਰਾ ਤਾਂ ਹੈ, ਮੇਰਾ ਜਾਦੂ, ਤੂੰ ਖਾ ਖੇਹ ਜਿਥੇ ਖਾਣੀ ਹੈ।

ਕਦੀ ਇੱਕਲੇ ਹੋਣ ਤਾਂ ਬਬਲੀ ਜਾਦੂ ਨੂੰ ਬਬੂ ਕਹਿਕੇ ਬੁਲਾਉਂਦੀ ਹੈ। ਬਬੂ ਨੂੰ ਇਸ ਵਾਰ ਮਹਿੰਗਾ ਵਾਲਾ ਮੋਬਾਇਲ ਲੈਕੇ ਦਿੱਤਾ ਹੈ ਬਬਲੀ ਨੇ।

ਪਹਿਲਾਂ ਵਾਲਾ ਉਸਦਾ ਰੱਦੀ ਜਿਹਾ ਸੀ। ਮਰਿਆ ਮਰਿਆ ਤੇ ਮੈਲਾ। ਵਰਤ ਵਰਤ ਕੇ ਘਿਸ ਚੁੱਕਿਆ। ਉਸ ਕਈ ਵਾਰ ਬਦਲਣ ਦੀ, ਨਵਾਂ ਲੈ ਲੈਣ ਦੀ ਇੱਛਾ ਪ੍ਰਗਟਾਈ ਸੀ ਪਰ ਸੰਧਿਆ ਨੇ ਹਰ ਵਾਰ ਉਸਨੂੰ ਰੋਕ ਦਿੱਤਾ ਸੀ।

- ਕੀ ਜ਼ਰੂਰਤ ਹੈ ਬਦਲਣ ਦੀ, ਚੰਗਾ ਭਲਾ ਕੰਮ ਤੇ ਕਰਦਾ ਹੈ।

ਕੋਈ ਮਸਲਾ ਹੋਏ ਸੰਧਿਆ ਦਾ ਜਵਾਬ ਇੰਝ ਦਾ ਹੀ ਹੁੰਦਾ ਹੈ। ਨੋ ਪਾਰਕਿੰਗ ਦੇ ਬੋਰਡ ਵਰਗਾ।

ਜਾਦੂ ਦਾ ਯਤਨ ਹੁੰਦਾ ਹੈ ਜਿਥੋਂ ਤਕ ਹੋ ਸਕੇ ਅੱਗੋਂ ਬਹਿਸ ਨਾ ਪਿਆ ਜਾਏ। ਇਹੀ ਸਿਆਣਪ ਹੈ ਨਹੀਂ ਤਾਂ ਖੈਰ ਨਹੀਂ। ਸੰਧਿਆ ਸ਼ੁਰੂ ਹੋ ਜਾਏਗੀ। ਜਿਵੇਂ ਤੇਜ਼ ਅੱਗ ਤੇ ਰੱਖੀ ਹੋਈ ਸਬਜ਼ੀ ਸੜ ਰਹੀ ਹੋਵੇ, ਦਮ ਘੁੱਟ ਜਾਏਗਾ।

ਜਿਹੜਾ ਸੂਟ ਪਾਕੇ ਜਾਦੂ ਨੰਗਾ ਚਿੱਟਾ ਕਾਰਟੂਨ ਲੱਗੇ, ਆਫਿਸ ਵਾਲਿਆਂ ਲਈ ਹਾਸੇ ਦਾ ਸਬੱਬ ਬਣ ਜਾਏ, ਸਮਝੋ ਕਿਸੇ ਦਿਨ ਵਾਰ ਬਹਾਨੇ, ਉਹ ਉਸਨੂੰ ਬਬਲੀ ਨੇ ਗਿਫਟ ਕੀਤਾ ਹੋਏਗਾ। ਉਹ ਸਾਰੀ ਦੁਨੀਆਂ ਨਾਲ ਲੜਾਈ ਮੁੱਲ ਲੈ ਲਵੇਗੀ ਪਰ ਜਾਦੂ ਨੂੰ ਉਹ ਸੂਟ ਉਤਾਰਨ ਨਹੀਂ ਦੇਵੇਗੀ। ਕਾਪੀ ਰਾਈਟਰ ਹਰੀਮੋਹਨ ਨੱਕ ਚੜਾਏਗਾ -ਇਸ ਬੇਮੇਚਾ ਕੋਟ ਪੈਂਟ ਵਿਚ, ਉਹ ਬੈਂਡ ਵਾਜੇ ਵਾਲਾ ਲਗਦਾ ਹੈ, ਪਰ ਜਾਦੂ ਸੀ ਨਹੀਂ ਕਰੇਗਾ।-ਯਾਰ ਤੇਰੇ ਇਸ ਸੂਟ ਨੇ ਲੋਕਾਂ ਨੂੰ ਪੁਰਾਣੀਆਂ, ਚਿੱਟੀਆਂ ਕਾਲੀਆਂ ਫਿਲਮਾਂ ਵੇਖਣ ਲਾ ਦੇਣਾ ਏਂ। ਯੁਧਵੀਰ ਭਰਾ, ਹੀਰੋ ਲਗਣਾ ਏਂ ਹੀਰੋ। ਮੋਤੀ ਲਾਲ, ਧਰਮ ਨਾਲ ਮਾਤ ਖਾ ਜਾਏ ਤੇਰੇ ਸਾਹਮਣੇ। ਪ੍ਰੋਡਕਸ਼ਨ ਮੈਨੇਜਰ ਸਲਿਲ ਕਹਿੰਦਾ ਹੈ -ਮੂੰਹ ਦੀ ਬਦਬੂ ਦੂਰ ਕਰਨ ਲਈ ਕਿਹੜਾ ਮਾਊਥ ਫਰੈਸ਼ਨਰ, ਕਿਹੜਾ ਸਪ੍ਰੇ, ਜਾਂ ਕਿਹੜਾ ਮਾਊਥ ਵਾਸ਼ ਜ਼ਿਆਦਾ ਉਪਯੋਗੀ ਜਾਂ ਜ਼ਿਆਦਾ ਗੁਣਕਾਰੀ ਹੈ, ਇਸ ਦੀ ਜਿੰਨੀ



ਜਾਣਕਾਰੀ ਬਬਲੀ ਨੂੰ ਹੈ, ਉਨੀ ਜਾਦੂ ਨੂੰ ਵੀ ਹੋ ਚੁੱਕੀ ਹੈ।

ਇਸ ਐਡ ਅਜੰਸੀ ਦੇ ਉਹ ਪੁਰਾਣੇ ਕਰਮਚਾਰੀ ਹਨ।

ਥੋੜ੍ਹੇ ਬਹੁਤ ਕਾਬਲ ਹਨ, ਇਸ ਕਰਕੇ ਉਪਰੋਂ ਹੇਠ ਤਕ ਲੋਕ, ਉਨ੍ਹਾਂ ਦੀ ਥੋੜ੍ਹੀ ਬਹੁਤ ਇੱਜ਼ਤ ਵੀ ਕਰਦੇ ਹਨ। ਅਜੰਸੀ ਦਾ ਮਾਲਕ ਮਿਸਟਰ ਮਲਿਕ ਇਸ ਖਿਆਲ ਦਾ ਧਾਰਨੀ ਹੈ ਕਿ ਕਾਰਜਕਾਰੀ ਮਰਦਾਂ ਔਰਤਾਂ ਵਿਚ ਇੰਨਾ ਕੁ ਅੱਖ ਮਟੱਕਾ, ਏਨਾ ਕੁ ਜੋੜ ਮੇਲ ਰਹੇ ਕਿ ਕੰਮ ਦਾ ਮਾਹੌਲ ਬਣਿਆ ਰਹੇ। ਗੱਪ ਸ਼ਪ ਦਾ ਮਸਾਲਾ ਨੇੜੇ ਹੀ ਮਿਲ ਜਾਏ, ਇਧਰ ਉਧਰ ਭਟਕਣਾ ਨਾ ਪਵੇ। ਤਾਂ ਕਿ ਕਰਮਚਾਰੀ ਕੰਮ ਦਾ ਬੋਝ ਨਾ ਮਨਾਉਣ। ਕਦੀ ਕੰਪਨੀ ਛੱਡ ਜਾਣ ਦਾ ਮਨ ਬਣੇ ਤਾਂ ਲੱਗੇ ਕਿ ਰਸਤਾ ਸਿੱਧਾ ਪੱਧਰਾ ਨਹੀਂ। ਬਬਲੀ ਨੂੰ ਉਹ ਪਰਲਜ਼ ਐਂਡ ਪੈਟਲਜ਼ ਲਈ ਲੱਕੀ ਸਮਝਦਾ ਹੈ। ਜਦੋਂ ਤੋਂ ਉਸ ਜੁਆਇਨ ਕੀਤਾ ਹੈ, ਕੰਮ ਦੀ ਕਮੀ ਨਹੀਂ ਰਹੀ ਕਦੀ। ਸਫਲਤਾਵਾਂ ਵਿਚ ਸ਼ਾਮਿਲ ਰਹੀ ਹੈ ਬਬਲੀ। ਬਬਲੀ ਦਾ ਖਿਆਲ ਹੈ ਕਿ ਮਲਿਕ ਕੰਮ ਦੇ ਮਾਮਲੇ ਵਿਚ ਕਠੋਰ ਹੈ ਪਰ ਇੰਨਾ ਸਮਝਦਾਰ ਨਹੀਂ। ਜਾਦੂ ਦੇ ਹਿਸਾਬ ਮਲਿਕ ਇੰਨਾ ਨਾਸਮਝ ਵੀ ਨਹੀਂ ਕਿ ਜਾਣਦਾ ਨਾ ਹੋਵੇ ਕਿ ਕਿਹੜੀ ਗੱਲ ਦੂਸਰੇ ਸਹਿਣ ਕਰ ਲੈਂਦੇ ਹਨ, ਕਿਹੜੀ ਗੱਲ ਅਗਲਾ ਅਪਣੀ ਨਿੱਜੀ ਜਿੰਦਗੀ ਵਿਚ ਦਖਲ ਅੰਦਾਜੀ ਵਜੋਂ ਲਵੇਗਾ। ਸਹਿਣ ਨਹੀਂ ਕਰੇਗਾ।

- ਇਨ੍ਹਾਂ ਦਾ ਘਰ ਤਾਂ ਕੁਝ ਵੀ ਨਹੀਂ ਸਾਡੇ ਮੁਕਾਬਲੇ। ਤੂੰ ਕਦੀ ਲੁਧਿਆਣੇ ਚੱਲ ਮੇਰੇ ਨਾਲ, ਤੈਨੂੰ ਮੈਂ ਅਪਣਾ ਫਾਰਮ ਹਾਊਸ ਵਿਖਾਵਾਂ। ਮੈਂ ਹੀ ਇਸ ਦੀਆਂ ਗੱਲਾਂ ਵਿਚ ਆ ਗਈ, ਮੇਰੇ ਘਰ ਦੇ ਕਿੱਥੇ ਮੰਨਦੇ ਸਨ। ਲੈ ਦੇ ਕੇ ਇਹ ਫਲੈਟ ਹੈ, ਵਿਚ ਹੀ ਭੈਣਾਂ, ਮਾਂ, ਪਿਓ, ਇਸ ਦੀ ਤਾਂ ਮਾਂ ਹੀ ਨਹੀਂ ਮਾਣ, ਪਾਗਲ ਸੋਚਦੀ ਨਹੀਂ ਕੁਝ ਬੋਲਣ ਲੱਗੀ। ਕਹਿੰਦੀ ਹੁੰਦੀ ਸੀ, ਮੈਂ ਅਪਣੇ ਸਹੁਰੇ ਨਾਲ ਹਾਂ। ਸਾਰੇ ਰਿਸ਼ਤੇ ਦਾਰਾਂ'ਚ ਧੁਮਾ ਰੱਖਿਆ ਸੀ-ਜਦੋਂ ਦੀ ਆਈ ਹੈ ਇਸ ਹੱਥਾਂ ਤੇ ਪਾ ਲਿਐ ਮੇਰਾ ਘਰ ਵਾਲਾ। ਇਕ ਵਾਰ ਤਾਂ ਮੇਰੀ ਮੰਮੀ ਨੇ ਵੀ ਮੈਨੂੰ ਪੁੱਛਿਆ ਸੀ-ਤੇਰਾ ਸਹੁਰਾ ਤੇਰੇ ਤੇ ਮਾੜੀ ਨਜ਼ਰ ਤਾਂ ਨਹੀਂ ਰੱਖਦਾ, ਸਾਨੂੰ ਇਸ ਤਰ੍ਹਾਂ ਸੁਣਨ 'ਚ ਮਿਲਿਆ ਹੈ। ਮੇਰੇ ਪੇਕਿਆਂ ਦੀ ਇਨੀਂ ਜ਼ਮੀਨ ਹੈ। ਬਿਜਨਸ ਹੈ। ਬਸਾਂ ਹਨ। ਇਨ੍ਹਾਂ ਦੇ ਘਰ ਜਿਹੜੀ ਵੀ ਵੱਡੀ ਚੀਜ਼ ਹੈ ਮੇਰੇ ਦਾਜ ਦੀ ਹੈ। ਮੈਂ ਇਕੱਲੀ ਇਕੱਲੀ ਭੈਣ ਹਾਂ ਚਾਰ ਭਰਾਵਾਂ ਦੀ। ਇਕ ਵਾਰ ਤਾਂ ਇੰਨਾ ਡਾਂਗ ਸੋਟਾ ਚੱਲਿਆ ਕਿ ਉਹ ਮੈਨੂੰ ਨਾਲ ਲੈ ਗਏ। ਅਸੀਂ ਨਹੀਂ ਰਹਿਣ ਦੇਣੀ ਇਹੋ ਜਿਹੇ ਘਰ 'ਚ ਅਪਣੀ ਕੁੜੀ। ਮੈਂ ਛੇ ਮਹੀਨੇ ਅਪਣੇ ਪੇਕੇ ਰਹੀ। ਇਹ ਤਰਲੇ ਲੈਂਦਾ ਰਿਹਾ, ਮੇਰੇ ਭਰਾ ਕਹਿਣ ਅਸੀਂ ਨਹੀਂ ਕੁੜੀ ਭੇਜਣੀ ਇਹੋ ਜਿਹੇ ਚਵਲ ਬੰਦੇ ਨਾਲ। ਮੈਂ ਇਹਦੀਆਂ ਕਰਤੂਤਾਂ ਤੇ ਪਰਦੇ ਪਾਉਂਦੀ ਰਹਿੰਦੀ ਹਾਂ। ਮੇਰੀ ਹਾਂ ਤੇ ਹੀ ਹੋਈ ਸੀ ਸਾਡੀ ਸ਼ਾਦੀ। ਪਤਾ ਨਹੀਂ ਇਸਨੂੰ, ਬੰਦੇ ਨੂੰ ਬੁੱਧੂ ਬਨਾਉਣਾ ਇੰਨਾ ਆਉਂਦਾ ਏ ਨਾ, ਕਦੀ ਤੂੰ ਮਿਲੇਂ ਤਾਂ ਤੇਰੇ ਤੇ ਇਹੋ ਜਿਹਾ ਪ੍ਰਭਾਵ ਪਾਵੇਗਾ, ਤੂੰ ਸੋਚੇਂਗਾ ਇਸ ਤੋਂ ਇਮਾਨਦਾਰ ਬੰਦਾ ਤਾਂ ਸਾਰੀ ਦੁਨੀਆਂ ਵਿਚ ਦੂਸਰਾ ਕੋਈ ਨਹੀਂ ਹੋਣਾ। ਉਦੋਂ ਮੈਨੂੰ ਕੀ ਪਤਾ ਸੀ ਇਹ ਪੁਲਿਸ ਵਿਚ ਭਰਤੀ ਹੋਵੇਗਾ। ਉਨੇ ਦਿਨ ਡਿਊਟੀ ਤੇ ਨਹੀਂ ਹੁੰਦਾ, ਜਿਨੇ ਦਿਨ ਸਸਪੈਂਡ ਰਹਿੰਦਾ ਹੈ। ਇਕ ਯੂਥ ਫੈਸਟੀਵੈਲ ਤੇ ਮਿਲੇ ਸਾਂ ਅਸੀਂ। ਬੱਸ ਗੱਲ, ਵਧਦੀ ਵਧ ਗਈ। ਨਹੀਂ ਤਾਂ ਬੜੇ ਵਧੀਆ ਵਧੀਆ ਰਿਸ਼ਤੇ ਆਉਂਦੇ ਹੁੰਦੇ ਸਨ ਮੇਰੇ ਲਈ। ਇੱਕ ਤਾਂ ਪਿੱਛੇ ਜਿਹੇ ਮੈਨੂੰ ਮੇਰੀ ਭਤੀਜੀ ਦੀ ਸ਼ਾਦੀ ਤੇ ਮਿਲਿਆ ਸੀ। ਉਸਦਾ ਪਿਓ ਹਰਿਆਣੇ 'ਚ ਸਿੱਖਿਆ ਮੰਤਰੀ ਹੈ ਅੱਜ ਕਲ੍ਹ।

ਬਬਲੀ ਬੋਲਦੀ ਰਹਿੰਦੀ ਹੈ, ਜਾਦੂ ਸੁਣਦਾ ਰਹਿੰਦਾ ਹੈ।

ਉਹੀ ਗੱਲਾਂ, ਬਾਰ ਬਾਰ ਦੁਹਰਾਈਆਂ ਜਾਂਦੀਆਂ ਹਨ।

ਦਿਲਚਸਪੀ ਵਿਖਾਏਗਾ। ਵਿਖਾਵਾ ਕਰੇਗਾ, ਉਹ ਸੁਣ ਰਿਹਾ ਹੈ।

ਸਮਝੇਗਾ, ਬਹਾਦੁਰ ਬੰਦਾ ਉਹ। ਕੁਰਬਾਨੀ ਦਾ ਪੁਰਵਕਾਰ ਪੁਤਲਾ।

ਮਸ਼ੀਨੀ, ਬਿਨਾਂ ਖੇਦ ਹੁੰਗਾਰਾ ਭਰਦਾ ਰਹੇਗਾ। ਭਰੇ ਵੀ ਕਿਉਂ ਨਾ।

ਨਾਲ ਮਨ ਹੀ ਮਨ ਪ੍ਰਾਰਥਨਾ ਕਰਦਾ ਕਿ -ਹੇ ਕਾਲੀ ਕਲਕੱਤੇ ਵਾਲੀ, ਤੱਤੀਆਂ ਅਤੇ ਤਿੱਖੀਆਂ ਹਵਾਵਾਂ ਤੋਂ ਬਚਾਈਂ ਮੇਰੇ ਇਸ ਅਨਮੋਲ ਇਸ਼ਕ ਨੂੰ। ਇਹ ਬਖਸ਼ਿਸ਼ ਕੀਤੀ ਊ ਤਾਂ ਇਹ ਵੀ ਕਰੀਂ, ਬਬਲੀ ਦੇ ਪਤੀ, ਮੇਰੀ ਪਤਨੀ , ਸਾਡੇ ਬੱਚਿਆਂ ਨੂੰ ਭੋਰਾ ਭਰ ਭਿਣਕ ਨਾ ਲੱਗਣ ਦੇਵੀਂ ਇਸਦੀ। ਬਬਲੀ ਦੇ ਪਤੀ ਪਾਸ ਪਿਸਤੌਲ ਹੈ। ਸੰਧਿਆ ਤਾਂ ਉਂਝ ਹੀ ਡਾਢੀ ਹੈ। ਉਸ ਕੋਲ ਪਿਸਤੌਲ ਨਹੀਂ ਪਰ ਜੋ ਹੈ, ਉਹ ਕਿਸ ਪਿਸਤੌਲ ਤੋਂ ਘੱਟ ਹੈ। ਉਹ ਸ਼ਾਕਾਹਾਰੀ ਹੈ, ਪਰ ਕੱਚਾ ਖਾ ਜਾਏਗੀ ਉਸਨੂੰ, ਜੇ ਉਸ ਨੂੰ ਖਬਰ ਲੱਗ ਗਈ ਤਾਂ। ਮੈਂ ਮੰਨਦਾ ਹਾਂ ਇਹ ਗਲਤ ਹੈ। ਇਸ ਤਰ੍ਹਾਂ ਦੇ ਸੰਬੰਧ ਸਿਹਤਮੰਦ ਨਹੀਂ। ਪਰ ਦੇਵੀ ਮਾਂ ਮੈਂ ਪਹਿਲ ਨਹੀਂ ਕੀਤੀ। ਬਬਲੀ ਨੇ ਕੀਤੀ ਹੈ, ਮੈਂ ਤਾਂ ਮਹਾਂਪੁਰਸ਼ਾਂ ਦਾ ਬਚਨ ਮੰਨਿਆਂ ਹੈ ਬੱਸ, ਕਿ ਜੋ ਕੁਝ ਹੋ ਰਿਹਾ ਹੈ ਉਸ ਨੂੰ 'ਹਾਂ' ਆਖੋ ਹਮੇਸ਼ਾ, ਜੋ ਭਗਵਾਨ ਕਰੇ, ਉਸੇ ਵਿਚ ਭਲਾਈ ਹੁੰਦੀ ਹੈ ਮਨੁੱਖ ਦੀ।

ਉਸ ਤੁਲਨਾ ਕੀਤੀ ਸੀ ਤਾਂ ਉਸਨੂੰ ਅਪਣੀ ਘਰ ਵਾਲੀ ਸੰਧਿਆ ਵਰਗੀਆਂ ਪਤੀਬਰਤਾ ਜਾਂ ਸ਼ਾਕਾਹਾਰੀ ਔਰਤਾਂ ਦੇ ਮੁਕਾਬਲੇ ਉਹ ਔਰਤਾਂ ਜ਼ਿਆਦਾ ਹੰਢਣਸਾਰ ਤੇ ਟਿਕਾਊ ਲੱਗੀਆਂ ਸਨ, ਜਿਹੜੀਆਂ ਵਿਚ ਵਿਚ ਮਾਸਖੋਰੀਆਂ ਵੀ ਹੋ ਜਾਣ, ਥੋੜ੍ਹਾ ਬਹੁਤ ਮੂੰਹ ਇਧਰ ਉਧਰ ਵੀ ਮਾਰਨ, ਨਾ ਕਿ ਹਰ ਵਕਤ ਅਪਣੇ ਘਰ ਵਾਲੇ ਤੇ, ਨਿਸ਼ਾਨਾ ਸਾਧੀ ਰੱਖਣ। ਇਕ ਘੜੀ, ਇਕ ਪਲ ਲਈ ਵੀ ਫੋਕਸ ਵਿਚੋਂ ਇਧਰ ਉਧਰ ਨਾ ਹੋਣ ਦੇਣ। ਇਕ ਗੱਲੋਂ ਉਹ ਅਪਣੇ ਆਪ ਨੂੰ ਭਾਗਸ਼ਾਲੀ ਵੀ ਸਮਝਦਾ ਹੈ ਕਿ ਭਗਵਾਨ ਨੇ ਉਸਨੂੰ ਘਰ ਵਾਲੀ ਦੇ ਉਲਟ, ਬਾਹਰ ਵਾਲੀ ਦੇ ਰੂਪ ਵਿਚ ਕੋਈ ਮਾੜੀ ਧੀੜੀ ਜਨਾਨੀ ਨਾ ਦੇ ਕੇ, ਬਣਦੀ ਤਣਦੀ ਬਬਲੀ ਦਿੱਤੀ ਹੈ ਜਿਹੜੀ ਲੋੜ ਅਨੁਸਾਰ ਸਿਆਣੀ ਹੋਣ ਦੇ ਨਾਲ ਨਾਲ, ਉਸੇ ਅਨੁਪਾਤ ਵਿਚ ਮੂਰਖ ਵੀ ਹੈ।

ਬਬਲੀ ਬੋਲਦੀ ਹੋਵੇ ਤਾਂ ਜਾਦੂ ਨੂੰ ਡਰ ਰਹਿੰਦਾ ਹੈ, ਕਿਧਰੇ ਰਾਜਨ ਦੀ, ਉਸ ਨਾਲ ਤੁਲਨਾ ਨਾ ਕਰਨ ਲਗ ਪਏ। ਜੋ ਕਿ ਕਦੀ ਜਾਣਕੇ, ਕਦੀ ਨਾ ਜਾਣਕੇ, ਉਸ ਕਰਨੀ ਹੀ ਹੁੰਦੀ ਹੈ। ਇਸ ਨਾਲ ਜਿੰਨੀਆਂ ਖੁਸ਼ੀ ਭਰੀਆਂ ਗੱਲਾਂ ਸੁਨਣ ਨੂੰ ਮਿਲਦੀਆਂ ਹਨ, ਲਗਭਗ ਉਨੀ ਹੀ ਗਿਣਤੀ ਵਿਚ ਦੁਖ ਦੇਣ ਵਾਲੀਆਂ ਗੱਲਾਂ ਵੀ ਝਲਣੀਆਂ ਪੈਂਦੀਆਂ ਹਨ। ਕਦੀ ਕਦੀ ਤਾਂ ਆਪਾ ਗਵਾ ਬੈਠਦਾ ਹੈ ਜਾਦੂ- ਤੇਰੀ ਮਾਂ ਨੂੰ, ਕੀ ਮੈਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਤੇਰੇ ਪੱਟ ਵੇਖਕੇ ਰਾਤ ਰਾਜਨ ਨੇ ਵੀ ਇਨ੍ਹਾਂ ਦੀ ਤੁਲਨਾ ਤਾਜ ਮੱਹਲ ਦੇ ਮੀਨਾਰਾਂ ਨਾਲ ਕੀਤੀ ਸੀ। ਉਹੀ ਸ਼ਬਦ ਕਹੇ ਸਨ, ਜਿਹੜੇ ਕਲ੍ਹ ਮੈਂ ਆਖੇ ਸਨ।

-ਰਾਜਨ ਵੀ ਕਹਿੰਦਾ ਹੁੰਦਾ ਹੈ-ਇੰਨਾ ਰੌਲਾ ਪਾਉਣੀ ਏਂ ਤੂੰ ਕਿ ਸਾਰੇ ਮੁਹੱਲੇ ਨੂੰ ਪਤਾ ਲੱਗ ਜਾਏ। ਹੁਣ ਜਾਣਕੇ ਥੋੜ੍ਹਾ ਪਾਉਂਦਾ ਹੈ ਕੋਈ ਰੌਲਾ। ਤੁਸੀਂ ਜਨਾਨੀ ਹੋਵੋ ਤਾਂ ਪਤਾ ਲੱਗੇ ਤੁਹਾਨੂੰ। ਬਹੁਤਾ ਫਰਕ ਨਹੀਂ ਹੁੰਦਾ, ਤੁਸੀਂ ਮਰਦ ਲੋਕ ਇੱਕੋ ਜਿਹੇ ਹੁੰਦੇ ਹੋ ਸਾਰੇ।

-ਕਿਸੇ ਦਿਨ ਸਿਰ ਪਾੜ ਦੇਣਾ ਏਂ, ਮੈਂ ਤੇਰਾ। ਜੇ ਹਟੀਓਂ ਨਾ ਤੂੰ। ਜਾਦੂ ਕਹੇਗਾ- ਇਕ ਤਾਂ ਤੂੰ ਜਨਾਨੇ ਮਰਦਾਨੇ ਅੰਗਾਂ ਲਈ ਸ਼ਬਦ ਹੀ ਅਜਿਹੇ ਕੱਚੇ ਪੱਕੇ ਪ੍ਰਯੋਗ ਕਰਦੀ ਏਂ, ਕਿ ਬੰਦੇ ਦਾ ਮੱਚ ਹੀ ਮਾਰਿਆ ਜਾਏ ਸੁਣਕੇ। ਖੇਡ ਤਾਂ ਮੰਨਿਆਂ ਉਹੀ ਹੈ, ਪਰ ਜ਼ਰਾ ਛਿਪਾਕੇ, ਘੁਮਾ ਫਿਰਾਕੇ, ਨਰਮ ਨਰਮ ਕਾਵਿਮਈ ਸ਼ਬਦਾਂ 'ਚ ਕਿਹਾ ਜਾਏ। ਤੇਰੀ ਤਾਂ ਭਾਸ਼ਾ ਹੀ ਝੁੱਗੀਆਂ ਝੌਂਪੜੀਆਂ ਵਾਲੀ ਹੈ। ਤੁਹਾਡੇ ਘਰ 'ਚ ਕੋਈ ਨਹੀਂ ਸੀ ਤੈਨੂੰ ਮੱਤ ਦੇਣ ਵਾਲਾ। ਜਿਵੇਂ ਅਨਪੜ੍ਹ ਬੰਦੇ ਬੋਲਦੇ ਨੇ, ਉਂਝ ਹੀ ਫਟਰ ਫਟਰ ਤੂੰ। ਕੋਈ ਗੱਲ ਹੈ ਤੇਰੇ 'ਚ, ਜਨਾਨੀਆਂ ਵਾਲੀ। ਕਹਿੰਦਾ ਹੋਇਆ ਜਾਦੂ ਇਸ ਤਰ੍ਹਾਂ ਅੱਖਾਂ ਅੱਡੇਗਾ, ਜਿਵੇਂ ਜਿੰਨੀ ਮੋਟੀ ਤਾਜ਼ੀ ਉਹ ਹੈ, ਉਸ ਤੋਂ ਕਈ ਗੁਣਾਂ ਵੱਧ ਸਪੇਸ ਘੇਰ ਰੱਖੀ ਹੈ ਉਸ।



-ਸਾਰੀ ਦੁਨੀਆਂ ਮੇਰੀ ਤਾਰੀਫ ਕਰਦੀ ਏ, ਤੇ ਇਕ ਤੂੰ ਹੈਂ ਕਿ...। ਜਾਹ ਮਰ, ਡਿੱਗ ਕਿਸੇ ਗੱਟਰ ਗੱਡੇ ਵਿਚ। ਮੈਂ ਕਰੋੜ ਦੀ ਗੱਲ ਕਰਦੀ ਹਾਂ, ਜਿਹੋ ਜਿਹੀ ਤੇਰੀ ਕਰਤੂਤ ਹੈ ਨਾ, ਇਕ ਦਿਨ ਠੂਠਾ ਹੋਏਗਾ ਤੇਰੇ ਹੱਥ 'ਚ ਠੂਠਾ।

-ਬਬਲੀ ਰੁੱਸ ਜਾਂਦੀ ਹੈ।

ਜਾਦੂ ਜਾਣਦਾ ਹੈ ਸ਼ਾਮ ਤਕ ਮੰਨ ਜਾਏਗੀ। ਰਾਜਨ ਦੋ ਦਿਨਾਂ ਲਈ ਬਾਹਰ ਗਿਆ ਹੋਇਆ ਹੈ। ਜਿਵੇਂ ਤੈਅ ਹੈ, ਮਿਸਟਰ ਮਲਿਕ ਨੂੰ ਬੋਲਕੇ ਘਰ ਅੱਜ ਦੋ ਘੰਟੇ ਪਹਿਲਾਂ ਚਲੀ ਜਾਏਗੀ। ਬੱਚਿਆਂ ਨੂੰ ਵੇਖੇਗੀ ਤੇ ਛੇ ਵੱਜੇ ਉਹ ਜਾਦੂ ਦੇ ਇਕ ਦੋਸਤ ਦੇ ਘਰ ਇਕੱਠੇ ਹੋਣਗੇ। ਦੋਸਤ ਮੰਨ ਗਿਆ ਹੈ। ਦੋਸਤ ਦੀ ਪਤਨੀ ਸ਼ਹਿਰ 'ਚ ਨਹੀਂ ਹੈ, ਕੁਝ ਦਿਨ।

ਇਸ ਤੋਂ ਪਹਿਲਾਂ ਇਕ ਹੋਰ ਘਰ ਸੀ।

ਉਨ੍ਹੀਂ ਦਿਨੀਂ ਰਾਜਨ ਦੀ ਕੋਈ ਟਰੇਨਿੰਗ ਆ ਗਈ। ਉਹ ਤਾਂ ਜੀ ਹਰ ਦੂਜੇ ਦਿਨ ਆਉਣ ਲੱਗੇ, ਮੂੰਹ ਚੁੱਕ ਕੇ। ਘਰ ਵਾਲੀ ਨੇ ਘਰ ਵਾਲੇ ਦੀ ਖਾਟ ਖੜੀ ਕਰ ਦਿੱਤੀ-ਸਾਨੂੰ ਮੁੱਹਲੇ ਵਿਚ ਰਹਿਣ ਦੇਣਾ ਏਂ ਕਿ ਨਹੀਂ। ਇਨ੍ਹਾਂ ਦੋਹਾਂ ਤਾਂ ਮਰਨ ਮਿੱਟੀ ਚੁੱਕ ਲਈ ਏ। ਨਾਂਹ, ਕੋਈ ਤਾਂ ਸ਼ਰਮ ਹਯਾ ਹੁੰਦੀ ਏ ਬੰਦੇ ਨੂੰ। ਮੈਨੂੰ ਤਾਂ ਇਹਦਾ ਰੌਲਾ ਵੀ ਨਕਲੀ ਲੱਗਦਾ ਏ। ਜਿਵੇਂ ਆਸਮਾਨ ਸਿਰ ਤੇ ਚੁੱਕ ਲੈਂਦੀ ਹੈ। ਅਪਣੀ ਉਮਰ ਵੇਖ ਤੂੰ, ਦੋ ਬੱਚਿਆਂ ਦੀ ਮਾਂ ਏਂ, ਮੱਝ ਦੀ ਮੱਝ, ਤੇ ਰੌਲਾ ਇਸ ਤਰ੍ਹਾਂ ਪਾਏਗੀ ਜਿਵੇਂ ਚੌਦਾਂ ਸਾਲਾਂ ਦੀ ਕੁੜੀ ਚਿੜੀ ਹੋਵੇ...ਚਾਲੀਆਂ ਤੋਂ ਘੱਟ ਦੀ ਤਾਂ ਇਹ ਕਦੀ ਵੀ ਨਹੀਂ ਹੋਣੀ। ਮੈਂ ਤਾਂ ਹੈਰਾਨ ਹਾਂ, ਇਸ ਭਾਈ ਨੂੰ ਕੀ ਸ਼ੁਦਾਅ ਕੁੱਦਿਆ ਏ, ਬਈ ਤੇਰਾ ਚੰਗਾ ਭਲਾ ਘਰ ਬਾਰ ਏ, ਤੂੰ ਬਾਲ ਬੱਚੜਦਾਰ ਏਂ, ਸਮਝ ਕਰ ਕੁਝ।

ਇਸ ਤੋਂ ਬਾਦ ਬਬਲੀ ਤੇ ਇਕ ਨਵਾਂ ਭੂਤ ਸਵਾਰ ਹੋਇਆ। ਪਤਲੇ ਹੋਣਾ ਹੈ। ਪਤਲੇ ਹੋਣ ਦਾ ਜਿਹੜਾ ਵੀ, ਜਿਥੇ ਵੀ, ਕੋਈ ਇਸ਼ਤਿਹਾਰ ਹੱਥ ਲੱਗਾ, ਕੰਪਨੀ ਦਾ ਪਤਾ ਨੋਟ ਕੀਤਾ ਗਿਆ। ਡਰਾਫਟ ਬਣਵਾਏ ਗਏ। ਕੋਰੀਅਰ ਦਵਾਰਾ ਧੜਾ ਧੜ ਦਵਾਈਆਂ ਆਉਣ ਲੱਗੀਆਂ। ਸਵੇਰੇ ਐਲੋਪੈਥਿਕ, ਦੁਪਹਿਰੇ ਹੋਮੀਓ, ਸੌਣ ਤੋਂ ਪਹਿਲਾਂ ਕੋਈ ਆਯੁਰਵੈਦਿਕ। ਦਵਾਈਆਂ ਨਾਲ ਬਬਲੀ ਦਾ ਭਾਰ ਤਾਂ ਨਾ ਘਟਿਆ, ਸ਼ਕਲ ਜ਼ਰੂਰ ਵਿਗੜ ਗਈ। ਸ਼ੀਸ਼ਾ ਵੇਖ ਵੇਖ, ਖਾਣ ਪੀਣ ਸੰਬੰਧੀ ਨਿਰਦੇਸ਼ਾਂ ਦਾ ਕਟੜਤਾ ਨਾਲ ਪਾਲਨ ਕਰਨ ਕਰਕੇ ਕਮਜ਼ੋਰ ਹੋ ਗਈ। ਅੱਖਾਂ ਹੇਠ ਕਾਲੇ ਘੇਰੇ ਦਿੱਸਣ। ਗੱਲ੍ਹਾਂ ਤੇ ਚਟਾਕ। ਉਹ ਬਿਮਾਰ ਪੈ ਗਈ।

ਬਾਦ 'ਚ ਉਸ ਦੋਸਤ ਨੇ ਜਾਦੂ ਨੂੰ ਦੱਸਿਆ ਸੀ, ਬਬਲੀ ਦਿਲ ਨੂੰ ਲਗਾ ਬੈਠੀ ਹੈ, ਮਸਲਾ ਰੌਲੇ ਜਾਂ ਬਦਨਾਮੀ ਦਾ ਨਹੀਂ, ਦੂਸਰਾ ਸੀ। ਉਸਦੀ ਘਰ ਵਾਲੀ ਨੂੰ ਮੋਰੀ 'ਚੋਂ 'ਲਾਈਵ ਸ਼ੋ' ਵੇਖਣ ਦਾ ਚਸਕਾ ਸੀ। ਪਰ ਜਿਵੇਂ ਉਹ ਰੋਜ਼ ਰੋਜ਼ ਆਉਣ ਲੱਗੇ ਸਨ, ਜਿਵੇਂ ਦਾ ਪਸ਼ੂਆਂ ਵਰਗਾ ਉਨ੍ਹਾਂ ਦੋਹਾਂ ਦਾ ਵਤੀਰਾ ਸੀ, ਉਨ੍ਹਾਂ ਨੂੰ ਵੇਖਕੇ, ਉਸਦੀ ਤਬੀਅਤ ਖਰਾਬ ਹੋ ਜਾਂਦੀ ਸੀ।

-ਮੇਰਾ ਘਰ ਵਾਲਾ ਕਹਿੰਦਾ ਹੈ- ਮੈਂ ਤੈਨੂੰ ਕਿਸੇ ਦੂਸਰੇ ਆਦਮੀ ਨਾਲ ਕਦੀ ਵੇਖ ਲਿਆ ਤਾਂ ਕੁਝ ਪੁੱਛਾਂ ਗਿੱਛਾਂ ਨਹੀਂ, ਠਾਹ, ਠਾਹ, ਬੱਸ ਸਿੱਧੀ ਗੋਲੀ ਮਾਰ ਦਿਆਂਗਾ। ਤੈਨੂੰ ਵੀ ਤੇ ਉਸ ਬੰਦੇ ਨੂੰ ਵੀ। ਮੈਂ ਕੁਝ ਵੀ ਸਹਿਣ ਕਰ ਸਕਦਾ ਹਾਂ ਪਰ ਰਿਸ਼ਤਿਆਂ ਵਿਚ ਬੇਈਮਾਨੀ ਨਹੀਂ। ਮੈਨੂੰ ਦੁਨੀਆਂ ਵਿਚ ਜੇ ਕੋਈ ਚੀਜ਼ ਸੱਭ ਤੋਂ ਬੁਰੀ ਲੱਗਦੀ ਹੈ, ਤਾਂ ਉਹ ਹੈ ਧੋਖਾ।

ਕਿਵੇਂ ਕਾਲੀਆਂ ਐਨਕਾਂ ਲਗਾ ਲੈਂਦਾ ਹੈ, ਗੱਡੀ ਚਲਾਉਣ ਲੱਗਾ।

ਫੁਕਰਾ, ਇਕ ਨੰਬਰ ਦਾ। ਏਨਾ ਭੈੜਾ ਲੱਗਦਾ ਹੈ ਨਾ ਮੈਨੂੰ, ਉਸ ਵਕਤ।

ਕਿਵੇਂ ਟੇਢਾ ਟੇਢਾ ਹੋ, ਬਣ ਬਣ ਤੁਰਦਾ ਹੈ।

-ਕੁਝ ਦਿਨਾਂ ਤੋਂ ਛੋਟੀ ਮਾਮੀ ਸੁਨੀਤਾ ਆਈ ਹੋਈ ਹੈ। ਮੇਰੀ ਇਹ ਮਾਮੀ ਮੇਰੇ ਤੋਂ ਤਿੰਨ

ਚਾਰ ਸਾਲ ਛੋਟੀ ਹੈ। ਦੋ ਬੱਚੇ ਹਨ ਉਨ੍ਹਾਂ ਦੇ। ਦਰਸ਼ਨ ਮਾਮੇ ਦਾ ਆਸਾਮ ਵੱਲ ਦਾ ਗੇੜਾ ਸੀ। ਉਨ੍ਹਾਂ ਦੇ ਟਰੱਕ ਹਨ। ਮਾਮਾ ਆਖਣ ਲੱਗਾ-ਰਾਜਨ ਰੋਜ਼ ਫੋਨ ਕਰਦਾ ਏ, ਮੈਂ ਸੋਚਿਆ ਬੱਚੇ ਛੱਡ ਜਾਨਾਂ, ਚਾਰ ਦਿਨ ਰਹਿ ਜਾਣ, ਵਾਪਸੀ ਤੇ ਲੈ ਜਾਵਾਂਗਾ।

-ਰਾਜਨ ਨੇ ਲੇਟ ਆਉਣਾ ਸੀ। ਕਹਿਕੇ ਗਿਆ ਸੀ -ਕਿਸੇ ਦੋਸਤ ਦਾ ਜਨਮ ਦਿਨ ਹੈ, ਦੇਰ ਹੋ ਸਕਦੀ ਹੈ।

- ਰਾਤ ਮੇਰੀ ਅੱਖ ਖੁੱਲ੍ਹੀ, ਮੈਂ ਘੜੀ ਵੇਖੀ, ਦੋ ਵੱਜੇ ਸਨ। ਰਾਜਨ ਅਜੇ ਤਕ ਨਹੀਂ ਆਇਆ। ਤਾਂ ਹੀ ਸੱਜੇ ਹੱਥ ਮੈਨੂੰ ਮੇਜ਼ ਤੇ ਉਸਦਾ ਰਿਵਾਲਵਰ ਅਤੇ ਮੋਬਾਇਲ ਪਏ ਦਿੱਸੇ। ਰਿਵਾਲਵਰ ਤੇ ਮੋਬਾਇਲ ਹਨ ਤਾਂ ਇਸ ਵਕਤ ਆਪ ਕਿੱਥੇ ਹੈ ਰਾਜਨ। ਮੈਂ ਉੱਠੀ, ਰਸੋਈ ਵਿਚ ਨਹੀਂ, ਬਾਥਰੂਮ 'ਚ ਨਹੀਂ, ਹੇਠਾਂ ਜਾਕੇ ਵੇਖਿਆ, ਨਾਲ ਦੇ ਬੱਚਿਆਂ ਵਾਲੇ ਕਮਰੇ 'ਚ ਗਈ ਤਾਂ ਵੇਖਿਆ ਕਿ ਅਪਣੇ ਬੈੱਡ ਤੇ ਸੁਨੀਤਾ ਮਾਮੀ ਵੀ ਨਹੀਂ ਹੈ। ਮੈਂ ਹੈਰਾਨ, ਮੇਰਾ ਦਿਲ ਜ਼ੋਰ ਜ਼ੋਰ ਨਾਲ ਧੜਕਣ ਲੱਗਾ। ਮੈਂ ਵਾਹੋ ਦਾਹੀ ਛੱਤ ਤੇ ਚੜ੍ਹੀ, ਸਾਡੀ ਛੱਤ ਉਪਰ ਇਕ ਕਮਰਾ ਹੈ। ਇਕ ਮੰਜੀ ਤੇ ਐਵੇਂ ਟੁੱਟ ਫੁੱਟ ਪਈ ਏ ਉਸ ਵਿਚ। ਮੈਨੂੰ ਲੱਗਾ, ਤਿੱਖੇ ਤਿੱਖੇ ਸਾਹ ਅਤੇ ਖੁਸਰ ਪੁਸਰ ਦੀਆਂ ਕੁਝ ਆਵਾਜ਼ਾਂ, ਮੇਰੇ ਪੈਰਾਂ ਦੀ ਚਾਪ ਸੁਣਕੇ ਚੁੱਪ ਹੋ ਗਈਆਂ ਹਨ। ਮੇਰਾ ਦਿਲ ਕੀਤਾ ਅੱਗੇ ਵੱਧ ਕੇ ਬੱਤੀ ਜਗਾ ਦੇਵਾਂ, ਪਰ ਮੈਂ ਡਰ ਗਈ। ਮੈਂ ਕਿਵੇਂ ਵੇਖ ਪਾਵਾਂਗੀ ਰਾਜਨ ਅਤੇ ਸੁਨੀਤਾ ਮਾਮੀ ਨੂੰ ਨੰਗਿਆਂ। ਮੇਰੀਆਂ ਲੱਤਾਂ ਕੰਬਣ ਲੱਗੀਆਂ। ਸਾਹ ਸੱਤ ਹੀ ਨਹੀਂ ਸੀ ਰਿਹਾ, ਜਿਵੇਂ ਸਰੀਰ ਵਿਚ। ਰਾਜਨ ਇਹੋ ਜਿਹਾ ਗੰਦਾ ਬੰਦਾ ਹੈ। ਸੁਨੀਤਾ ਮਾਮੀ, ਇੰਝ ਦੀ ਗਿਰੀ ਹੋਈ। ਇੰਨੇ ਚੰਗੇ ਦਰਸ਼ਨ ਮਾਮੇ ਨਾਲ ਧੋਖਾ ਕਰਨ ਵਾਲੀ । ਇਹ ਕੀ ਹੈ ਮੇਰੇ ਰੱਬਾ- ਮੈਨੂੰ ਲੱਗਾ ਮੇਰਾ ਰੋਣ ਨਿਕਲ ਜਾਏਗਾ। ਮੈਂ ਹੇਠਾਂ ਆ ਗਈ।

ਹੇਠਾਂ ਆਕੇ ਸਭ ਤੋਂ ਪਹਿਲਾਂ ਮੈਂ ਰਾਜਨ ਦਾ ਪਿਸਤੌਲ ਡਸਟਬਿਨ 'ਚ ਛੁਪਾਇਆ। ਜਾਕੇ ਪੌੜੀਆਂ ਕੋਲ ਖਲੋ ਗਈ। ਤੇ ਉਡੀਕ ਕਰਨ ਲੱਗੀ।

ਦੂਰੋਂ ਕਿਤੇ ਕਿਸੇ ਜਗਰਾਤੇ 'ਚ ਗਾਈਆਂ ਜਾ ਰਹੀਆਂ, ਮਾਤਾ ਦੀਆਂ ਭੇਟਾਂ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਪਹਾੜਾਂ ਵਾਲੀ ਦੀ ਮਹਿਮਾ ਦਾ ਗੁਣਗਾਨ ਹੋ ਰਿਹਾ ਸੀ ।

ਮੇਰੇ ਸਾਹਮਣੇ ਮੇਰਾ ਘਰ ਸੀ। ਇਕ ਕੋਨੇ ਵਿਚ ਮੰਦਿਰ, ਗੋਟੇ ਕਿਨਾਰੀ ਵਿਚ ਲਿਪਟੀ, ਸ਼ੇਰ ਤੇ ਸਵਾਰ ਮਾਂ ਭਵਾਨੀ। ਨਵਾਂ ਨਵਾਂ ਰੰਗ ਰੋਗਣ ਕੀਤੀਆਂ ਦੀਵਾਰਾਂ, ਸਾਡੇ ਪਰਿਵਾਰ ਦੀ ਵੱਡੀ ਸਾਰੀ ਗਰੁੱਪ ਫੋਟੋ -ਅਲਕਾ, ਮੈਂ, ਰਾਜਨ, ਆਰਤੀ। ਝਿਲਮਿਲ ਝਿਲਮਿਲ ਕਰ ਰਿਹਾ ਸੋਫਾ, ਛੱਤ, ਤਿੰਨ ਸੌ ਰੁਪਏ ਮੀਟਰ ਵਾਲੇ ਗੁਲਾਬੀ ਰੰਗ ਦੇ, ਨੈੱਟ ਦੇ ਪਰਦੇ, ਬੈੱਡ ਤੇ ਇਸ ਵਕਤ ਘੂਕ ਸੁੱਤੇ ਪਏ ਮੇਰੇ ਅਤੇ ਸੁਨੀਤਾ ਮਾਮੀ ਦੇ ਅਨਭੋਲ ਬੱਚੇ। ਤੇ ਉਧਰ ਛੱਤ ਉਪਰ ਰਾਜਨ ਅਤੇ ਸੁਨੀਤਾ ਮਾਮੀ ਵਿਚਕਾਰ ਕੀ ਚਲ ਰਿਹਾ ਸੀ, ਕਿਹੜੀ ਕੜ੍ਹੀ ਘੁਲ ਰਹੀ ਸੀ। ਇਕ ਪਲ ਮੇਰਾ ਦਿਲ ਕੀਤਾ ਤੇਲ ਦੀ ਕੇਨੀ ਸੁੱਟ ਕੇ ਅੱਗ ਲਗਾ ਦਿਆਂ ਇਸ ਤਰ੍ਹਾਂ ਦੇ ਘਰ ਨੂੰ। ਇਹ ਘਰ ਹੈ ਕਿ ਵੇਸਵਾ ਘਰ।

ਮੇਰਾ ਸਿਰ ਫੱਟ ਰਿਹਾ ਸੀ।

ਇਹ ਚੱਕਰ ਤਾਂ ਦੇਰ ਤੋਂ ਚੱਲ ਰਿਹਾ ਹੈ। ਮੈਨੂੰ ਯਾਦ ਆਇਆ ਇਕ ਵਾਰ ਜਦੋਂ ਮੈਂ ਬੀ.ਐਡ. ਦੇ ਕਾਨਟੈਕਟ ਪ੍ਰੋਗਰਾਮ ਤੇ ਮੇਰਠ ਗਈ ਸਾਂ ਪੰਦਰਾਂ ਦਿਨਾਂ ਲਈ, ਪਿੱਛੋਂ ਬੱਚਿਆਂ ਦਾ ਬਹਾਨਾ ਕਰ ਮਾਮੀ ਨੂੰ ਬੁਲਾ ਲਿਆ ਸੀ ਰਾਜਨ ਨੇ। ਦਸ ਦਿਨ ਰਹੀ ਸੀ ਸੁਨੀਤਾ ਮਾਮੀ ਮੇਰੇ ਘਰ। ਤੇ ਮੇਰੇ ਤਾਏ ਦੀ ਨੂੰਹ ਸਿਮਰਨ...ਤੇ...। ਇਹਦੇ ਤਾਂ ਯਾਰ ਦੋਸਤ ਹੀ ਅਜਿਹੇ ਹਨ। ਸ਼ਕਲ ਤੋਂ ਹੀ ਗੁੰਡੇ। ਐਵੇਂ ਤਾਂ ਨਹੀਂ ਰਾਤ ਬਾਰਾਂ ਬਾਰਾਂ ਵਜੇ ਘਰ ਮੁੜਦਾ। ਕਹਿ ਕੇ ਕਿਤੇ ਜਾਂਦਾ ਹੈ, ਵਾਪਿਸ ਕਿਤੋਂ ਆਏਗਾ। ਮੈਂ ਇਸ ਨੂੰ ਸੱਤ ਅਨਾਜ ਪਿਸਵਾ ਪਿਸਵਾ, ਦੇਸੀ ਘਿਓ ਦੇ ਪਰੌਂਠੇ ਬਣਾ ਬਣਾਕੇ



ਖਵਾਉਂਦੀ ਰਹੀ ਹਾਂ, ਕਿ ਇਸ ਜਿਮ ਜਾਣਾ ਹੁੰਦਾ ਹੈ। ਮਿਹਨਤ ਕਰਦਾ ਹੈ। ਮੈਨੂੰ ਕੀ ਪਤਾ ਸੀ ਇਨੇ ਭੈੜੇ ਕਿਰਦਾਰ ਦਾ ਮਾਲਕ ਹੈ ਇਹ। ਸ਼ਰੀਫ ਸਮਝਦੀ ਰਹੀ ਹਾਂ ਮੈਂ ਇਸ ਨੂੰ, ਇੰਨੇ ਸਾਲ। ਡਰਦੀ ਰਹੀ ਹਾਂ ਕਿ ਮੈਂ ਪਾਪਣ ਹਾਂ-ਭਗਵਾਨ ਮੈਨੂੰ ਮੁਆਫ ਕਰ ਦੇਈਂ। ਮੈਂ ਸੋਚਦੀ ਹੁੰਦੀ ਸਾਂ ਦੋ ਕੁੜੀਆਂ ਹਨ, ਮੈਂ ਇਸ ਨੂੰ ਮੁੰਡਾ ਨਹੀਂ ਜੰਮ ਕੇ ਦੇ ਸਕੀ ਇਸ ਲਈ ਖਿਝ ਕੱਢਦਾ ਹੈ ਮੇਰੇ ਤੇ। ਮੈਂ ਗੁਨਾਹਗਾਰ ਹਾਂ ਇਸਦੀ।

-ਕੁਝ ਦੇਰ ਬਾਦ ਕਮੀਜ ਟੁੰਗਦਾ ਅਤੇ ਅਪਣੀ ਪੈਂਟ ਦੀ ਜਿਪ ਬੰਦ ਕਰਦਾ ਪਸੀਨਾ ਪਸੀਨਾ ਹੋਇਆ ਰਾਜਨ, ਹੇਠਾਂ ਉਤਰਿਆ ਤੇ ਮੇਰੇ ਕੋਲੋਂ ਮੁਆਫੀ ਮੰਗਣ ਲੱਗਾ-

-ਮੈਂ ਪੀਤੀ ਹੋਈ ਸੀ, ਉਧਰ ਬੱਚਿਆਂ ਨੂੰ ਚੁੰਮ ਰਿਹਾ ਸਾਂ, ਮਾਮੀ ਨੇ ਮੇਰੀ ਬਾਂਹ ਫੜ ਲਈ। ਦੱਸ ਮੈਂ ਕੀ ਕਰਦਾ। ਨਸ਼ੇ 'ਚ ਰਿਹਾ ਨਹੀਂ ਗਿਆ।

-ਸੱਭ ਝੂਠ, ਜਿਵੇਂ ਪਿਓ ਲਾਡ ਕਰਦੇ ਨੇ ਧੀਆਂ ਨੂੰ, ਇਹ ਤਾਂ ਮੇਰੀਆ ਧੀਆਂ ਨਾਲ ਕਦੀ ਸਿੱਧੇ ਮੂੰਹ ਗੱਲ ਨਹੀਂ ਕਰਦਾ।

-ਮੈਨੂੰ ਖੁਸ਼ੀ ਸੀ ਕਿ ਰੰਗੇ ਹੱਥੀਂ ਫੜਿਆ ਗਿਆ ਏ ਉਹ, ਨਾਲ ਦੁੱਖ ਵੀ ਕਿ ਫੜਿਆ ਮੇਰੀ ਮਾਮੀ ਨਾਲ ਗਿਐ। ਕਿਸੇ ਨੂੰ ਕੀ ਦੱਸਾਂਗੀ । ਕੋਈ ਹੋਰ ਹੁੰਦੀ ਤਾਂ ਮੈਂ ਸਾਰੇ ਸ਼ਹਿਰ 'ਚ ਢੋਲ ਵਜਾਉਂਦੀ। ਕਾਵਾਂ, ਕਬੂਤਰਾਂ ਤਕ ਨੂੰ ਆਖਦੀ। ਸਭ ਤੋਂ ਪਹਿਲਾਂ ਤਾਂ ਮੈਂ ਇਸਦੀ ਮਾਂ ਦਾ ਗਲ ਫੜਦੀ। ਉਸਨੂੰ ਪੁੱਛਦੀ-ਵੇਖ ਅਪਣੇ ਲਾਡਲੇ ਦੀ ਕਰਤੂਤ।

ਲਾਹਨਤਾਂ ਨਾਲ ਲਿਬੜਿਆ, ਉਸਦਾ ਮੂੰਹ ਵੇਖਣ ਵਾਲਾ ਸੀ ਉਸ ਵਕਤ।

ਸ਼ਰਮ ਨਾਲ ਅੱਖਾਂ ਨਹੀਂ ਸੀ ਮਿਲਾ ਪਾ ਰਿਹਾ ਮੇਰੇ ਨਾਲ।

-ਮੇਰਾ ਘਰ ਹੀ ਮਿਲਿਆ ਸੀ ਤੈਨੂੰ ਮੂੰਹ ਕਾਲਾ ਕਰਨ ਨੂੰ।

ਮੈਂ ਉਸ ਦੀ ਉਹ ਲਾਹ ਪਾ ਕੀਤੀ, ਉਹ ਸੁਣਾਈਆਂ ਉਸਨੂੰ ਕਿ ਮੇਰੇ ਪੈਰੀਂ ਡਿੱਗ ਪਿਆ।

—ਹੱਥ ਜੋੜਨਾਂ ਮੈਂ ਤੇਰੇ, ਦੱਸੀਂ ਨਾ ਕਿਸੇ ਨੂੰ। ਨਹੀਂ ਤਾਂ ਆਤਮ ਹੱਤਿਆ ਕਰਲਾਂ ਗਾ ਮੈਂ।

ਮੈਂ ਖੁਸ਼ ਕਿ ਅੱਜ ਕਾਬੂ ਆਇਆ ਹੈ। ਸਾਰੀ ਉਮਰ ਸਿਰ ਨਹੀਂ ਚੁੱਕ ਸਕੇਗਾ ਹੁਣ ਮੇਰੇ ਸਾਹਮਣੇ। ਮੇਰੇ ਸਿਰ ਤੋਂ ਜਿਵੇਂ ਸਦੀਆਂ ਦਾ ਬੋਝ ਲੱਥ ਗਿਆ ਸੀ। ਉਹ ਕਹੇ- ਆਖਿਰ ਇਨਸਾਨ ਹਾਂ, ਗਲਤੀ ਹੋ ਗਈ ਮੁਆਫ ਕਰਦੇ। ਗਲਤੀ ਕਿਸੇ ਕੋਲੋਂ ਵੀ ਹੋ ਸਕਦੀ ਹੈ। ਐਂਟੀਕਿਊਟੀ ਸੀ, ਮੈਨੂੰ ਜ਼ਿਆਦਾ ਚੜ੍ਹ ਜਾਂਦੀ ਹੈ। ਤੈਨੂੰ ਪਤਾ ਹੀ ਹੈ, ਮੈਨੂੰ ਸੂਟ ਨਹੀਂ ਕਰਦੀ।-ਜਾਨ ਤੇਰੇ ਸਾਹਮਣੇ ਤੇਰੀ ਇਹ ਕੋਹੜ ਕਿਰਲੀ ਜਿਹੀ ਮਾਮੀ ਕੀ ਸ਼ੈ ਹੈ। ਤੂੰ ਇੰਨੀ ਸੁਹਣੀ ਏਂ। ਆ ਮੇਰੇ ਗਲ ਲੱਗ, ਆ ਮੇਰਾ ਭੋਲਾ ਪਹਿਲਵਾਨ। ਜੱਫੀ ਪਾਉਣ ਲੱਗਾ ਤਾਂ ਮੈਂ ਧੱਕਾ ਦੇਕੇ ਪਰਾਂ ਸੁੱਟਿਆ -ਜੇ ਤੂੰ, ਮੈਨੂੰ ਇਸ ਤਰ੍ਹਾਂ ਉੱਤੋਂ ਫੜਿਆ ਹੁੰਦਾ ਦਰਸ਼ਨ ਮਾਮੇ ਨਾਲ, ਤਾਂ ਕੀ ਹਾਲਤ ਹੁੰਦੀ ਤੇਰੀ। ਖੜ੍ਹੀ ਖਲੋਤੀ ਨੂੰ ਗੋਲੀ ਨਾ ਮਾਰ ਦਿੱਤੀ ਹੁੰਦੀ, ਤੂੰ ਮੈਨੂੰ।

ਉਸ ਕੋਲ ਕੋਈ ਜਵਾਬ ਨਹੀਂ ਸੀ।

# ਮਿਰਜ਼ਾ/ਹਰਜੀਤ ਅਟਵਾਲ

ਉਹ ਆਪਣੇ ਗਾਰਡਨ ਵਿਚ ਖੜ੍ਹਾ ਆਪਣੇ ਉਪਰੋਂ ਦੀ ਉੱਡ ਰਹੇ ਜਹਾਜ਼ਾਂ ਨੂੰ ਦੇਖ ਰਿਹਾ ਹੈ। ਇਹਨਾਂ ਵਿਚੋਂ ਹੀ ਇਕ ਜਹਾਜ਼ ਤੇਜੀ ਦਾ ਹੋਵੇਗਾ। ਤੇਜੀ, ਉਸ ਦੀ ਜਾਨ, ਉਸ ਦੀ ਮਹਿਬੂਬਾ, ਉਸ ਦੀ ਸਾਹਿਬਾਂ ਜਿਸ ਦਾ ਅੱਜ ਉਹ ਮਿਰਜ਼ਾ ਬਣਿਆ ਖੜ੍ਹਾ ਹੈ। ਪੈਂਤੀ ਸਾਲ ਬਾਅਦ ਹੀ ਸਹੀ ਪਰ ਹੈ ਤਾਂ ਉਹ ਹੁਣ ਮਿਰਜ਼ਾ। ਇੰਨੇ ਲੰਮੇ ਸਮੇਂ ਬਾਅਦ ਤੇਜੀ ਉਸ ਨੂੰ ਮਿਰਜ਼ਾ ਬਣਾਉਣ ਲਈ ਲੰਡਨ ਆਉਂਦੀ ਹੈ। ਉਸ ਦੇ ਮੂੰਹੋਂ ਨਿਕਲਦਾ ਹੈ–'ਥੈਂਕਸ ਤੇਜੀ, ਥੈਂਕਸ ਫੋਰ ਕਮਿੰਗ!' ਜੇ ਉਹ ਲੰਡਨ ਨਾ ਆਉਂਦੀ ਤਾਂ ਉਹ ਰਹਿ ਜਾਂਦਾ; ਮਜਨੂੰ, ਰਾਂਝਾ ਜਾਂ ਫਿਰ ਸਾਧਾਰਣ ਜਿਹਾ ਸੁੱਖਾ। ਤੇਜੀ ਦੀ ਫਲਾਈਟ ਅੱਠ ਵਜੇ ਦੀ ਹੈ ਤੇ ਹੁਣ ਵੱਜ ਗਏ ਹਨ ਸਾਢੇ ਅੱਠ, ਇਹਨਾਂ ਜਹਾਜ਼ਾਂ ਵਿਚੋਂ ਹੀ ਇਕ ਉਸ ਨੂੰ ਲੈ ਕੇ ਉਡਿਆ ਹੋਵੇਗਾ। ਉਸ ਨੂੰ ਯਕੀਨ ਆਉਣ ਲਗਦਾ ਹੈ ਕਿ ਹੁਣ ਤੇਜੀ ਗਈ। ਉਹ ਅੰਦਰ ਸਿਟਿੰਗ ਰੂਮ ਵਿਚ ਆ ਜਾਂਦਾ ਹੈ ਜਿਥੇ ਉਸ ਦੀ ਪਤਨੀ ਬੈਠੀ ਹੈ, ਪਤਨੀ ਦੀ ਮਾਂ ਤੇ ਪਿਤਾ ਹਨ ਜੋ ਉਹਨਾਂ ਕੋਲ ਪੱਕੇ ਤੌਰ 'ਤੇ ਰਹਿੰਦੇ ਹਨ। ਉਹ ਕੁਝ ਦੇਰ ਉਹਨਾਂ ਕੋਲ ਬੈਠ ਆਪਣੇ ਕਮਰੇ ਵਿਚ ਕੰਪਿਊਟਰ ਨੂੰ ਜਾ ਲਗਦਾ ਹੈ। ਜਿਸ ਵਿਚੋਂ ਉਹ ਕੋਈ ਨੌਕਰੀ ਲੱਭਣ ਦੀ ਕੋਸ਼ਿਸ਼ ਕਰੇਗਾ ਹਾਲੇ ਕਿ ਉਸ ਨੂੰ ਯਕੀਨ ਹੈ ਕਿ ਨੌਕਰੀ ਉਸ ਨੂੰ ਨਹੀਂ ਮਿਲਣ ਲਗੀ। ਨੌਕਰੀ ਲਈ ਤਾਂ ਹੁਣ ਜਵਾਨ ਵਿਹਲੇ ਤੁਰੇ ਫਿਰਦੇ ਹਨ, ਉਸ ਦੀ ਉਮਰ ਵਾਲੇ ਨੂੰ ਕੌਣ ਕੰਮ ਦੇ ਦੇਵੇਗਾ।

ਤੇਜੀ, ਉਸ ਦੀ ਮਹਿਬੂਬਾ। ਖਾਲਸਾ ਕਾਲਜ ਜਲੰਧਰ ਸਮੇਂ ਦੀ ਮਹਿਬੂਬਾ। ਇਕੱਠੇ ਪੰਜਾਬੀ ਦੀ ਐਮ. ਏ. ਵਿਚ ਦਾਖਲ ਹੋਣ ਗਏ। ਸੁੱਖੇ ਦੇ ਲਾਠ ਵਰਗੇ ਸਰੀਰ ਵਿਚ ਤੇਜੀ ਨੂੰ ਕੁਝ ਨਜ਼ਰ ਆਇਆ ਕਿ ਉਸ ਵੱਲ ਖਿੱਚੀ ਚਲੇ ਗਈ। ਇਵੇਂ ਹੀ ਸੁੱਖੇ ਨੂੰ ਤੇਜੀ ਦਾ ਮਲੂਕ ਜਿਹਾ ਵਜੂਦ ਚੰਗਾ ਲਗਿਆ। ਸੁੱਖਾ ਨੇੜੇ ਦੇ ਕਿਸੇ ਕਾਲਜ ਵਿਚੋਂ ਆਇਆ ਸੀ ਪਰ ਤੇਜੀ ਇਸੇ ਕਾਲਜ ਦੀ ਵਿਦਿਆਰਥਣ ਸੀ, ਪੋਸਟ ਗਰੇਜੂਏਟ ਦੀਆਂ ਜਮਾਤਾਂ ਵਿਚ ਇਕੱਠੇ ਹੋਏ ਸਨ। ਤੇਜੀ ਦਾ ਪਿੰਡ ਸ਼ਹਿਰ ਦੇ ਨਜ਼ਦੀਕ ਹੀ ਸੀ। ਉਸ ਦੇ ਪਿਓ ਦਾ ਕੰਮ ਵਧੀਆ ਸੀ। ਸਬਜ਼ੀਆਂ ਬੀਜਦਾ ਤੇ ਟਰੈਕਟਰ ਭਰ ਕੇ ਸ਼ਹਿਰ ਸੁੱਟ ਦਿੰਦਾ। ਸ਼ਹਿਰ ਦੇ ਨੇੜੇ ਜ਼ਮੀਨ ਹੋਣ ਦਾ ਭਰਪੂਰ ਫਾਇਦਾ ਸੀ ਉਸ ਨੂੰ ਪਰ ਸੁੱਖੇ ਦੇ ਪਿਓ ਦਾ ਕੰਮ ਕੁਝ ਢਿਲਾ ਸੀ, ਸਧਾਰਣ ਜਿਹਾ ਕਿਸਾਨ ਜੋ ਬੜੀ ਮੁਸ਼ਕਲ ਨਾਲ ਸੁੱਖੇ ਨੂੰ ਪੜ੍ਹਾ ਰਿਹਾ ਸੀ। ਸੁੱਖੇ ਨੂੰ ਇਸ ਗੱਲ ਦਾ ਅਹਿਸਾਸ ਸੀ ਤੇ ਚਾਹੁੰਦਾ ਸੀ ਕਿ ਜਲਦੀ ਕਿਸੇ ਕੰਮ 'ਤੇ ਲਗ ਕੇ ਪਿਓ ਲਈ ਸਹਾਰਾ ਬਣੇ ਪਰ ਤੇਜੀ ਦੀ ਚਿੰਤਾ ਸਿਰਫ ਵਧੀਆ ਪਤੀ ਲਭਣ ਦੀ ਹੀ ਸੀ। ਉਹਨਾਂ ਦੋਨਾਂ ਦਾ ਪਿਆਰ ਇਸ ਸਭ ਕਾਸੇ ਤੋਂ ਬੇਖਬਰ ਸੀ।

ਕੰਟੀਨ ਵਿਚ ਬੈਠਦੇ ਤਾਂ ਸੁੱਖਾ ਉਸ ਵੱਲ ਦੇਖਦਾ ਰਹਿੰਦਾ ਤੇ ਕਹਿੰਦਾ,

"ਤੇਜੀ, ਤੂੰ ਏਨੀ ਸੁਹਣੀ ਐਂ ਕਿ ਮੇਰਾ ਮਿਰਜ਼ਾ ਬਣਨ ਨੂੰ ਦਿਲ ਕਰਦਾ।"

"ਸ਼ਾਇਦ ਏਹ ਦੀ ਲੋੜ ਈ ਨਾ ਪਵੇ, ਗੱਲ ਕਰ ਆਪਣੇ ਘਰਦਿਆਂ ਨਾਲ਼, ਉਹ ਕਰਨ ਮੇਰੇ ਘਰਦਿਆਂ ਨਾਲ ਤੇ ਬਣ ਜਾ ਮਿਰਜ਼ਾ।"

"ਏਦਾਂ ਤਾਂ ਸਾਲ਼ਾ ਹਰੇਕ ਈ ਕਰਦਾ ਫਿਰਦਾ, ਇਹ ਕਾਹਦਾ ਹੋਇਆ ਮਿਰਜ਼ਾ!"

"ਹੋਰ ਮਿਰਜ਼ਾ ਕਿੱਦਾਂ ਬਣਨਾਂ?"

"ਵਿਆਹ ਤੋਂ ਪਹਿਲਾਂ ਈ ਤੈਨੂੰ ਚੁੱਕ ਕੇ।"

ਤੇਜੀ ਹੱਸਣ ਲਗਦੀ ਕਿ ਇਹ ਕਿਹੋ ਜਿਹੀਆਂ ਗੱਲਾਂ ਕਰਦਾ। ਹੋਰ ਸਾਲ ਨੂੰ ਪੜ੍ਹਾਈ ਖਤਮ ਹੋ ਜਾਵੇਗੀ, ਦੋਵਾਂ ਦੇ ਘਰ ਵਾਲੇ ਸ਼ਾਇਦ ਹੀ ਇਤਰਾਜ਼ ਕਰਨ ਤੇ ਵਿਆਹ ਹੋ ਜਾਵੇਗਾ ਪਰ ਸੁੱਖਾ ਇਹ ਗੱਲ ਕਹਿੰਦਾ ਰਹਿੰਦਾ। ਸੁੱਖਾ ਸਿਨਮੇ ਹਾਲ ਵਿਚ ਫਿਲਮ ਦੇਖਦਿਆਂ ਉਸ ਦੇ ਜਿਸਮ ਨੂੰ



ਮਿਣਨ ਲਗਦਾ, ਕੁਝ ਦੇਰ ਸੁੱਖੀ ਚੁੱਪ ਰਹਿੰਦੀ ਤੇ ਫਿਰ ਉਸ ਦਾ ਹੱਥ ਝਟਕਦੀ ਕਹਿੰਦੀ,

"ਵਿਆਹ ਤੋਂ ਬਾਅਦ।"

"ਮੈਂ ਮਿਰਜ਼ਾ, ਮੈਂ ਇੰਨੀ ਦੇਰ ਨਹੀਂ ਉਡੀਕ ਸਕਦਾ।"

...ਤੇ ਲੰਡਨ ਦੇ ਸਿਨਮੇ ਹਾਲ ਵਿਚ ਬੈਠੀ ਤੇਜੀ ਉਸ ਦੇ ਹੱਥ ਨੂੰ ਬਿਲਕੁਲ ਨਹੀਂ ਰੋਕਦੀ। ਸੁੱਖਾ ਹੈਰਾਨ ਹੋਇਆ ਕਹਿੰਦਾ ਹੈ,

"ਕਮਾਲ ਐ ਜਾਨ, ਨਾ ਤੇਰਾ ਢਿੱਡ ਵਧਿਆ ਤੇ ਨਾ ਈ ਛਾਤੀਆਂ ਢਿੱਲੀਆਂ ਪਈਆਂ, ਕੀ ਰਾਜ਼ ਐ?"

"ਯੋਗਾ।"

ਕਹਿ ਕੇ ਤੇਜੀ ਹੱਸਦੀ ਹੈ। ਸੁੱਖਾ ਧਿਆਨ ਨਾਲ ਦੇਖਦਾ ਹੈ ਕਿ ਤੇਜੀ ਉਪਰ ਪਿਛਲੇ ਪੈਂਤੀ ਸਾਲਾਂ ਨੇ ਕੋਈ ਖਾਸ ਅਸਰ ਨਹੀਂ ਛੱਡਿਆ ਜਦ ਕਿ ਉਹ ਮੋਟਾ ਵੀ ਹੋ ਗਿਆ ਹੈ, ਵਾਲ ਵੀ ਸਫ਼ੈਦ ਹੋ ਚਲੇ ਹਨ। ਚਾਲ ਵਿਚ ਵੀ ਉਹ ਤੇਜ਼ੀ ਨਹੀਂ ਰਹੀ। ਚਾਲ ਦਾ ਤਾਂ ਉਸ ਦਿਨ ਲੰਡਨ ਵਿਚ ਤੁਰਦਿਆਂ ਹੀ ਪਤਾ ਚਲ ਜਾਂਦਾ ਹੈ ਜਦ ਉਹ ਤੇਜੀ ਨਾਲੋਂ ਪਿੱਛੇ ਰਹਿਣ ਲਗਦਾ ਹੈ।

ਦੋਵਾਂ ਨੇ ਪੜ੍ਹਾਈ ਖਤਮ ਕਰ ਲਈ। ਵਿਆਹ ਦੀ ਗੱਲ ਵੀ ਤੁਰ ਪਈ। ਦੋਵੇਂ ਨੌਕਰੀ ਦੀ ਤਲਾਸ਼ ਵਿਚ ਵੀ ਨਿਕਲ ਪਏ ਪਰ ਕਾਲਜ ਤੋਂ ਬਾਹਰ ਦੁਨੀਆ ਬਹੁਤ ਵਿਸ਼ਾਲ ਸੀ। ਬਹੁਤ ਸਾਰੇ ਸੁਫਨੇ ਕਾਲਜ ਦੀ ਇਮਾਰਤ ਵਿਚ ਰਹਿੰਦਿਆਂ ਦੇਖੇ ਜਾ ਸਕਦੇ ਹਨ ਪਰ ਬਾਹਰ ਆ ਕੇ ਹਕੀਕਤ ਕੁਝ ਹੋਰ ਹੁੰਦੀ ਹੈ। ਤੇਜੀ ਨੂੰ ਨੌਕਰੀ ਨਾ ਮਿਲੀ ਤਾਂ ਉਸ ਨੇ ਬੀ. ਐੱਡ ਵਿਚ ਦਾਖਲਾ ਲੈ ਲਿਆ ਤੇ ਸੁੱਖਾ ਕਿਸੇ ਪ੍ਰਾਈਵੇਟ ਸਕੂਲ ਵਿਚ ਥੋੜ੍ਹੇ ਜਿਹੇ ਪੈਸਿਆਂ 'ਤੇ ਕੰਮ ਕਰਨ ਲਗਿਆ। ਉਹਨਾਂ ਦੇ ਵਿਆਹ ਦੀ ਗੱਲ ਵਿਚ ਅੜਿੱਕਾ ਆਣ ਲਗਿਆ ਇਕ ਤਾਂ ਅਮੀਰੀ-ਗਰੀਬੀ ਦਾ ਵੀ ਸੀ ਤੇ ਦੂਜਾ ਜੱਟ-ਸੈਣੀ ਦਾ ਵੀ। ਇਕ ਦਿਨ ਫਿਲਮ ਦੇਖਦਿਆਂ ਸੁੱਖੇ ਨੇ ਕਿਹਾ,

"ਤੇਜੀ, ਚਲ ਕੁਝ ਦਿਨਾਂ ਲਈ ਸ਼ਿਮਲੇ ਚੱਲੀਏ।"

"ਸ਼ਿਮਲੇ ਕੀ ਕਰਨਾ?"

"ਜੋ ਮਿਰਜ਼ਾ ਕਰਦਾ ਹੀ ਹੁੰਦਾ।"

ਤੇਜੀ ਹੱਸਣ ਲਗੀ ਤੇ ਬੋਲੀ,

"ਤੂੰ ਕੋਈ ਢੰਗ ਦੀ ਨੌਕਰੀ ਲੱਭ, ਕਿਸੇ ਕਾਲਜ ਵਿਚ, ਮੈਂ ਵੀ ਬੀ. ਐੱਡ ਕਰ ਲਵਾਂ, ਜ਼ਰਾ ਕੁ ਪੈਰਾਂ 'ਤੇ ਖੜ੍ਹ ਕੇ ਆਪਾਂ ਘਰਦਿਆਂ ਤੋਂ ਬਾਹਰੇ ਹੋ ਕੇ ਵਿਆਹ ਕਰਾ ਲੈਨੇਂ ਆਂ।"

ਸੁੱਖਾ ਟੱਕਰਾਂ ਮਾਰਦਾ ਰਿਹਾ ਪਰ ਕਾਲਜ ਵਿਚ ਪ੍ਰੋਫੈਸਰੀ ਉਸ ਨੂੰ ਨਾ ਮਿਲੀ। ਪੰਜਾਬੀ ਦੇ ਐਮ. ਏ. ਇੰਨੇ ਸਨ ਕਿ ਅਗੇ ਖਾਲੀ ਥਾਂਵਾਂ ਬਹੁਤ ਥੋੜ੍ਹੀਆਂ ਹੁੰਦੀਆਂ। ਪ੍ਰਾਈਵੇਟ ਸਕੂਲ ਦੀ ਨਿਗੂਣੀ ਤਨਖਾਹ ਤਾਂ ਉਸ ਨੂੰ ਟਿੱਚਰ ਜਿਹੀ ਹੀ ਮਹਿਸੂਸ ਹੁੰਦੀ ਪਰ ਜੇਬ੍ਹ ਖਰਚ ਵੀ ਤਾਂ ਚਾਹੀਦਾ ਸੀ। ਇਕ ਹੋਰ ਆਸ ਦੀ ਕਿਰਨ ਉਸ ਨੂੰ ਨਜ਼ਰ ਆਉਣ ਲਗ ਪਈ ਕਿ ਉਸ ਦਾ ਇੰਗਲੈਂਡ ਜਾਣ ਦਾ ਸਬੱਬ ਬਣਨ ਲਗਿਆ। ਓਧਰ ਤੇਜੀ ਨੇ ਬੀ. ਐੱਡ ਕਰ ਲਈ ਪਰ ਸਰਕਾਰੀ ਸਕੂਲ ਦੀ ਨੌਕਰੀ ਉਸ ਨੂੰ ਵੀ ਨਾ ਮਿਲੀ। ਜਲੰਧਰ ਦੇ ਇਕ ਪ੍ਰਾਈਵੇਟ ਸਕੂਲ ਜੋਗੀ ਉਹ ਰਹਿ ਗਈ। ਉਸ ਦੀ ਇਹ ਗੱਲ ਸੀ ਕਿ ਤਨਖਾਹ ਸੁੱਖੇ ਨਾਲੋਂ ਕੁਝ ਜ਼ਿਆਦਾ ਸੀ। ਸ਼ਹਿਰ ਹੋਣ ਦਾ ਵੀ ਫਰਕ ਸੀ ਤੇ ਸਕੂਲ ਦੇ ਸਟੈਂਡਰਡ ਦਾ ਵੀ ਪਰ ਸਰਕਾਰੀ ਅਧਿਆਪਕਾਂ ਨਾਲੋਂ ਇਹ ਤਨਖਾਹ ਅੱਧੀ ਤੋਂ ਵੀ ਘੱਟ ਸੀ। ਇਕ ਦਿਨ ਸੁੱਖਾ ਉਸ ਕੋਲ ਜਾ ਕੇ ਕਹਿਣ ਲਗਿਆ,

"ਹਾਂ, ਮੇਰੀ ਜਾਨ, ਕਿੱਦਾਂ ਕਰਨੀ ਹੁਣ?"

"ਜਿੱਦਾਂ ਕਹੇਂ।"

"ਚੱਲੀਏ ਸ਼ਿਮਲੇ?"

"ਵਿਆਹ ਤੋਂ ਬਾਅਦ।"

"ਚਲ, ਵਿਆਹ ਕਰਾ ਲਈਏ।"

"ਠੀਕ ਐ ਪਰ ਇੰਨੀ ਕੁ ਤਨਖਾਹ ਨਾਲ ਗੁਜ਼ਾਰਾ ਕਿਦਾਂ ਹੋਏਗਾ! ਜਦੋਂ ਘਰ ਦਿਆਂ ਨੂੰ ਛੱਡਿਆ ਤਾਂ ਕਿਸੇ ਨੇ ਕੋਈ ਹੈੱਲਪ ਨਹੀਂ ਕਰਨੀ, ਸੋਚ ਕੇ ਦੇਖ, ਕਿਰਾਏ ਦਾ ਘਰ, ਸਭ ਕੁਸ਼ ਮੁੱਲ ਦਾ ਤੇ ਸਾਡੀ ਦੋਨਾਂ ਦੀ ਤਨਖਾਹ! ਤੈਨੂੰ ਸ਼ਹਿਰਾਂ ਦੇ ਖ਼ਰਚਿਆਂ ਦਾ ਪਤੈ?"

"ਤਿੰਨ-ਚਾਰ ਸਾਲ ਦਾ ਇਸ਼ਕ ਸਾਡਾ, ਇਹਦਾ ਵੀ ਤਾਂ ਕੋਈ ਮੁੱਲ ਐ।"

"ਮੈਨੂੰ ਘਰ ਦੇ ਵਿਆਹ ਬਾਰੇ ਆਖਦੇ ਪਏ ਆ ਵੈਸੇ ਤਾਂ ਮੈਂ ਨਾਂਹ ਕਰ ਚੁੱਕੀ ਆਂ ਪਰ ਤੂੰ ਕਰ ਕੁਸ਼, ਤੇਰੀ ਤਨਖਾਹ ਤਾਂ ਚਪੜਾਸੀ ਦੀ ਤਨਖਾਹ ਤੋਂ ਵੀ ਘੱਟ ਐ।"

"ਇਕ ਹੋਰ ਬੂਹਾ ਖੁੱਲ੍ਹ ਰਿਹੈ।"

"ਉਹ ਕਿਹੜਾ?"

"ਮੇਰੇ ਇੰਗਲੈਂਡ ਜਾਣ ਦਾ।"

"ਇਹ ਠੀਕ ਐ।"

"ਚੱਲ, ਫੇਰ ਵਿਆਹ ਕਰਾ ਲਈਏ।"

"ਤੂੰ ਮੈਨੂੰ ਵਿਆਹ ਕੇ ਕਿਹਦੇ ਆਸਰੇ ਛੱਡ ਜਾਏਂਗਾ ਤੇ ਮੈਂ ਰਹਿ ਜਾਵਾਂਗੀ ਇਕੱਲੀ।"

ਸੁੱਖਾ ਸੋਚਾਂ ਵਿਚ ਪੈ ਗਿਆ। ਗੱਲ ਤਾਂ ਤੇਜੀ ਦੀ ਠੀਕ ਸੀ। ਇਹੋ ਵਧੀਆ ਸੀ ਕਿ ਇੰਗਲੈਂਡ ਜਾਵੇ ਤੇ ਤੇਜੀ ਨੂੰ ਉਥੇ ਸੱਦ ਲਵੇ। ਉਹ ਬੋਲਿਆ,

"ਚੱਲ, ਸ਼ਿਮਲੇ ਚੱਲੀਏ।"

"ਨਹੀਂ, ਵਿਆਹ ਤੋਂ ਬਾਅਦ।"

"ਇਹਦਾ ਮਤਲਬ ਤੂੰ ਸਾਹਿਬਾਂ ਨਹੀਂ ਤੇ ਮੈਂ ਮਿਰਜ਼ਾ ਨਹੀਂ?"

"ਤੂੰ ਸੁੱਖਾ ਹੋਣ ਨਾਲ਼ ਈ ਕੰਮ ਚਲਾ ਲੈ।"

ਤੇਜੀ ਹੱਸਦੀ ਹੋਈ ਬੋਲੀ।

ਸੁੱਖਾ ਇੰਗਲੈਂਡ ਆ ਗਿਆ। ਤੇਜੀ ਨੂੰ ਪ੍ਰੋਫੈਸਰ ਮੁੰਡਾ ਮਿਲ ਗਿਆ ਤੇ ਸੁੱਖੇ ਨੇ ਵੀ ਵਿਆਹ ਕਰਾ ਲਿਆ। ਮਿਰਜ਼ੇ ਵਾਲਾ ਸੁਫਨਾ ਜਾ ਪਿਆ ਕਿਸੇ ਖੱਡ ਵਿਚ। ਉਹ ਇੰਡੀਆ ਜਾਂਦਾ, ਤੇਜੀ ਨੂੰ ਮਿਲਣ ਉਸ ਦੇ ਸਕੂਲ ਚਲੇ ਜਾਂਦਾ। ਉਸ ਲਈ ਕੋਈ ਨਾ ਕੋਈ ਤੋਹਫ਼ਾ ਵੀ ਹੁੰਦਾ; ਕਦੇ ਕੋਈ ਕਪੜਾ, ਕਦੇ ਘੜੀ, ਇਕ ਵਾਰ ਮੁਬਾਈਲ ਫੋਨ ਵੀ। ਸੁੱਖਾ ਆਖਦਾ,

"ਹੁਣ ਤਾਂ ਬਹੁਤ ਵਕਤ ਲੰਘ ਗਿਆ, ਹੁਣ ਤਾਂ ਵਕਤ ਕੱਢ ਲੈ।"

ਤੇਜੀ ਉਸ ਦੇ ਦਿੱਤੇ ਤੋਹਫ਼ੇ 'ਤੇ ਹੱਥ ਫੇਰਦੀ ਤੇ ਕਹਿੰਦੀ,

"ਦੇਖੋ, ਜੇ ਮੌਕਾ ਮੇਲ਼ ਹੋ ਗਿਆ ਤਾਂ ਪਰ ਮੈਨੂੰ ਪ੍ਰੋਫੈਸਰ ਸਾਹਿਬ ਦਾ ਵੀ ਤਾਂ ਸੋਚਣਾ ਪੈਂਦਾ।"

ਦੋ ਕੁ ਸਾਲ ਪਹਿਲਾਂ ਅਜਿਹਾ ਹੀ ਉਤਰ ਲੈ ਕੇ ਮੁੜੇ ਸੁੱਖੇ ਨੂੰ ਸਮਝ ਨਹੀਂ ਲਗ ਰਹੀ ਕਿ ਉਹ ਤੇਜੀ ਕੋਲ ਵਾਰ ਵਾਰ ਕਿਉਂ ਜਾਂਦਾ ਹੈ। ਹੁਣ ਉਹ ਮਿਰਜ਼ਾ ਨਹੀਂ ਰਿਹਾ। ਮਿਰਜ਼ਾ ਬਣਨ ਦਾ ਸੁਫਨਾ ਵੀ ਬਹੁਤ ਪਿੱਛੇ ਰਹਿ ਚੁੱਕਾ ਹੈ। ਹੁਣ ਉਸ ਨੂੰ ਨਵੀਂਆਂ ਰਾਹਾਂ ਉਪਰ ਤੁਰਦੇ ਕੁਝ ਲੱਭਣਾ ਚਾਹੀਦਾ ਹੈ। ਫਿਰ ਉਹ ਸੋਚਦਾ ਹੈ ਕਿ ਯੂਨੀਵਰਸਿਟੀ ਵਿਚ ਪੜ੍ਹਦੇ ਦੋ ਬੱਚੇ ਤੇ ਘਰ ਬੈਠੀ ਪਤਨੀ ਦੇ ਹੁੰਦੇ ਉਹ ਕਿਹੜੀਆਂ ਨਵੀਂ ਰਾਹਾਂ ਲੱਭ ਸਕੇਗਾ।

ਜਿਵੇਂ ਕਹਿੰਦੇ ਹਨ ਕਿ ਰੱਬ ਦੇ ਘਰ ਦਾ ਕੁਝ ਨਹੀਂ ਪਤਾ। ਪਤਾ ਨਹੀਂ ਕਿਹੜੇ ਵੇਲੇ ਸਮੇਂ ਨੇ ਕਰਵਟ ਲੈ ਕੇ ਤੁਹਾਡੇ ਮੂਹਰੇ ਕਿਹੜਾ ਤੋਹਫ਼ਾ ਪੇਸ਼ ਕਰ ਦੇਣਾ ਹੈ। ਇਵੇਂ ਹੀ ਸੁੱਖੇ ਨਾਲ ਹੁੰਦਾ ਹੈ। ਇਕ ਦਿਨ ਉਸ ਦੇ ਮੁਬਾਈਲ ਦੀ ਘੰਟੀ ਵਜਦੀ ਹੈ। ਫੋਨ ਇੰਡੀਆ ਤੋਂ ਹੈ। ਕੋਈ ਓਪਰਾ ਜਿਹਾ ਨੰਬਰ। ਉਹ ਸੋਚਦਾ ਹੋਇਆ ਕਿ ਕਿਸ ਦਾ ਹੋਵੇਗਾ ਫੋਨ ਔਨ ਕਰਦਾ ਹੈ। ਦੂਜੇ ਪਾਸਿਓਂ ਔਰਤਾਨਾ ਅਵਾਜ਼ ਕਹਿ ਰਹੀ ਹੈ,

"ਮਿਰਜ਼ਿਆ, ਕੀ ਹਾਲ ਐ?"

"ਹੁਣ ਮੈਂ ਕਾਹਦਾ ਮਿਰਜ਼ਾ ਰਹਿ ਗਿਆ, ਤੂੰ ਮਿਰਜ਼ਾ ਬਣਨ ਈ ਨਹੀਂ ਦਿਤਾ, ਅੱਜ ਕਿਦਾਂ ਯਾਦ ਆ ਗਈ?"

"ਪੁਰਾਣੀ ਮੁਹੱਬਤ ਨੇ ਛੱਲ ਮਾਰੀ ਤੇ ਯਾਦਾਂ 'ਚੋਂ ਤੇਰਾ ਨੰਬਰ ਕੱਢਿਆ ਤੇ ਘੁਮਾ ਲਿਆ।"

"ਚੰਗਾ ਕੀਤਾ, ਸੁਣਾ ਕੀ ਹਾਲ ਐ ਤੇਰੇ ਟੱਬਰ ਦਾ, ਤੇਰੇ ਪ੍ਰੋਫੈਸਰ ਦਾ।"

"ਪ੍ਰੋਫੈਸਰ ਠੀਕ ਐ, ਮੇਰੀ ਕੁੜੀ ਦੇ ਮੁੰਡਾ ਐ ਤੇ ਮੇਰੇ ਮੁੰਡੇ ਦੇ ਕੁੜੀ, ਪ੍ਰੋਫੈਸਰ ਸਾਬ ਪਿਛਲੇ ਸਾਲ ਰਿਟਾਇਰ ਹੋ ਗਏ ਤੇ ਮੈਂ ਐਤਕੀਂ। ਤੂੰ ਸੁਣਾ ਆਪਣੀ ਕਹਾਣੀ।"

"ਮੁੰਡਾ ਕੁੜੀ ਪੜ੍ਹਦੇ ਆ ਤੇ ਮੇਰੀ ਜੌਬ ਛੁੱਟ ਗਈ ਤੇ ਵਿਹਲਾਂ।"

"ਫੇਰ ਤਾਂ ਰੋਜ਼ ਮਿਰਜ਼ਾ ਬਣਦਾਂ ਹੋਏਂਗਾ।"

"ਹੈ ਕਮਲ਼ੀ, ਭਲਾ ਘਰੇ ਵੀ ਕੋਈ ਮਿਰਜ਼ਾ ਬਣ ਸਕਦੈ!"

"ਅੱਛਾ, ਗੱਲ ਸੁਣ, ਮੇਰੀ ਭਾਣਜੀ ਦਾ ਵਿਆਹ ਐ, ਸਾਊਥਾਲ ਈ ਰਹਿੰਦੀ ਐ ਮੇਰੀ ਭੈਣ, ਆ ਜਾਵਾਂ ਵਿਆਹ 'ਤੇ?"

"ਜਾਣੀ ਕਿ ਮਿਰਜ਼ਾ ਬਣਨ ਦਾ ਸੁਫਨਾ ਫਿਰ ਤੋਂ ਲੈਣਾ ਸ਼ੁਰੂ ਕਰ ਦੇਵਾਂ?"

ਸੁੱਖੇ ਦੀ ਗੱਲ ਸੁਣ ਤੇਜੀ ਹੱਸਣ ਲਗਦੀ ਹੈ ਤੇ ਕਹਿੰਦੀ ਹੈ,

"ਤੂੰ ਬੜਾ ਜ਼ਿੱਦੀ ਐਂ, ਗੱਲ ਸੁਣ, ਸਾਡਾ ਤਾਂ ਹੱਥ ਹੁਣ ਤੰਗ ਐ, ਟਿਕਟ ਖ਼ਰਚੇਂਗਾ?"

ਸੁਖਾ ਸੋਚਣ ਲਗ ਜਾਂਦਾ ਹੈ। ਤੇਜੀ ਫਿਰ ਕਹਿੰਦੀ ਹੈ,

"ਪਹਿਲੀ ਵਾਰੀ ਤੈਨੂੰ ਕੋਈ ਕੰਮ ਕਹਿ ਰਹੀ ਆਂ।"

"ਹਾਂ ਹਾਂ, ਕੋਈ ਗੱਲ ਨਹੀਂ ਆ ਜਾ।"

ਇਸ ਦਾ ਮਤਲਬ ਕਿ ਸੁੱਖੇ ਦੇ ਸੁਫਨੇ ਮੁੜ ਸ਼ੁਰੂ। ਉਹ ਨਵੇਂ ਉਤਸ਼ਾਹ ਨਾਲ ਭੱਜਾ ਫਿਰਦਾ ਹੈ। ਉਹ ਤੇਜੀ ਦੇ ਇੰਤਜ਼ਾਰ ਵਿਚ ਆਪਣੇ ਘਰ ਉਪਰ ਦੀ ਲੰਘਦੇ ਹਰ ਜਹਾਜ਼ ਨੂੰ ਨਿਹਾਰਨ ਲਗਦਾ ਹੈ। ਆਪਣੇ ਘਰ ਉਪਰ ਦੀ ਹਵਾਈ ਜਹਾਜ਼ਾਂ ਦਾ ਲਾਂਘਾ ਉਸ ਨੂੰ ਹਮੇਸ਼ਾ ਹੀ ਬੁਰਾ ਲਗਿਆ ਹੈ ਪਰ ਹੁਣ ਨਹੀਂ। ਤੇਜੀ ਦੇ ਆਉਣ ਦੀ ਤਰੀਕ ਆ ਜਾਂਦੀ ਹੈ। ਉਸ ਨੂੰ ਫਲਾਈਟ ਨੰਬਰ ਦਾ ਪਤਾ ਹੈ। ਉਹ ਇੰਟਰਨੈੱਟ 'ਤੇ ਉਸ ਬਾਰੇ ਪੜ੍ਹਦਾ ਰਹਿੰਦਾ ਹੈ। ਉਹ ਦੇਖਦਾ ਹੈ ਕਿ ਫਲਾਈਟ ਵਕਤ ਸਿਰ ਲਗ ਰਹੀ ਹੈ। ਉਸ ਨੂੰ ਕਾਹਲ ਪੈ ਰਹੀ ਹੈ ਕਿ ਪਤਾ ਨਹੀਂ ਤੇਜੀ ਨੂੰ ਲੈਣ ਉਸ ਦੀ ਭੈਣ ਗਈ ਵੀ ਹੋਵੇਗੀ ਕਿ ਨਹੀਂ। ਜੇ ਹਲਾਤ ਅਜਿਹੇ ਹੁੰਦੇ ਕਿ ਤੇਜੀ ਨੂੰ ਉਹ ਲਿਆ ਸਕਦਾ ਤਾਂ ਉਹ ਕਦੇ ਵੀ ਲੇਟ ਨਾ ਹੁੰਦਾ। ਉਹ ਘੜੀ ਦੇਖਦਾ ਹੈ। ...ਤੇਜੀ ਬਾਹਰ ਆ ਗਈ ਹੋਵੇਗੀ। ਉਹ ਆਪਣੀ ਭੈਣ ਨਾਲ ਕਾਰ ਵਿਚ ਜਾ ਰਹੀ ਹੋਵੇਗੀ। ਭੈਣ ਸਾਊਥਾਲ ਹੀ ਰਹਿੰਦੀ ਹੈ, ਹੰਸਲੋ ਤੋਂ ਦੋ ਤਿੰਨ ਮੀਲ ਦੂਰ। ਦਸ ਮਿੰਟ ਦਾ ਰਾਹ। ਉਸ ਨੂੰ ਆਸ ਹੈ ਕਿ ਘਰ ਪੁੱਜਦਿਆਂ ਹੀ ਤੇਜੀ ਉਸ ਨੂੰ ਫੋਨ ਕਰੇਗੀ। ਕਈ ਘੰਟੇ ਨਿਕਲ ਜਾਂਦੇ ਹਨ। ਸਵੇਰ ਦੀ ਲਗੀ ਫਲਾਈਟ ਤੇ ਹੁਣ ਸ਼ਾਮ ਹੋ ਰਹੀ ਹੈ। ਉਹ ਆਪਣੇ ਫੋਨ ਨੂੰ ਰਹਿ ਰਹਿ ਕੇ ਦੇਖਦਾ ਹੈ ਕਿ ਕਿਤੇ ਖਰਾਬ ਹੀ ਨਾ ਹੋਵੇ। ਅੰਤ ਅੱਠ ਕੁ ਵਜੇ ਉਸ ਦੇ ਫੋਨ ਘੰਟੀ ਵਜਦੀ ਹੈ। ਓਪਰਾ ਜਿਹਾ ਲੋਕਲ ਮੁਬਾਈਲ ਨੰਬਰ ਹੈ। ਉਹ ਹੈਲੋ ਕਹਿੰਦਾ ਹੈ। ਅਗੇ ਤੇਜੀ ਹੀ ਹੈ, ਫਤਿਹ ਤੋਂ ਬਾਅਦ ਦੱਸਣ ਲਗਦੀ ਹੈ,

"ਇਹ ਮੇਰਾ ਨੰਬਰ ਐ, ਮੇਰੇ ਭਾਣਜੇ ਨੇ ਆਪਣੇ ਇਕ ਫੋਨ ਵਿਚ ਸਿਮ ਕਾਰਡ ਪਾ ਦਿੱਤਾ ਤੇ ਹੁਣ ਮੈਂ ਜਿੰਨੇ ਦਿਨ ਰਹੀ ਇਹੋ ਵਰਤਾਂਗੀ।"

"ਮੈਨੂੰ ਘੰਟੀ ਕਰ ਕੇ ਛੱਡ ਦਿਆ ਕਰ, ਮੈਂ ਆਪੇ ਵਾਪਸ ਕਰ ਲਊਂ, ਹੁਣ ਕੀ ਪ੍ਰੋਗਰਾਮ ਐਂ, ਕਦੋਂ ਮਿਲ ਰਹੀ ਰਹੀ ਐਂ ?

"ਪਰਸੋਂ ਵਿਆਹ ਦੀਆਂ ਰਸਮਾਂ ਸ਼ੁਰੂ ਹੋ ਜਾਣਗੀਆਂ, ਕਲ੍ਹ ਨੂੰ ਵਿਹਲ ਐ, ਵੈਸੇ ਮੈਂ ਤਾਂ ਵਿਹਲੀ ਈ ਆਂ ਸਿਰਫ਼ ਰਸਮਾਂ ਵਿਚ ਈ ਜਾਣਾਂ।"

ਅਗਲੇ ਦਿਨ ਗਿਆਰਾਂ ਕੁ ਵਜੇ ਸੁੱਖਾ ਤੇਜੀ ਨੂੰ ਸਾਊਥਾਲ ਦੀ ਇਕ ਰੋਡ ਤੋਂ ਚੁੱਕ ਲੈਂਦਾ ਹੈ। ਇਕ ਸੁੰਨੀ ਜਿਹੀ ਰੋਡ 'ਤੇ ਕਾਰ ਖੜੀ ਕਰ ਉਸ ਵੱਲ ਵਧਦਾ ਹੈ। ਤੇਜੀ ਵੀ ਉਸ ਨੂੰ ਬਾਂਹਾਂ ਵਿਚ ਲੈ ਲੈਂਦੀ ਹੈ। ਇਕ ਭਰਵਾਂ ਜਿਹਾ ਚੁੰਮਣ ! ਤੇਜੀ ਕਹਿੰਦੀ ਹੈ,

"ਕਿੰਨੇ ਸਾਲ ਉਡੀਕਣਾ ਪਿਆ ਇਸ ਪਲ ਨੂੰ ਮਾਣਨ ਲਈ।"

"ਹਾਂ, ਪੈਂਤੀ ਸਾਲ ! ਪਰ ਹੁਣ ਮੈਂ ਆਪਣੀਆਂ ਸਾਰੀਆਂ ਸੱਧਰਾਂ ਪੂਰੀਆਂ ਕਰਨੀਆਂ।"

"ਮਿਰਜ਼ਿਆ, ਤੇਰੀਆਂ ਨਹੀਂ ਮੇਰੀਆਂ ਵੀ, ਕਿਦਾਂ ਵਕਤ ਨੇ ਸਾਨੂੰ ਦੂਰ ਰੱਖਿਆ ! ਮੈਨੂੰ ਪਤਾ ਸੀ ਕਿ ਰੱਬ ਦੇ ਘਰ ਦੇਰ ਹੋ ਸਕਦੀ ਐ ਹਨੇਰ ਨਹੀਂ, ਦੇਖ ਰੱਬ ਨੇ ਕਿਦਾਂ ਮੌਕਾ ਮੇਲ ਬਣਾਇਆ ਹੁਣ।"

ਸਵਾਦ ਵਿਚ ਤੇਜੀ ਨੇ ਅੱਖਾਂ ਮੁੰਦੀਆਂ ਹੋਈਆਂ ਹਨ। ਸੁੱਖਾ ਵੀ ਕਿਸੇ ਹੋਰ ਹੀ ਦੁਨੀਆ ਵਿਚ ਹੈ। ਕਿੰਨਾ ਚਿਰ ਹੀ ਉਸ ਉਸੇ ਮੁਦਰਾ ਵਿਚ ਰਹਿੰਦੇ ਹਨ। ਫਿਰ ਤੇਜੀ ਆਖਦੀ ਹੈ,

"ਕਿਧਰ ਲੈ ਕੇ ਚੱਲੇਂਗਾ ?"

"ਹਾਲੇ ਤਾਂ ਤੈਨੂੰ ਦੇਖਣ ਦੀ ਭੁੱਖ ਈ ਪੂਰੀ ਨਹੀਂ ਹੋਈ।"

ਸੁੱਖਾ ਕਾਰ ਨੂੰ ਨੇੜਲੀ ਇਕ ਪਹਾੜੀ 'ਤੇ ਲੈ ਜਾਂਦਾ ਹੈ ਜਿਥੇ ਉਜਾੜ ਜਿਹੀ ਵਿਚ ਪ੍ਰੇਮੀ ਆਪਣੀਆਂ ਕਾਰਾਂ ਖੜੀਆਂ ਕਰ ਰਖਦੇ ਹਨ। ਚਾਰ ਘੰਟੇ ਉਹ ਉਥੇ ਗੱਲਾਂ ਕਰਦੇ ਬਿਤਾ ਦਿੰਦੇ ਹਨ। ਆਪੋ ਆਪਣੀਆਂ ਕਹਾਣੀਆਂ, ਆਪਣੇ ਪਰਿਵਾਰਾਂ ਦੀਆਂ ਕਹਾਣੀਆਂ, ਦੁੱਖ-ਸੁੱਖ ਵਿਚ ਬੀਤੇ ਪਲ। ਜ਼ਿੰਦਗੀ ਵਿਚ ਆਏ ਉਤਰਾ- ਚੜ੍ਹਾਅ। ਵਕਤ ਦਾ ਪਤਾ ਹੀ ਨਹੀਂ ਚਲਦਾ ਕਿ ਕਿਹੜੇ ਵੇਲੇ ਬੀਤ ਜਾਂਦਾ ਹੈ। ਤੇਜੀ ਘੜੀ ਦੇਖਦੀ ਹੋਈ ਕਹਿੰਦੀ ਹੈ,

"ਹੁਣ ਜਿੰਨੇ ਦਿਨ ਇਥੇ ਆਂ ਮੈਂ ਚਾਹੁਨੀ ਆਂ ਕਿ ਪਿਛਲੇ ਪੈਂਤੀ ਸਾਲਾਂ ਦੀ ਦੂਰੀ ਇਹਨਾਂ ਦੋ ਮਹੀਨਿਆਂ ਵਿਚ ਕੱਢ ਦੇਈਏ।"

"ਇਹੋ ਤਾਂ ਮੈਂ ਚਾਹੁੰਨਾ, ਦਸ ਕਿ ਲੰਡਨ ਦੀ ਕਿਹੜੀ ਜਗਾਹ ਤੂੰ ਦੇਖਣੀ ਚਾਹੁੰਨੀ ਐਂ ਦਿਖਾ ਦੇਵਾਂਗਾ।"

"ਮੈਂ ਤਾਂ ਲੰਡਨ ਦਾ ਇਹ ਥੰਮ ਦੇਖਣਾ ਚਾਹੁੰਨੀ ਆਂ, ਇਹ ਮੇਰੇ ਕੋਲ਼ ਬੈਠਾ, ਹੋਰ ਜੋ ਤੂੰ ਮਰਜ਼ੀ ਦਿਖਾਈ ਜਾਹ। ਮੈਂ ਭੈਣ ਦੇ ਘਰ ਤਾਂ ਉਸੇ ਦਿਨ ਠਹਿਰਨਾ ਜਿਸ ਦਿਨ ਕੋਈ ਰਸਮ ਹੋਵੇ ਨਹੀਂ ਤਾਂ ਮੈਂ ਸਾਰਾ ਦਿਨ ਵਿਹਲੀ। ਘਰ ਵਿਚ ਸਾਰੇ ਈ ਵਿਆਹ ਵਿਚ ਬੀਜ਼ੀ ਐ ਤੇ ਪਰਾਹੁਣਿਆਂ ਦੀ ਕਿਸ ਨੂੰ ਚਿੰਤਾ !"

ਇਵੇਂ ਹੀ ਹੁੰਦੀ ਹੈ। ਪਿਛਲੇ ਪੈਂਤੀ ਸਾਲ ਦੀ ਕਸਰ ਨਿਕਲਣ ਲਗਦੀ ਹੈ। ਕਦੇ ਲੰਡਨ ਦੀ ਕੋਈ ਜਗਾਹ ਤੇ ਕਦੇ ਹੋਟਲ ਦਾ ਕੋਈ ਕਮਰਾ। ਜਿਸ ਦਿਨ ਦਾ ਵੀ ਪ੍ਰੋਗਰਾਮ ਹੋਵੇ ਸੁੱਖਾ ਤੇਜੀ ਨੂੰ ਗਿਆਰਾਂ ਕੁ ਵਜੇ ਭੈਣ ਦੇ ਘਰ ਦੇ ਨੇੜਲੇ ਮੋੜ ਤੋਂ ਚੁੱਕ ਲੈਂਦਾ ਹੈ ਤੇ ਸ਼ਾਮ ਨੂੰ ਛੇ ਕੁ ਵਜੇ ਉਸੇ ਮੋੜ 'ਤੇ ਉਤਾਰ ਜਾਂਦਾ ਹੈ। ਹੋਟਲ ਤਾਂ ਭਾਵੇਂ ਏਅਰਪੋਰਟ ਦੇ ਨੇੜੇ ਵੀ ਬਹੁਤ ਹਨ ਪਰ ਉਹ ਉਤਰੀ ਲੰਡਨ ਵੱਲ ਨਿਕਲਦੇ ਹਨ ਜਿਥੇ ਕੋਈ ਵਾਕਫ਼ ਮਿਲਣ ਦੀ ਆਸ ਨਹੀਂ ਹੁੰਦੀ। ਲੰਡਨ ਵਿਚ ਤਾਂ ਉਹ ਹੱਥ



ਵਿਚ ਹੱਥ ਪਾਈ ਨਵੇਂ ਨਵੇਕਲੇ ਪ੍ਰੇਮੀਆਂ ਵਾਂਗ ਘੁੰਮਦੇ ਹਨ। ਉਹਨਾਂ ਨੂੰ ਆਲੇ ਦੁਆਲੇ ਦੀ ਜਿਵੇਂ ਕੋਈ ਖ਼ਬਰ ਹੀ ਨਾ ਹੋਵੇ। ਦੋ ਮਹੀਨੇ ਕਦੋਂ ਲੰਘ ਗਏ ਹਨ ਪਤਾ ਹੀ ਨਹੀਂ ਚਲਦਾ। ਸੁੱਖੇ ਨੂੰ ਇੰਨੀ ਕੁ ਖ਼ਬਰ ਹੈ ਕਿ ਉਸ ਦੇ ਕਰੈਡਿਟ ਕਾਰਡਾਂ ਦੀ ਲਾਲ ਲਕੀਰ ਦਿਨੋ ਦਿਨ ਉਚੀ ਹੁੰਦੀ ਜਾਂਦੀ ਹੈ ਪਰ ਉਹ ਅਨੰਦ ਦੇ ਇਸ ਆਲਮ ਵਿਚ ਬਹੁਤਾ ਸੋਚਣਾ ਨਹੀਂ ਚਾਹੁੰਦਾ।

...ਹੁਣ ਤੇਜੀ ਦਾ ਜਹਾਜ਼ ਉਸ ਦੇ ਸਿਰ ਉਪਰੋਂ ਦੀ ਲੰਘ ਚੁੱਕਾ ਹੈ। ਉਹ ਵਾਪਸ ਆਪਣੀ ਕੁਰਸੀ 'ਤੇ ਬੈਠ ਅੱਖਾਂ ਬੰਦ ਕਰ ਬੀਤੇ ਬਾਰੇ ਸੋਚਣ ਲਗਦਾ ਹੈ। ਉਹ ਪਿਛਲੇ ਪੈਂਤੀ ਵਰ੍ਹਿਆਂ ਬਾਰੇ ਨਹੀਂ ਸੋਚਦਾ ਉਸ ਨੂੰ ਤਾਂ ਇਹਨਾਂ ਦੋ ਮਹੀਨਿਆਂ ਦੀ ਯਾਦ ਹੀ ਸਵਾਦ ਸਵਾਦ ਕਰੀ ਜਾਂਦੀ ਹੈ। ਉਹ ਇਸ ਧਰਤੀ 'ਤੇ ਪੁਜੀ ਤੇਜੀ ਦੀ ਫੋਨ ਉਪਰ ਪਹਿਲੀ ਅਵਾਜ਼ ਸੁਣਨ ਤੋਂ ਲੈ ਕੇ ਆਖਰੀ ਅਲਵਿਦਾ ਤਕ ਚੇਤੇ ਕਰਨਾ ਚਾਹੁੰਦਾ ਹੈ। ਅਚਾਨਕ ਉਹ ਕੀ ਦੇਖਦਾ ਹੈ ਕਿ ਇਸ ਸਭ ਕਾਸੇ ਵਿਚ ਇਕ ਕੰਕਰ ਹੈ, ਇਕ ਕੋਕੜੂ ਹੈ ਜੋ ਬੁਰੀ ਤਰ੍ਹਾਂ ਰੜਕਣ ਲਗਦਾ ਹੈ। ਉਹ ਅੱਖਾਂ ਖੋਹਲ ਆਲਾ ਦੁਆਲਾ ਦੇਖਦਾ ਹੈ। ਉਥੇ ਕੋਈ ਵੀ ਨਹੀਂ ਹੈ। ਉਸ ਦੀ ਪਤਨੀ ਤੇ ਹੋਰ ਸਾਰੇ ਦੂਜੇ ਕਮਰੇ ਵਿਚ ਹਨ। ਉਹ ਸੋਚਣ ਲਗਦਾ ਹੈ ਕਿ ਇਹ ਕੰਕਰ ਕੈਸਾ ਹੋਇਆ। ਇੰਨੇ ਵਿਸਮਾਦ ਵਿਚ ਇਹ ਕਿਥੋਂ ਆ ਗਿਆ। ਉਹ ਫਿਰ ਪਹਿਲਾਂ ਤੋਂ ਸਭ ਕੁਝ ਚੇਤੇ ਕਰਨ ਲਗਦਾ ਹੈ।

ਦੂਜੀ ਮੁਲਾਕਾਤ 'ਤੇ ਉਹ ਤੇਜੀ ਨੂੰ ਲੰਡਨ ਲੈ ਜਾਂਦਾ ਹੈ ਤੇ ਤੀਜੀ ਮੁਲਾਕਾਤ ਸਮੇਂ ਉਤਰੀ ਲੰਡਨ ਦੇ ਪ੍ਰੀਮੀਅਰ ਹੋਟਲ ਵਿਚ ਇਕ ਕਮਰਾ ਬੁੱਕ ਕਰਾ ਲੈਂਦਾ ਹੈ। ਤੇਜੀ ਖੁਸ਼ ਹੈ। ਸੁੱਖਾ ਆਪਣੇ ਲਈ ਵਿਸਕੀ ਦੀ ਬੋਤਲ ਖਰੀਦਦਾ ਹੈ ਤੇ ਤੇਜੀ ਲਈ ਵੀ ਖਾਣ ਪੀਣ ਲਈ ਕਾਫੀ ਸਾਰਾ। ਆਪਣੇ ਕਮਰੇ ਵਿਚ ਪੁੱਜਦੇ ਹਨ। ਢੇਰ ਸਾਰੀਆਂ ਗੱਲਾਂ। ਸੁੱਖਾ ਪੈੱਗ ਤੇ ਪੈੱਗ ਚੁੱਕਦਾ ਜਾ ਰਿਹਾ ਹੈ ਪਰ ਤੇਜੀ ਦੇ ਚਿਹਰੇ 'ਤੇ ਕੁਝ ਕੁ ਤਣਾਓ ਹੈ। ਸੁੱਖਾ ਉਸ ਨੂੰ ਬਿਸਤਰ ਵੱਲ ਖਿੱਚਦਾ ਹੈ। ਸੁੱਖੀ ਕੁਝ ਨਹੀਂ ਕਹਿੰਦੀ। ਉਹ ਉਸ ਦੇ ਕਪੜੇ ਉਤਾਰਨ ਲਗਦਾ ਹੈ। ਤੇਜੀ ਚੁੱਪ ਚੁੱਪ ਹੈ ਪਰ ਇਤਰਾਜ਼ ਨਹੀਂ ਕਰਦੀ। ਸੁੱਖਾ ਹੋਰ ਅਗੇ ਵਧਦਾ ਹੈ। ਤੇਜੀ ਉਸ ਨੂੰ ਰੋਕ ਦਿੰਦੀ ਹੈ, ਕਹਿਣ ਲਗਦੀ ਹੈ,

"ਨਹੀਂ ਸੁੱਖੇ, ਨਹੀਂ, ਇਸ ਤੋਂ ਅਗੇ ਨਹੀਂ।"

"ਇਥੇ ਤਕ ਪੁੱਜ ਗਈ ਐਂ ਹੁਣ ਨਾਂਹ ਕਿਉਂ ?"

"ਨਹੀਂ ਸੁੱਖੇ, ਮੈਂ ਇਸ ਤੋਂ ਅਗੇ ਨਹੀਂ ਜਾ ਸਕਦੀ, ਇਹੋ ਮੇਰੀ ਹੱਦ ਐ, ਮੈਂ ਤੇਜੀ ਵੀ ਆਂ ਪਰ ਇਕ ਪਤਨੀ, ਮਾਂ, ਸੱਸ ,ਦਾਦੀ, ਨਾਨੀ ਵੀ ਆਂ। ਮੈਂ ਆਪਣੀ ਹੱਦ ਵਿਚ ਰਹਿਣਾ ਚਾਹੁੰਨੀ ਆਂ।"

"ਨਹੀਂ ਤੇਜੀ, ਇਸ ਵੇਲੇ ਆਪਾਂ ਦੋ ਆਸ਼ਕ ਆਂ, ਸਭ ਰਿਸ਼ਤਿਆਂ ਤੋਂ ਮੁਕਤ।"

"ਨਹੀਂ ਸੁੱਖੇ, ਮੈਂ ਜੋ ਵੀ ਆਂ ਪਰ ਇਕ ਹੱਦ ਐ ਮੇਰੀ।"

"ਤੇਜੀ, ਉਹ ਹੱਦ ਤਾਂ ਬਹੁਤ ਪਿੱਛੇ ਰਹਿ ਗਈ, ਆਪਾਂ ਤਾਂ ਬਿਸਤਰ ਵਿਚ ਸਹਿਵਾਸ ਦੀ ਤਿਆਰੀ ਵਿਚ ਆਂ, ਜਿਹੜੀ ਹੱਦ ਦੀ ਗੱਲ ਤੂੰ ਕਰਦੀ ਐਂ ਉਹ ਇਸ ਬਿਸਤਰ ਤੋਂ ਬਹੁਤ ਦੂਰ ਹੁੰਦੀ ਐ।"

"ਕੁਸ਼ ਵੀ ਹੋਵੇ ਸੁੱਖੇ, ਮੈਂ ਇਸ ਤੋਂ ਅਗੇ ਨਹੀਂ ਜਾ ਸਕਦੀ, ਜੇ ਤੂੰ ਇਸ ਤੋਂ ਅਗੇ ਵਧੇਂਗਾ ਤਾਂ ਤੂੰ ਜਬਰਦਸਤੀ ਕਰ ਰਿਹਾ ਹੋਵੇਂਗਾ, ਮੇਰੀ ਆਤਮਾ ਕੁਰਲਾਵੇਗੀ ਤੇ ਤੈਨੂੰ ਕਦੇ ਮੁਆਫ਼ ਨਹੀਂ ਕਰੇਗੀ।"

ਸੁੱਖਾ ਇਕ ਦਮ ਪਿੱਛੇ ਹਟ ਜਾਂਦਾ ਹੈ ਪਰ ਉਹ ਤੇਜੀ ਨਾਲ ਕੋਈ ਗਿਲਾ ਨਹੀਂ ਕਰਦਾ, ਆਖਰ ਤੇਜੀ ਉਸ ਦੀ ਪਹਿਲੀ ਮੁਹੱਬਤ ਹੈ। ਉਹ ਉਸ ਨਾਲ ਗੁੱਸੇ ਕਿਵੇਂ ਹੋ ਸਕਦਾ ਹੈ।

ਤੇਜੀ ਨੂੰ ਘਰ ਛੱਡ ਉਹ ਵਾਪਸ ਆ ਰਿਹਾ ਹੈ ਤੇ ਸੋਚ ਰਿਹਾ ਹੈ ਕਿ ਤੇਜੀ ਅਜਿਹੀ ਤਾਂ

ਨਹੀਂ ਕਿ ਇੰਨਾ ਫਾਸਲਾ ਤਹਿ ਕਰਕੇ ਨਾਂਹ ਕਰ ਦੇਵੇ। ਕਿਤੇ ਨਾ ਕਿਤੇ ਕੁਝ ਗਲਤ ਜ਼ਰੂਰ ਹੈ। ਕਿਤੇ ਨਾ ਕਿਤੇ ਗੜਬੜ ਜ਼ਰੂਰ ਹੈ। ਕਾਫੀ ਦੇਰ ਸੋਚਣ ਤੋਂ ਬਾਅਦ ਵੀ ਉਸ ਨੂੰ ਸਮਝ ਨਹੀਂ ਪੈਂਦੀ। ਸੋਚ ਸੋਚ ਕੇ ਉਹ ਪਾਗਲ ਹੋ ਰਿਹਾ ਹੈ। ਫਿਰ ਅਚਾਨਕ ਉਸ ਨੂੰ ਇਲਹਾਮ ਹੋਣ ਵਾਂਗ ਪਤਾ ਚਲ ਜਾਂਦਾ ਹੈ। ਉਹ ਕਾਰ ਨੂੰ ਇਕ ਪਾਸੇ ਰੋਕ ਕੇ ਉਚੀ ਉਚੀ ਹੱਸਣ ਲਗਦਾ ਹੈ। ਆਪਣੇ ਆਪ ਨੂੰ ਕੋਸਣ ਲਗਦਾ ਹੈ।

ਅਗਲੇ ਦਿਨ ਉਹ ਤੇਜੀ ਨੂੰ ਫੋਨ ਕਰਦਾ ਹੈ ਤੇ ਪਹਿਲਾਂ ਵਾਂਗ ਗਿਆਰਾਂ ਵਜੇ ਮੋੜ ਤੋਂ ਚੁੱਕ ਲੈਂਦਾ ਹੈ। ਸੁੰਨੀ ਜਿਹੀ ਰੋਡ 'ਤੇ ਰੋਕ ਕੇ ਪੁੱਛਦਾ ਹੈ,

"ਕਿੰਨਾ ਕਿਰਾਇਆ ਲਗਿਆ ਫੇਰ?"

"ਚਾਰ ਸੌ ਪੱਚੀ ਪੌਂਡ।"

ਸੁੱਖਾ ਜੇਬ ਵਿਚੋਂ ਚਾਰ ਸੌ ਪੱਚੀ ਪੌਂਡ ਕੱਢ ਕੇ ਉਸ ਨੂੰ ਦਿੰਦਾ ਹੋਇਆ ਕਹਿੰਦਾ ਹੈ,

"ਆਹ ਲੈ, ਜਿਦਾਂ ਮੈਂ ਪਰੌਮਿਜ਼ ਕੀਤਾ ਸੀ।"

"ਪਰ ਸੁੱਖੇ, ਤੇਰੇ ਕੋਲ਼ ਤਾਂ ਆਪ ਜੌਬ ਹੈ ਨਹੀਂ।"

"ਐਡੀ ਵੀ ਕਿਹੜੀ ਗੱਲ ਐ।"

"ਚੱਲ ਇਹ ਪੈਸੇ ਮੇਰੇ ਵੱਲ ਉਧਾਰੇ ਰਹੇ, ਮੈਂ ਮੋੜ ਦਿਆਂਗੀ, ...ਅੱਜ ਕਿਥੇ, ਉਸੇ ਹੋਟਲ ਚਲਣਾਂ ਜਾਂ ਕਿਤੇ ਹੋਰ?"

---

## ਗ਼ਜ਼ਲ/ਉਲ਼ਫ਼ਤ ਬਾਜਵਾ

ਕਿਧਰ ਗਈਆਂ ਮੁਲਾਕਾਤਾਂ ਦੀਆਂ ਉਹ ਨ੍ਹੇਰੀਆਂ ਰਾਤਾਂ।
ਉਨ੍ਹਾਂ ਰਾਤਾਂ ਤੋਂ ਵਾਰਾਂ ਮੈਂ ਇਹ ਜਗਮਗ ਕਰਦੀਆਂ ਰਾਤਾਂ।
ਉਡੀਕੇਂ ਕਿਸ ਨੂੰ ਬੁਤ ਬਣ ਕੇ ਖੜਾ ਏਂ ਕਿਸ ਲਈ ਤਨਹਾ
ਕਿ ਨਾ ਉਹ ਦਿਨ ਕਰਾਰਾਂ ਦੇ ਨਾ ਇਕਰਾਰਾਂ ਦੀਆਂ ਰਾਤਾਂ।
ਦਿਨੇ ਅੱਗ ਹਿਜਰ ਦੀ ਸਾੜੇ ਤੇ ਰਾਤੀਂ ਰੋਂਦੀਆਂ ਅੱਖੀਆਂ,
ਕਿ ਦਿਨ ਔੜਾਂ ਦੇ ਨੇ ਅਜਕਲ ਤੇ ਬਰਸਾਤਾਂ ਦੀਆਂ ਰਾਤਾਂ।
ਗਏ ਉਹ ਦਿਨ ਜਦੋਂ ਰਾਤਾਂ ਨੂੰ ਆਪ ਆਉਂਦੈ ਸੈਂ ਤੂੰ ਚੰਨਾ,
ਕਿ ਹੁਣ ਖ਼ਾਬਾਂ 'ਚ ਮੁੜ ਮੁੜ ਆਉਂਦੀਆਂ ਨੇ ਬੀਤੀਆਂ ਰਾਤਾਂ।
ਦਿਨਾਂ ਦਾ ਗੇੜ ਹੈ ਕਿ ਤੂੰ ਨਾ ਮੁੜ ਕੇ ਮਾਰਿਆ ਗੇੜਾ,
ਖੜਾ ਰਹਿੰਦਾ ਹਾਂ ਮੈਂ ਨਿੰਮ ਹੇਠ ਗੇੜੇ ਲਾਉਂਦੀਆਂ ਰਾਤਾਂ।
ਤੇਰੇ ਮੁੱਖ ਦੇ ਸਿਵਾ ਦਿਸਦਾ ਨਹੀਂ ਸੀ ਹੋਰ ਕੁਝ ਮੈਨੂੰ,
ਕਿਧਰ ਗਈਆਂ ਮੇਰੇ ਚੰਨਾ ਉਹ ਕਾਲੀਆਂ ਬੋਲੀਆਂ ਰਾਤਾਂ।
ਜਿਨ੍ਹਾਂ ਦੀ ਗੋਦ ਵਿੱਚ ਸੁਣ ਸੁਣ ਕੇ ਬਾਤਾਂ ਨੀਂਦ ਆਉਂਦੀ ਸੀ,
ਜਗਾ ਕੇ ਬਿਜਲੀਆਂ ਲਭਦੇ ਆਂ ਹੁਣ ਉਹ ਨ੍ਹੇਰੀਆਂ ਰਾਤਾਂ।
ਜਦੋਂ ਦਾ ਮੁੱਖ ਤੇਰਾ ਤਕਿਆ, ਮੈਂ ਤਕੀਆਂ ਤੇਰੀਆਂ ਜ਼ੁਲਫ਼ਾਂ,
ਨਾ ਚੜ੍ਹਦਾ ਦਿਨ ਕਦੇ ਤਕਿਆ ਨਾ ਤਕੀਆਂ ਪੈਂਦੀਆਂ ਰਾਤਾਂ।
ਸਦੀਵੀ ਨੀਂਦ 'ਉਲ਼ਫ਼ਤ' ਸੌਂ ਗਿਆ ਤਾਂ ਫੇਰ ਉਸ ਮਗਰੋਂ,
ਚੜ੍ਹੇ ਨਾ ਦਿਨ ਉਡੀਕਾਂ ਦੇ ਨਾਂ ਪਈਆਂ ਗ਼ਮ ਦੀਆਂ ਰਾਤਾਂ।



## ਔਨਰ ਕਿਲਿੰਗ/ਵੀਨਾ ਵਰਮਾ

ਦੂਹਰੇ ਕਤਲ ਕੇਸ ਵਿੱਚ ਉਮਰ ਕੈਦ ਭੁਗਤ ਰਿਹਾ ਸੀ ਬਾਬਰ ਚੌਧਰੀ। ਆਪਣੀ ਹੀ ਮਾਸੂਮ ਧੀ ਅਤੇ ਉਸ ਦੇ ਪ੍ਰੇਮੀ ਨੂੰ ਮੌਤ ਦੇ ਘਾਟ ਉਤਾਰਣ ਦੇ ਜੁਰਮ 'ਚ ਉਸ ਨੂੰ ਸਦਾ ਲਈ ਜੇਲ੍ਹ ਹੋ ਗਈ ਸੀ। ਕੁੜੀ ਤਾਂ ਕਿਸੇ ਤਰ੍ਹਾਂ ਡਾਕਟਰਾਂ ਨੇ ਬਚਾਅ ਲਈ, ਪਰ ਜਿਸ ਤਰ੍ਹਾਂ ਦੇ ਜ਼ਖ਼ਮ ਉਸ ਨੂੰ ਲੱਗੇ ਸਨ, ਉਹ ਕਿਸੇ ਕਤਲ ਤੋਂ ਘੱਟ ਨਹੀਂ ਸਨ। ਅਦਾਲਤ ਵੱਲੋਂ ਬਾਬਰ ਚੌਧਰੀ ਨੂੰ ਇਕ ਵਹਿਸ਼ੀ ਦਰਿੰਦਾ ਕਰਾਰ ਦਿੰਦਿਆਂ ਸਖਤ ਤੋਂ ਸਖਤ ਸਜ਼ਾ ਸੁਣਾਈ ਗਈ ਸੀ।

ਪਰ ਉਸ ਨੂੰ ਇਸ ਸਜ਼ਾ ਦਾ ਭੋਰਾ ਵੀ ਦੁੱਖ ਨਹੀਂ ਸੀ ਤੇ ਨਾ ਹੀ ਕੋਈ ਮਲਾਲ ਸੀ ਕਿਸੇ ਬੇਕਸੂਰ ਇਨਸਾਨ ਦੀ ਜਾਨ ਲੈਣ ਦਾ। ਨਾ ਹੀ ਅਫਸੋਸ ਸੀ ਆਪਣੀ ਹੀ ਮੁਟਿਆਰ ਹੋ ਰਹੀ ਧੀ ਦਾ ਆਪਣੇ ਹੱਥੀਂ ਖ਼ੂਨ ਵਹਾਉਣ ਦਾ। ਉਹ ਤਾਂ ਸਗੋਂ ਆਪਣੇ ਆਪ 'ਤੇ ਫ਼ਖ਼ਰ ਮਹਿਸੂਸ ਕਰਦਾ ਸੀ ਕਿ ਆਪਣੀ ਇੱਜ਼ਤ ਦੀ ਰਾਖੀ ਖਾਤਰ ਉਹਨੇ ਨਾ ਸਿਰਫ ਆਪਣੀ ਆਜ਼ਾਦੀ ਸਗੋਂ ਪਰਿਵਾਰ ਦੀ ਵੀ ਕੁਰਬਾਨੀ ਦੇ ਦਿੱਤੀ ਸੀ। ਆਪਣੇ ਸਾਥੀ ਕੈਦੀਆਂ ਨੂੰ ਉਹ ਵਧਾ-ਚੜ੍ਹਾ ਕੇ ਆਪਣੀ ਬਹਾਦਰੀ ਤੇ ਕੁਰਬਾਨੀ ਦੇ ਕਿੱਸੇ ਸੁਣਾਉਂਦਾ। ਆਪਣੇ ਮੂੰਹੋਂ ਵਾਰ ਵਾਰ ਦੱਸਦਾ ਕਿ ਕਿਵੇਂ ਉਸ ਨੇ ਆਪਣੀ ਇੱਜ਼ਤ 'ਤੇ ਹੱਥ ਪਾਉਣ ਵਾਲੇ ਗੈਰ-ਮਜ਼੍ਹਬੀ ਮੁੰਡੇ ਨੂੰ ਕੋਹ ਕੋਹ ਕੇ ਮਾਰਿਆ ਸੀ। ਉਸਦੇ ਸਾਥੀ ਕੈਦੀ ਉਸ ਦੀਆਂ ਖ਼ੂਨੀ ਗੱਲਾਂ ਸੁਣ ਕੇ ਅੰਦਰ ਤੱਕ ਕੰਬ ਜਾਂਦੇ। ਭਾਵੇਂ ਉਹ ਵੀ ਗੰਭੀਰ ਜੁਰਮਾਂ 'ਚ ਕੈਦਾਂ ਕੱਟ ਰਹੇ ਸੀ ਪਰ ਬਾਬਰ ਦੇ ਜੁਰਮ ਸਾਹਮਣੇ ਉਨ੍ਹਾਂ ਦੇ ਕਾਰਨਾਮੇ ਬਹੁਤ ਛੋਟੇ ਲੱਗਦੇ ਸਨ।

"ਵੱਢਿਆ ਗੰਡਾਸਿਆਂ ਦੇ ਨਾਲ ਚੰਦੜਾਂ ਨੇ ਮਿਰਜ਼ੇ ਨੂੰ।" ਉਹ ਅਕਸਰ ਗੁਣਗੁਣਾਉਂਦਾ ਰਹਿੰਦਾ ਸੀ।

ਉਸ ਦੀਆਂ ਅੱਖਾਂ 'ਚ ਹਰ ਵੇਲੇ ਝਲਕਦਾ ਵਹਿਸ਼ੀਪੁਣਾ ਦੇਖ ਕੇ ਵੱਡੇ ਵੱਡੇ ਜਿਗਰੇ ਵਾਲੇ ਵੀ ਘਬਰਾ ਜਾਂਦੇ। ਜੇਲ੍ਹ ਅਧਿਕਾਰੀ ਉਹਦੇ 'ਤੇ ਹਰ ਵੇਲੇ ਨਜ਼ਰ ਰੱਖਦੇ ਕਿ ਕਿਤੇ ਉਸਦੇ ਅੰਦਰਲਾ ਖ਼ੂੰਖਾਰ ਜਾਨਵਰ ਫੇਰ ਨਾ ਜਾਗ ਪਵੇ। ਜੇਲ੍ਹ ਅਧਿਕਾਰੀਆਂ ਤੋਂ ਵੀ ਡਰਦਾ ਨਹੀਂ ਸੀ ਉਹ ਤੇ ਉਨ੍ਹਾਂ ਨੂੰ ਵੀ ਆਪਣੀਆਂ ਮਨ ਆਈਆਂ ਗੱਲਾਂ ਕਹਿੰਦਾ ਤੇ ਗਾਲ੍ਹਾਂ ਵੀ ਕੱਢ ਛੱਡਦਾ। ਆਪਣੇ ਦੋ ਚਾਰ ਸਾਥੀ ਕੈਦੀਆਂ ਨਾਲ ਤਾਂ ਕੁੱਟ ਮਾਰ ਵੀ ਕਰ ਚੁੱਕਿਆ ਸੀ ਉਹ। ਇਕ ਦੋ ਪੁਲਸੀਆਂ 'ਤੇ ਵੀ ਹੱਥ ਚੁੱਕਿਆ ਸੀ ਉਸਨੇ। ਪਰ ਜੇਲ੍ਹ ਅਧਿਕਾਰੀ ਕੁਝ ਨਹੀਂ ਕਰ ਸਕੇ ਸੀ। ਸਿਰਫ ਚੇਤਾਵਨੀ ਦੇ ਕੇ ਚੁੱਪ ਕਰ ਗਏ। ਜਿੰਨੀ ਵੱਡੀ ਤੇ ਸਖਤ ਜੇਲ੍ਹ 'ਚ ਉਹ ਕੈਦ ਸੀ ਤੇ ਜੋ ਸਜ਼ਾ ਉਹ ਭੁਗਤ ਰਿਹਾ ਸੀ, ਉਸ ਤੋਂ ਅੱਗੇ ਉਸ ਨੂੰ ਹੋਰ ਕਿਤੇ ਭੇਜਿਆ ਨਹੀਂ ਜਾ ਸਕਦਾ ਸੀ ਤੇ ਨਾ ਹੀ ਉਹਦੀ ਸਜ਼ਾ ਵਧਾਈ ਜਾ ਸਕਦੀ ਸੀ।

"ਹੀ ਹੈਜ਼ ਵਿਹੇਵੀਅਰ ਇਸ਼ੂਜ਼..। ਵੀ ਕਾਂਟ ਡੂ ਮੱਚ ਵਿਦ ਹਿਮ...।" ਜੇਲ੍ਹ ਅਧਿਕਾਰੀ ਅੰਦਰੋਂ ਅੰਦਰੀਂ ਆਪਣੀ ਹਾਰ ਮੰਨੀ ਬੈਠੇ ਸੀ।

ਕਾਨੂੰਨ ਅਤੇ ਆਪਣੀ ਜ਼ਿੰਮੇਵਾਰੀ ਦੇ ਡਰੋਂ ਉਹ ਬਾਬਰ ਦੀਆਂ ਖਰਮਸਤੀਆਂ ਬਰਦਾਸ਼ਤ ਕਰਨ 'ਤੇ ਮਜਬੂਰ ਸਨ ਵਰਨਾ ਜੇ ਉਨ੍ਹਾਂ ਦਾ ਵਾਰ ਚੱਲਦਾ ਤਾਂ ਉਹ ਉਹਨੂੰ ਸੂਲੀ 'ਤੇ ਟੰਗ ਦਿੰਦੇ। ਅਪਰਾਧ ਹੀ ਇਹੋ ਜਿਹਾ ਕੀਤਾ ਸੀ ਉਸ ਨੇ ਕਿ ਸੁਣ ਕੇ ਸ਼ੈਤਾਨ ਵੀ ਕੰਬ ਜਾਵੇ। ਫੇਰ ਉਤੋਂ ਕੋਈ ਪਛਤਾਵਾ ਜਾਂ ਮਾਫੀ ਨਹੀਂ। ਸਗੋਂ ਕਤਲ ਕਰਨ ਪਿੱਛੋਂ ਜਿਵੇਂ ਖ਼ੂਨ ਮੂੰਹ ਲੱਗ ਗਿਆ ਸੀ ਉਸਦੇ। ਗੱਲ ਗੱਲ 'ਤੇ ਉਹ ਆਪੇ ਤੋਂ ਬਾਹਰ ਹੋ ਜਾਂਦਾ ਤੇ ਜੇਲ੍ਹ 'ਚ ਨਿੱਤ ਨਵੇਂ ਡਰਾਮੇ ਕਰਦਾ। ਕਦੇ ਰੋਟੀ ਪਾਣੀ ਖਾਣਾ ਛੱਡ ਦਿੰਦਾ ਕਿ ਉਸ ਨੂੰ ਹਲਾਲ ਗੋਸ਼ਤ ਨਹੀਂ ਮਿਲਦਾ ਸੀ। ਤੇ ਕਦੇ ਕਿਸੇ ਦੂਜੇ ਧਰਮ ਦੇ ਕੈਦੀ ਨੂੰ ਭਗਤੀ, ਪੂਜਾ ਜਾਂ ਪਾਠ ਕਰਦਾ ਦੇਖ ਕੇ ਗਾਲ੍ਹਾਂ ਕੱਢਦਾ ਕਿ ਉਹ ਉਸਦਾ ਦੀਨ ਈਮਾਨ ਖਰਾਬ

ਕਰ ਰਹੇ ਸੀ। ਜੇਲ੍ਹ ਅਧਿਕਾਰੀ ਨੂੰ ਸਮਝ ਨਹੀਂ ਪੈਂਦੀ ਸੀ ਕਿ ਉਸ ਨਾਲ ਕਿਵੇਂ ਨਜਿੱਠਿਆ ਜਾਵੇ। ਖਾਸ ਕਰ ਜਦੋਂ ਉਹ ਆਪਣੇ ਮਜ਼ਬ ਦੀ ਦੁਹਾਈ ਦਿੰਦਾ ਤੇ ਉਨ੍ਹਾਂ ਖਿਲਾਫ ਅਕਸਰ ਸ਼ਿਕਾਇਤਾਂ ਦਰਜ ਕਰਵਾਉਂਦਾ ਕਿ ਉਹ ਉਸ ਦੇ ਨਾਲ ਇਕ ਮੁਸਲਮਾਨ ਹੋਣ ਕਾਰਨ ਪੱਖਪਾਤ ਕਰ ਰਹੇ ਸਨ। ਕੈਦੀਆਂ ਲਈ ਬਣੇ ਜ਼ਿੰਮ ਵਰਕਸ਼ਾਪ ਤੇ ਟਰੇਨਿੰਗ ਸੈਂਟਰ 'ਚ ਵੀ ਅਕਸਰ ਫਸਾਦ ਖੜੇ ਕਰੀ ਰੱਖਦਾ ਉਹ। ਜੇਲ੍ਹ ਅਧਿਕਾਰੀ ਉਹਦੇ ਨਾਲ ਕਦੇ ਮਿੱਠੇ ਪਿਆਰੇ ਤੇ ਕਦੇ ਸਖਤ ਬਣ ਕੇ ਪੇਸ਼ ਆਉਂਦੇ। ਪਰ ਉਸ 'ਤੇ ਕੋਈ ਅਸਰ ਨਹੀਂ ਪੈਂਦਾ ਸੀ। ਉਸਦਾ ਰਵੱਈਆ ਹਮੇਸ਼ਾ ਹੀ ਮੁਸ਼ਕਿਲ ਬਣਿਆ ਰਿਹਾ ਤੇ ਹੌਲੀ ਹੌਲੀ ਉਨ੍ਹਾਂ ਨੂੰ ਉਸ ਦੇ ਇਸ ਰਵੱਈਏ ਦੀ ਆਦਤ ਪੈ ਗਈ। ਹੁਣ ਜੇ ਉਹ ਕੋਈ ਪ੍ਰਪੰਚ ਰਚ ਕੇ ਉਨ੍ਹਾਂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਈ ਕੋਸ਼ਿਸ਼ ਵੀ ਕਰਦਾ ਤਾਂ ਉਹ ਉਸ ਵੱਲ ਉੱਕਾ ਹੀ ਧਿਆਨ ਨਾ ਦਿੰਦੇ।

"ਇਗਨੋਰ ਹਿਮ। ਇਟ ਇਜ਼ ਏ ਅਟੈਂਸ਼ਨ ਸੀਕਿੰਗ ਐਫਰਟ....।" ਉਹ ਇਕ ਦੂਜੇ ਨੂੰ ਕਹਿੰਦੇ।

ਤੇ ਬਾਬਰ ਉਨ੍ਹਾਂ ਦੀ ਇਸ ਬੇਧਿਆਨੀ 'ਤੇ ਹੋਰ ਵਿਗੜ ਜਾਂਦਾ। ਉੱਚੀ ਉੱਚੀ ਚਾਂਗਰਾਂ ਮਾਰਦਾ ਗਾਲ੍ਹਾਂ ਕੱਢਦਾ ਤੇ ਭੰਨ ਤੋੜ ਕਰਦਾ। ਉਸਦੇ ਇਸ ਗੁਸੈਲ ਵਤੀਰੇ ਕਾਰਣ ਉਹਦੀ ਕਾਲ ਕੋਠਰੀ 'ਚ ਬਹੁਤ ਥੋੜ੍ਹਾ ਸਾਮਾਨ ਸੀ ਜੋ ਉਸਦੇ ਸੌਣ, ਬਹਿਣ ਦੇ ਕੰਮ ਆਉਂਦਾ ਸੀ। ਉਸਦੀ ਕੋਠੜੀ 'ਚ ਕੋਈ ਚੀਜ਼ ਬਾਹਰੋਂ ਨਹੀਂ ਲਿਆਉਣ ਦਿੱਤੀ ਜਾਂਦੀ ਸੀ। ਇਥੋਂ ਤੱਕ ਕਿ ਉਸਦੀ ਬੀਵੀ ਵੱਲੋਂ ਲਿਆਂਦਾ ਗਿਆ ਖਾਣ-ਪੀਣ ਦਾ ਸਾਮਾਨ ਵੀ ਬਾਹਰ ਹੀ ਰੋਕ ਲਿਆ ਜਾਂਦਾ ਸੀ। ਉਸਦੀ ਬੀਵੀ ਜ਼ੁਬੈਦਾ ਬੇਗਮ ਬੁਰਕਾ ਪਾਈ ਤੇ ਮੂੰਹ ਸਿਰ ਲਪੇਟੀ ਜਦ ਉਹਨੂੰ ਕਦੇ ਮਿਲਣ ਆਉਂਦੀ ਤਾਂ ਉਨ੍ਹਾਂ ਦੀ ਮੁਲਾਕਾਤ ਲਈ ਇਕ ਵਿਸ਼ੇਸ਼ ਕਮਰਾ ਦਿੱਤਾ ਜਾਂਦਾ। ਜੇਲ੍ਹ ਅਧਿਕਾਰੀ ਥੋੜ੍ਹੀ ਦੂਰ ਖੜੇ ਪੂਰੀ ਨਿਗਰਾਨੀ ਕਰਦੇ।

ਉਹ ਉੱਚੀ ਉੱਚੀ ਬੋਲ ਕੇ ਆਪਣੀ ਜ਼ੁਬਾਨ 'ਚ ਆਪਣੀ ਬੀਵੀ ਨਾਲ ਗੱਲਾਂ ਕਰਦਾ ਜਿਵੇਂ ਲੜ ਰਿਹਾ ਹੋਵੇ। ਪਹਿਰੇਦਾਰ ਉਹਦੀਆਂ ਗੱਲਾਂ ਨਾ ਸਮਝਦੇ ਪਰ ਉਨ੍ਹਾਂ ਨੂੰ ਇੰਨਾ ਜ਼ਰੂਰ ਪਤਾ ਲੱਗ ਜਾਂਦਾ ਕਿ ਉਹ ਕੋਈ ਭਲੀ ਗੱਲਬਾਤ ਨਹੀਂ ਕਰ ਰਿਹਾ ਸੀ।

ਤੇ ਉਸਦੀ ਬੀਵੀ ਚੁੱਪ ਚਾਪ ਸਿਰ ਝੁਕਾਈ ਉਹਦੀਆਂ ਨਸੀਹਤਾਂ ਸੁਣਦੀ ਰਹਿੰਦੀ। ਸਹਿਮੀ ਤੇ ਸਿਮਟੀ ਹੋਈ ਉਹ ਕਿਸੇ ਬੇਜਾਨ ਬੁੱਤ ਵਾਂਗ ਅਹਿੱਲ ਬੈਠੀ ਰਹਿੰਦੀ। ਉਹਦੀ ਕਿਸੇ ਗੱਲ ਦਾ ਜਵਾਬ ਨਹੀਂ ਦਿੰਦੀ ਸੀ। ਘਰ ਦੀ ਸੁੱਖ ਸਾਂਦ ਦੱਸਦੀ ਤੇ ਚੁੱਪ ਚਾਪ ਖੁਦ ਨੂੰ ਸਮੇਟ ਕੇ ਵਾਪਸ ਚਲੀ ਜਾਂਦੀ। ਮੁੜ ਕੇ ਪਿੱਛੇ ਨਾ ਤੱਕਦੀ ਉਹ ਡਰਦੀ। ਜਦੋਂ ਉਹ ਪਹਿਲੀ ਵਾਰ ਉਸ ਨੂੰ ਮਿਲਣ ਆਈ ਤਾਂ ਬਾਬਰ ਕਿਸੇ ਭੁੱਖੇ ਸ਼ੇਰ ਵਾਂਗ ਉਸ 'ਤੇ ਟੁੱਟ ਪਿਆ ਸੀ।

"ਇੰਨਾ ਫੈਸ਼ਨ ਕਰਕੇ ਆਈ ਏਂ, ਕਿਹੜੇ ਯਾਰ ਨੂੰ ਮਿਲਣ ਜਾਣਾ ਈ ਕੰਜਰੀਏ?" ਉਹ ਜ਼ੁਬੈਦਾ ਦੇ ਨਵੇਂ ਸੂਟ ਨੂੰ ਦੇਖ ਕੇ ਭੜਕ ਉਠਿਆ ਸੀ।

"ਜੀ...ਜੀ...ਜੀ।" ਜ਼ੁਬੈਦਾ ਦੀ ਘਿੱਗੀ ਬੱਝ ਗਈ ਸੀ।

"ਜੀ, ਜੀ ਦੀਏ ਲੱਗਦੀਏ..। ਮੇਰੇ ਘਰੋਂ ਬਾਹਰ ਜਾਣ ਦੀ ਦੇਰ ਸੀ ਕਿ ਤੂੰ ਕੰਘੀਆਂ ਪੱਟੀਆਂ ਸ਼ੁਰੂ ਕਰ ਦਿੱਤੀਆਂ। ਬੇਗੈਰਤੇ ਹਯਾ ਕਰ ਕੁਝ। ਤੇਰੇ ਇਨ੍ਹਾਂ ਲੱਛਣਾਂ ਕਰਕੇ ਹੀ ਤੇਰੀ ਧੀ ਬਦਚਲਣ ਨਿਕਲੀ। ਹੋਰ ਬਾਕੀਆਂ ਨੂੰ ਖਰਾਬ ਨਾ ਕਰ ਦੇਈਂ ਕੰਜਰੀਏ..। ਹੁਣ ਮੈਂ ਅੰਦਰ ਬੈਠਾਂ ਵਾਂ, ਉਨ੍ਹਾਂ ਨੂੰ ਦੇਖ ਭਾਲ ਵੀ ਨਹੀਂ ਸਕਦਾ।" ਬਾਬਰ ਜੋ ਮੂੰਹ 'ਚੋ ਆਇਆ, ਬੋਲ ਰਿਹਾ ਸੀ।

ਤੇ ਉਹ ਵਿਚਾਰੀ ਥਰ ਥਰ ਕੰਬ ਰਹੀ ਸੀ। ਸਾਹਮਣੇ ਖੜੇ ਪਹਿਰੇਦਾਰਾਂ ਨੇ ਸਥਿਤੀ ਸੰਗੀਨ ਹੁੰਦੀ ਦੇਖੀ ਤਾਂ ਭੱਜ ਕੇ ਅੰਦਰ ਆ ਵੜੇ। ਉਨ੍ਹਾਂ ਨੇ ਜ਼ੁਬੈਦਾ ਬੇਗਮ ਨੂੰ ਬਾਹਰ ਲਿਆਂਦਾ ਤੇ ਘਰ ਭੇਜ



ਦਿੱਤਾ। ਬਾਬਰ ਨੂੰ ਮੁੜ ਉਹਦੀ ਕੋਠਰੀ 'ਚ ਬੰਦ ਕਰ ਦਿੱਤਾ ਗਿਆ। ਫੇਰ ਕਈ ਦਿਨ ਜ਼ੁਬੈਦਾ ਉਹਨੂੰ ਮਿਲਣ ਨਾ ਆਈ। ਉਹ ਅਕਸਰ ਜੇਲ੍ਹ ਅਧਿਕਾਰੀਆਂ ਨੂੰ ਪੁੱਛਦਾ ਕਿ ਉਸਦੇ ਪਰਿਵਾਰ ਵਾਲੇ ਉਸਨੂੰ ਮਿਲਣ ਕਿਉਂ ਨਹੀਂ ਆ ਰਹੇ। ਜੇਲ੍ਹ ਅਧਿਕਾਰੀ ਢਿੱਡ 'ਚ ਹੱਸਦੇ ਪਰ ਮੂੰਹ 'ਤੇ ਕੁਝ ਨਾ ਕਹਿੰਦੇ। ਤਕਰੀਬਨ ਚਾਰ ਮਹੀਨਿਆਂ ਪਿਛੋਂ ਜ਼ੁਬੈਦਾ ਆਈ ਤਾਂ ਬਾਬਰ ਨੂੰ ਗੁੱਸਾ ਕਾਬੂ ਕਰਨਾ ਔਖਾ ਹੋ ਗਿਆ।

"ਕਿਉਂ ਨਹੀਂ ਆਈ ਇੰਨੇ ਦਿਨ? ਕੋਈ ਹੋਰ ਖਸਮ ਕਰ ਲਿਆ ਸੂ? ਫਿਕਰ ਨਾ ਕਰ, ਮੈਂ ਛੇਤੀ ਹੀ ਬਾਹਰ ਆ ਜਾਵਾਂਗਾ। ਫੇਰ ਤੇਰੇ ਯਾਰ ਨੂੰ ਵੀ ਉਵੇਂ ਹੀ ਵੱਢਾਂਗਾ ਜਿਵੇਂ ਤੇਰੀ ਧੀ ਦੇ ਯਾਰ ਨੂੰ ਵੱਢਿਆ ਸੀ। ਕਮਜ਼ਾਤੇ, ਮੈਨੂੰ ਕਾਸੇ ਜੋਗਾ ਨਹੀਂ ਛੱਡਿਆ ਸੂ ਤੁਸਾਂ।" ਉਹ ਚੀਖਿਆ।

"ਮੈਂ ਠੀਕ ਨਹੀਂ ਸੀ ਸਾਇਮਾ ਦੇ ਅੱਬੂ..।" ਜ਼ੁਬੈਦਾ ਦੀ ਮਰੀ ਜਿਹੀ ਆਵਾਜ਼ ਸੀ।

"ਖਬਰਦਾਰ, ਜੇ ਉਸ ਬੇਹਯਾ ਦਾ ਨਾਮ ਮੇਰੇ ਸਾਹਮਣੇ ਲਿਆ ਤਾਂ। ਮਰ ਚੁੱਕੀ ਏ ਉਹ ਕਮਬਖਤ ਸਾਡੇ ਲਈ। ਮੁੜ ਮੈਨੂੰ ਉਹਦਾ ਅੱਬੂ ਸੱਦਿਆ ਤਾਂ ਤੇਰੀ ਬੋਟੀ ਬੋਟੀ ਕਰ ਦਿਆਂਗਾ ਮੈਂ। ਉਸਦਾ ਨਾਪਾਕ ਨਾਮ ਵੀ ਮੇਰੇ ਸਾਹਮਣੇ ਮੁੜ ਨਾ ਲਵੀਂ ਕਦੇ।" ਬਾਬਰ ਦਹਾੜਿਆ।

"ਜੀ...।" ਜ਼ੁਬੈਦਾ ਨੇ ਗਰਦਨ ਝੁਕਾਈ।

"ਤੈਨੂੰ ਕੀ ਹੋਇਆ ਸੀ? ਚੰਗੀ ਭਲੀ ਏਂ। ਕਿਸੇ ਪਾਸਿਉਂ ਬਿਮਾਰ ਨਹੀਂ ਦਿਖਾਈ ਦਿੰਦੀ। ਕੋਈ ਲੱਗਦਾ ਨਹੀਂ ਤੇਰੇ ਚਿਹਰੇ ਤੋਂ ਕਿ ਤੈਨੂੰ ਕੋਈ ਤਕਲੀਫ ਏ। ਕੋਈ ਗਮ ਨਜ਼ਰ ਨਹੀਂ ਆ ਰਿਹਾ ਕਿਤੇ। ਸਗੋਂ ਤੂੰ ਜ਼ਿਆਦਾ ਖਿੜ ਗਈ ਏਂ ਜਦੋਂ ਦਾ ਮੈਂ ਕੈਦੀ ਬਣਿਆ ਵਾਂ। ਲੱਗਦੈ ਤੇਰੇ 'ਤੇ ਮੁੜ ਬਹਾਰ ਆਈ ਏ। ਮਾਸ਼ਾ ਅੱਲ੍ਹਾ ਅੱਛੀ ਖਾਸੀ ਸਿਹਤ ਬਣ ਗਈ ਏ ਤੇਰੀ। ਹੁਣ ਕੋਈ ਰੋਕਣ ਟੋਕਣ ਵਾਲਾ ਨਹੀਂ ਜੇ ਰਿਹਾ। ਆਜ਼ਾਦ ਔਰਤ ਏਂ ਤੂੰ...। ਜੋ ਜੀਅ ਆਵੇ ਕਰਦੀ ਏਂ। ਨਿੱਤ ਨਵਾਂ ਯਾਰ ਰੱਖਦੀ ਹੋਵੇਂਗੀ। ਕਿਹੜਾ ਕੋਈ ਦੇਖਣ ਵਾਲਾ ਏ। ਚੱਲ ਤੇਰੀ ਤੇ ਮੌਜ ਲੱਗੀ...। ਯਾ ਅੱਲ੍ਹਾ ਕਿਸੇ ਦਾ ਵਾਹ ਬਦਮਾਸ਼ ਔਰਤ ਨਾਲ ਨਾ ਪਵੇ। ਮੈਨੂੰ ਕੀ ਪਤਾ ਸੀ ਮੈਂ ਆਪਣੇ ਘਰ 'ਚ ਤਵਾਇਫ ਰੱਖੀ ਹੋਈ ਏ...।" ਆਖ ਕੇ ਉਹ ਕੰਧ 'ਚ ਸਿਰ ਮਾਰਨ ਲੱਗ ਪਿਆ।

ਜ਼ੁਬੈਦਾ ਨੇ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਉਸ ਨੂੰ ਪੂਰੇ ਜ਼ੋਰ ਨਾਲ ਪਿੱਛੇ ਧੱਕਾ ਦਿੱਤਾ। ਉਹ ਸਿੱਧੀ ਜਾ ਕੇ ਖੂੰਜੇ 'ਚ ਡਿੱਗੀ ਤੇ ਸਿਰ ਫੱਟ ਗਿਆ ਉਸਦਾ। ਪਹਿਰੇਦਾਰਾਂ ਨੇ ਭੱਜ ਕੇ ਉਸ ਨੂੰ ਚੁੱਕਿਆ ਅਤੇ ਡਾਕਟਰੀ ਮਦਦ ਮੰਗਵਾਈ।

ਉਸ ਪਿਛੋਂ ਉਹ ਕਦੇ ਵੀ ਇਕੱਲੀ ਬਾਬਰ ਨੂੰ ਮਿਲਣ ਨਾ ਦਿੱਤੀ ਗਈ। ਇਕ ਮਰਦ ਤੇ ਇਕ ਔਰਤ ਜੇਲ੍ਹ ਕਰਮਚਾਰੀ ਹਰ ਸਮੇਂ ਉਨ੍ਹਾਂ ਦੀ ਮੁਲਾਕਾਤ ਦੌਰਾਨ ਉਥੇ ਮੌਜੂਦ ਰਹਿੰਦੇ। ਬਾਬਰ ਪੰਜਾਬੀ 'ਚ ਗਾਲ੍ਹਾਂ ਤਾਂ ਕੱਢਦਾ ਆਪਣੀ ਬੀਵੀ ਨੂੰ, ਪਰ ਡਰਦਾ ਹੱਥ ਨਾ ਚੁੱਕਦਾ। ਜ਼ੁਬੈਦਾ ਉਹਦੀ ਕਿਸੇ ਗੱਲ 'ਤੇ ਮਾੜੀ ਮੋਟੀ "ਹਾਂ-ਹੂੰ" ਜ਼ਰੂਰ ਕਰ ਛੱਡਦੀ ਪਰ ਬਹੁਤੀ ਗੱਲ ਕਰਨ ਤੋਂ ਕਤਰਾਉਂਦੀ।

"ਮੇਰੀਆਂ ਬਾਕੀ ਧੀਆਂ ਦਾ ਕੀ ਹਾਲ ਏ?" ਉਹ ਰੋਹਬ ਨਾਲ ਪੁੱਛਦਾ।

"ਸਭ ਠੀਕ ਨੇ...। ਪੜ੍ਹਦੀਆਂ ਲਿਖਦੀਆਂ ਨੇ।" ਉਹ ਹੌਲੀ ਜਿਹੀ ਦੱਸਦੀ।

"ਪੜ੍ਹਦੀ ਤਾਂ ਉਹ ਵੀ ਸੀ ਬਦਜ਼ਾਤ, ਜਿਸ ਨੇ ਪੂਰੇ ਮਾਸਰੇ 'ਚ ਮੇਰੀ ਨੱਕ ਕਟਵਾ ਦਿੱਤੀ। ਪਤਾ ਨਹੀਂ ਇਹੋ ਜਿਹਾ ਕੀ ਪੜ੍ਹ ਗਈ ਕਿ ਉਸਦਾ ਦਿਮਾਗ ਹੀ ਹਿੱਲ ਗਿਆ। ਦੂਜੀਆਂ ਵੀ ਨਾ ਕਿਤੇ ਉਹਦੇ ਵਾਲੀ ਹੀ ਪੜ੍ਹਾਈ ਕਰਨ ਲੱਗ ਪੈਣ। ਜ਼ਮਾਨਾ ਬੜਾ ਖਰਾਬ ਏ।" ਉਹ ਹੱਥ ਮਲਦਾ ਕਹਿੰਦਾ।

ਤੇ ਜ਼ੁਬੈਦਾ ਚੁੱਪ ਚਾਪ ਸਿਰ ਝੁਕਾਈ ਬੈਠੀ ਰਹਿੰਦੀ। ਇਹ ਪਹਿਲੀ ਵਾਰ ਨਹੀਂ ਸੀ ਕਿ ਉਸ ਨੂੰ ਆਪਣੇ ਖਾਵੰਦ ਦੇ ਗੁੱਸੇ ਦਾ ਨਿਸ਼ਾਨਾ ਬਣਨਾ ਪੈ ਰਿਹਾ ਸੀ। ਸ਼ੁਰੂ ਤੋਂ ਹੀ ਬੜੇ ਅੜਬ ਤੇ ਜ਼ਿੱਦੀ

ਸੁਭਾਅ ਦਾ ਆਦਮੀ ਸੀ ਉਹ। ਗੱਲ ਗੱਲ ’ਤੇ ਗੁੱਸਾ ਕਰਨਾ, ਗਾਲ੍ਹਾਂ ਕੱਢਣੀਆਂ ਤੇ ਹੱਥ ਚੁੱਕਣਾ ਉਸਦੀ ਆਦਤ ਸੀ। ਉਸਦੇ ਇਸ ਕਪੱਤੇ ਸੁਭਾਅ ਕਾਰਣ ਘਰ ਦੇ ਜੀਅ ਤੇ ਰਿਸ਼ਤੇਦਾਰ ਉਸ ਤੋਂ ਡਰਦੇ ਸੀ। ਉਸਦੇ ਆਸੇ ਪਾਸੇ ਰਹਿਣ ਵਾਲੇ ਲੋਕ ਵੀ ਉਸ ਨੂੰ ਦੂਰੋਂ ਹੀ ਸਲਾਮ ਕਰਨ ’ਚ ਆਪਣਾ ਭਲਾ ਸਮਝਦੇ ਸੀ। ਇਹੋ ਜਿਹੇ ਆਦਮੀ ਦਾ ਕੀ ਪਤਾ ਕਦੋਂ ਬਗੈਰ ਕਿਸੇ ਕਾਰਣ ਭੜਕ ਜਾਵੇ ਤੇ ਇਸ ਭੜਕਾਹਟ ਦਾ ਅੰਜਾਮ ਕੀ ਹੋਵੇਗਾ, ਕੋਈ ਸੋਚ ਵੀ ਨਹੀਂ ਸਕਦਾ ਸੀ। ਉਹ ਮਾਮੂਲੀ ਗੱਲਾਂ ’ਤੇ ਕਈਆਂ ਦੇ ਸਿਰ ਫਾੜ ਚੁੱਕਿਆ ਸੀ। ਗੁੰਡੇ ਬੁਲਾ ਕੇ ਕਈ ਸ਼ਰੀਫ ਬੰਦਿਆਂ ਦੀਆਂ ਬੇਇੱਜ਼ਤੀਆਂ ਕਰਵਾ ਚੁੱਕਿਆ ਸੀ। ਕਈਆਂ ਦੀਆਂ ਜਾਇਦਾਦਾਂ ’ਤੇ ਜਬਰੀ ਕਬਜ਼ਾ ਕਰ ਚੁੱਕਿਆ ਸੀ। ਮਜ਼ਾਲ ਸੀ ਕੋਈ ਉਹਦੇ ਖਿਲਾਫ ਜ਼ਬਾਨ ਖੋਲ੍ਹਦਾ।

ਇਹ ਖੁਰਾਫਾਤਾਂ ਉਦੋਂ ਤੋਂ ਚੱਲੀਆਂ ਆ ਰਹੀਆਂ ਸਨ ਜਦੋਂ ਉਹ ਪਾਕਿਸਤਾਨ ਹੁੰਦਾ ਸੀ। ਪਰ ਇੰਗਲੈਂਡ ਆ ਕੇ ਵੀ ਚੌਧਰ ਨਹੀਂ ਛੱਡੀ ਸੀ ਉਸਨੇ। ਪਾਕਿਸਤਾਨ ’ਚ ਉਸਦੇ ਅੱਬਾ ਖਾਬਰ ਚੌਧਰੀ ਦਾ ਚੰਗਾ ਕਾਰੋਬਾਰ ਸੀ। ਪਰ ਬਾਬਰ ਨੂੰ ਕਾਰੋਬਾਰ ’ਚ ਕੋਈ ਦਿਲਚਸਪੀ ਨਹੀਂ ਸੀ। ਉਹ ਭਲਵਾਨੀ ਦਾ ਸ਼ੌਕ ਰੱਖਦਾ ਸੀ। ਖੁਦ ਨੂੰ ‘ਖਾਬਰ ਭਲਵਾਨ’ ਕਹਾਉਣਾ ਬੜਾ ਚੰਗਾ ਲੱਗਦਾ ਸੀ ਉਸ ਨੂੰ ਤੇ ਅੱਜ ਤੱਕ ਉਸਦੇ ਜਾਣੂ ਉਸ ਨੂੰ ਇਸੇ ਨਾਮ ਨਾਲ ਸੱਦਦੇ ਸਨ। ਆਪਣੇ ਵਰਗੇ ਹੀ ਵਿਹਲੜ, ਆਵਾਰਾ ਤੇ ਅਮੀਰ ਨੌਜਵਾਨਾਂ ਦਾ ਇਕ ਟੋਲਾ ਬਣਾ ਰੱਖਿਆ ਸੀ ਉਸ ਨੇ। ਤੇ ਇਸ ਟੋਲੇ ਨੇ ਪੂਰੇ ਪਿੰਡ ’ਚ ਗਦਰ ਮਚਾ ਰੱਖਿਆ ਸੀ। ਨਿੱਤ ਨਵੀਆਂ ਮੁਹਿੰਮਾਂ ਛਿੜੀਆਂ ਰਹਿੰਦੀਆਂ। ਆਪਣੇ ਪੁੱਤਰ ਦੇ ਚਾਲੇ ਸਹੀ ਨਾ ਦੇਖਕੇ ਖਾਬਰ ਚੌਧਰੀ ਨੇ ਉਹਦਾ ਨਿਕਾਹ ਛੇਤੀ ਹੀ ਕਰਵਾ ਦਿੱਤਾ। ਪਰ ਚਾਰ ਮਹੀਨੇ ਵੀ ਉਹਦੀ ਬੀਵੀ ਨੇ ਉਹਦੇ ਨਾਲ ਨਾ ਕੱਟੇ। ਚੰਗੇ ਘਰ ਦੀ ਤੇ ਪੜ੍ਹੀ-ਲਿਖੀ ਹੋਣ ਕਾਰਨ ਕੁੜੀ ਨੂੰ ਉਸਦਾ ਖੁਰਾਫਾਤੀ ਸੁਭਾਅ ਰਾਸ ਨਾ ਆਇਆ। ਦੋ ਕੁ ਵਾਰੀ ਬਾਬਰ ਨੇ ਉਸ ’ਤੇ ਹੱਥ ਚੁੱਕਿਆ ਤਾਂ ਉਹ ਖਫਾ ਹੋ ਕੇ ਆਪਣੇ ਮਾਪਿਆਂ ਕੋਲ ਚਲੀ ਗਈ ਤੇ ਮੁੜ ਵਾਪਸ ਨਾ ਆਈ।

“ਓਏ ਨਲਾਇਕਾ ਕੀ ਕਰਾਂ ਮੈਂ ਤੇਰਾ ? ਕਿਸੇ ਦੀ ਧੀ ਭੈਣ ਆਪਣੀਆਂ ਵਰਗੀ ਹੀ ਹੁੰਦੀ ਏ। ਹੱਥ ਕਿਉਂ ਨਹੀਂ ਟੁੱਟ ਗਏ ਤੇਰੇ ਉਸ ਨੂੰ ਕੁੱਟਣ ਲੱਗਿਆਂ। ਬੇਗੈਰਤਾ ਬਲੀਮਾ ਵੀ ਨਹੀਂ ਕੱਟਿਆ ਤੇਰੀ ਵਿਆਂਹਦੜ ਨੇ। ਨੱਕ ਡੁਬੋ ਕੇ ਮਰਜਾ ਕਿਸੇ ਪਾਸੇ।” ਖਾਬਰ ਚੌਧਰੀ ਨੇ ਪੁੱਤਰ ਨੂੰ ਰੱਜ ਕੇ ਕੋਸਿਆ।

“ਜਿਸ ਦਿਨ ਉਹ ਮੈਨੂੰ ਮਿਲ ਗਈ ਮੈਂ ਉਥੇ ਹੀ ਉਹਦੀ ਗਰਦਨ ਲਾਹ ਦੇਵਾਂਗਾ।” ਬਾਬਰ ਦੀਆਂ ਅੱਖਾਂ ’ਚ ਖੂਨ ਉਤਰਿਆ ਦੇਖ ਕੇ ਖਾਬਰ ਚੌਧਰੀ ਬਰਫ਼ ਹੋ ਗਿਆ।

ਉਸ ਦਿਨ ਤੋਂ ਬਾਅਦ ਉਸ ਨੇ ਮੁੜ ਬਾਬਰ ਨੂੰ ਉਸਦੀ ਬੀਵੀ ਬਾਰੇ ਕੁਝ ਨਹੀਂ ਕਿਹਾ। ਉਸਦੇ ਅੰਦਰ ਡਰ ਬੈਠ ਗਿਆ ਸੀ ਕਿ ਕਿਤੇ ਗੁੱਸੇ ’ਚ ਭੜਕਿਆ ਬਾਬਰ ਕੋਈ ਅਣਹੋਣੀ ਨਾ ਕਰ ਬੈਠੇ। ਉਸ ਨੇ ਚੁੱਪ ਰਹਿਣ ’ਚ ਹੀ ਭਲਾਈ ਸਮਝੀ। ਬੜੀ ਦੇਰ ਸੋਚ ਸਮਝ ਕੇ ਇਕ ਸਕੀਮ ਘੜੀ। ਆਪਣੇ ਇਕਲੌਤੇ ਪੁੱਤਰ ਨੂੰ ਉਸਦੇ ਮੁਸ਼ਟੰਡੇ ਦੋਸਤਾਂ ਤੋਂ ਦੂਰ ਕਰਨ ਦਾ ਇਕ ਬੜਾ ਵਧੀਆ ਤਰੀਕਾ ਲੱਭਿਆ ਉਸ ਨੂੰ। ਸੱਪ ਵੀ ਮਰ ਜਾਏ ਤੇ ਸੋਟੀ ਵੀ ਨਾ ਟੁੱਟੇ। ਉਸਦਾ ਪੁੱਤਰ ਇਸ ਗਲਤ ਮਾਹੌਲ ’ਚੋਂ ਨਿਕਲ ਕੇ ਕਿਤੇ ਦੂਰ ਚਲਾ ਜਾਵੇ ਤੇ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰੇ। ਜਿਥੇ ਉਸਦਾ ਗੁਜ਼ਰਿਆ ਕਲ੍ਹ ਉਸਦੇ ਆਉਣ ਵਾਲੇ ਕਲ੍ਹ ਨੂੰ ਕਾਲਾ ਨਾ ਕਰੇ। ਆਖਰ ਬੜੀ ਸੋਚ ਸਿਆਣਪ ਪਿਛੋਂ ਉਸ ਨੇ ਆਪਣੇ ਦੂਰ ਦੇ ਕਿਸੇ ਭਰਾ ਨਾਲ ਰਾਬਤਾ ਕੀਤਾ ਜੋ ਕਿ ਇੰਗਲੈਂਡ ਰਹਿੰਦਾ ਸੀ। ਆਪਣੇ ਭਰਾ ਸਾਹਮਣੇ ਉਸ ਨੇ ਆਪਣਾ ਦਿਲ ਖੋਲ੍ਹ ਕੇ ਰੱਖ ਦਿੱਤਾ। ਉਸਦੇ ਰਿਸ਼ਤੇਦਾਰ ਭਰਾ ਨੂੰ ਉਹਦੇ ’ਤੇ ਰਹਿਮ ਆਇਆ ਤੇ ਸਪੌਂਸਰਸ਼ਿਪ ਵਗੈਰਾ ਭੇਜ ਕੇ ਉਸ ਨੇ ਬਾਬਰ ਨੂੰ ਇੰਗਲੈਂਡ ਸੱਦ ਲਿਆ। ਸੁਨੱਖਾ ਜਵਾਨ ਬਾਬਰ ਸਭ ਨੂੰ ਪਸੰਦ ਆਇਆ ਤੇ ਜਾਣ-ਪਛਾਣ ਦੇ ਕਿਸੇ ਪਰਿਵਾਰ ਦੀ ਇਕ ਕੁੜੀ ਨਾਲ ਉਸ ਦਾ



ਨਿਕਾਹ ਵੀ ਕਰਵਾ ਦਿੱਤਾ ਗਿਆ। ਬਾਬਰ ਨੂੰ ਇਹ ਨਵੀਂ ਜਗ੍ਹਾ ਤੇ ਜ਼ਿੰਦਗੀ ਬੜੀ ਚੰਗੀ ਲੱਗੀ। ਉਹ ਇੰਗਲੈਂਡ ਦੀ ਸੱਭਿਅਤਾ ਦੇ ਨਵੇਂ ਸਲੀਕੇ ਸਿੱਖਣ ਲੱਗਾ। ਪਰ ਬਾਬਰ ਆਖਰ ਬਾਬਰ ਸੀ। ਬਹੁਤੀ ਦੇਰ ਲਈ ਸ਼ਰਾਫਤ ਤੇ ਸਲੀਕਾ ਉਸਨੂੰ ਰਾਸ ਨਾ ਆਇਆ ਤੇ ਆਖਰ ਇਕ ਦਿਨ ਆਪਣੀ ਔਕਾਤ ’ਤੇ ਉਤਰ ਆਇਆ ਉਹ। ਉਸਦੀ ਬੀਵੀ ਆਪਣੇ ਕਿਸੇ ਜਮਾਤੀ ਨਾਲ ਫੋਨ ’ਤੇ ਗੱਲਾਂ ਕਰ ਰਹੀ ਸੀ। ਉਹ ਦੂਜੇ ਫੋਨ ਰਾਹੀਂ ਗੱਲਾਂ ਕਰ ਰਹੀ ਸੀ। ਉਹ ਦੂਜੇ ਫੋਨ ਰਾਹੀਂ ਉਨ੍ਹਾਂ ਦੀ ਸਾਰੀ ਗੱਲਬਾਤ ਸੁਣਦਾ ਰਿਹਾ। ਦੋਵਾਂ ਨੇ ਕਿਤੇ ਚਾਹ ਕੌਫੀ ਪੀਣ ਲਈ ਮਿਲਣ ਦਾ ਪ੍ਰੋਗਰਾਮ ਬਣਾਇਆ ਤੇ ਬਾਬਰ ਵੀ ਐਨ ਮੌਕੇ ’ਤੇ ਪਹੁੰਚ ਗਿਆ। ਹਾਲੇ ਉਹਦੀ ਬੀਵੀ ਤੇ ਉਸਦਾ ਜਮਾਤੀ ਕਿਸੇ ਰੈਸਟੋਰੈਂਟ ’ਚ ਜਾ ਕੇ ਬੈਠੇ ਹੀ ਸੀ ਕਿ ਬਾਬਰ ਅਚਾਨਕ ਅੰਦਰ ਵੜਿਆ। ਬਗੈਰ ਇਕ ਲਫਜ਼ ਕਿਹਾਂ ਹੀ ਉਸ ਨੇ ਜਮਾਤੀ ਉਤੇ ਘਸੁੰਨ ਮੁੱਕਿਆਂ ਦਾ ਮੀਂਹ ਵਰ੍ਹਾ ਦਿੱਤਾ। ਉਸਦੀ ਬੀਵੀ ਚੀਖਾਂ ਮਾਰ ਕੇ ਆਪਣੇ ਜਮਾਤੀ ਨੂੰ ਛੁਡਾਉਣ ਲੱਗੀ ਤਾਂ ਉਸਨੇ ਉਸਦੀ ਬੁਰੀ ਤਰ੍ਹਾਂ ਧੁਲਾਈ ਕਰ ਦਿੱਤੀ।

ਰੈਸਟੋਰੈਂਟ ਵਾਲਿਆਂ ਨੇ ਪੁਲਿਸ ਸੱਦ ਲਈ। ਬਾਬਰ ਗ੍ਰਿਫਤਾਰ ਕਰ ਲਿਆ ਗਿਆ। ਅੰਜਾਮ ਉਹੀ ਨਿਕਲਿਆ। ਉਸਦੀ ਬੀਵੀ ਨੇ ਉਸਦੇ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਫੇਰ ਤਲਾਕ ਹੋ ਗਿਆ ਉਸਦਾ। ਪਰ ਉਸਦੀ ਸਿਹਤ ’ਤੇ ਕੋਈ ਅਸਰ ਨਹੀਂ ਪਿਆ। ਸਗੋਂ ਉਹ ਖੁਦ ਨੂੰ ਆਜ਼ਾਦ ਸਮਝਣ ਲੱਗ ਪਿਆ। ਬਗੈਰ ਕਿਸੇ ਬੋਝ ਜਾਂ ਬੰਧਨ ਤੋਂ। ਬਿਲਕੁਲ ਸੁਰਖਰੂ, ਨਾ ਕਿਸੇ ਦਾ ਡਰ, ਨਾ ਚਿੰਤਾ। ਆਪਣੀ ਮਨਮਰਜ਼ੀ ਦੀ ਜ਼ਿੰਦਗੀ ਫੇਰ ਜਿਊਣ ਲੱਗ ਪਿਆ ਸੀ ਉਹ। ਉਹੀ ਪੁਰਾਣੀਆਂ ਆਦਤਾਂ ਮੁੜ ਜਾਗ ਪਈਆਂ ਸੀ ਉਸਦੀਆਂ। ਪਹਿਲਾਂ ਵਰਗੇ ਪੁਰਾਣੇ ਯਾਰ ਵੈਲੀ ਬਣਾ ਲਏ ਸੀ ਉਸਨੇ ਅਵਾਰਾ ਮੁਸ਼ਟੰਡੇ। ਫੇਰ ਦਾਦਾਗਿਰੀ ਕਰਨ ਲੱਗ ਪਿਆ ਸੀ ਉਹ। ਜਿਵੇਂ ਪੁਰਾਣਾ ਬਾਬਰ ਫੇਰ ਜ਼ਿੰਦਾ ਹੋ ਗਿਆ ਸੀ ਉਸ ਵਿੱਚ। ਬੀਵੀ ਦੀ ਕਮੀ ਉਹਦੇ ਕਦੇ ਮਹਿਸੂਸ ਨਹੀਂ ਕੀਤੀ ਸੀ। ਨਿੱਤ ਨਵੀਂ ਜ਼ਨਾਨੀ ਫੜਦਾ ਤੇ ਮੌਜਾਂ ਮਾਣਦਾ। ਪਿੱਛੇ ਘਰ ਪੈਸਾ ਭੇਜਣ ਦੀ ਕੋਈ ਲੋੜ ਨਹੀਂ ਸੀ ਤੇ ਇਥੇ ਖਰਚੇ ਜੋਗਾ ਬਥੇਰਾ ਕਮਾ ਲੈਂਦਾ ਸੀ ਉਹ। ਉਸਦੇ ਅੱਬੂ ਕੋਲ ਤਾਂ ਆਪਣਾ ਪੈਸਾ ਹੀ ਬਥੇਰਾ ਸੀ। ਅੱਬੂ ਦੀ ਸਾਰੀ ਜਾਇਦਾਦ ਉਸੇ ਨੂੰ ਤਾਂ ਮਿਲਣੀ ਸੀ। ਇਸ ਲਈ ਉਸ ਨੇ ਕਦੇ ਨਾ ਕੰਜੂਸੀ ਵਰਤੀ ਤੇ ਨਾ ਪੈਸਾ ਜੋੜਿਆ। ਹਾਂ, ਉਸਦੀ ਆਮਦਨ ਹੀ ਇੰਨੀ ਵਧ ਗਈ ਸੀ ਕਿ ਪੈਸਾ ਉਸ ਕੋਲ ਫਾਲਤੂ ਪਿਆ ਰਹਿੰਦਾ। ਜੀਅ ਭਰ ਕੇ ਖਰਚ ਕਰਦਾ ਉਹ ਤੇ ਆਪਣੇ ਯਾਰਾਂ ਦੋਸਤਾਂ ਨੂੰ ਖਰਚਾਉਂਦਾ। ਆਪਣੀਆਂ ਮਾਸ਼ੂਕਾਂ ਨੂੰ ਤੋਹਫਿਆਂ ਨਾਲ ਲੱਦ ਦਿੰਦਾ। ਪੈਸਾ ਪਾਣੀ ਵਾਂਗ ਵਹਾਉਂਦਾ ਆਪਣੀ ਅੱਯਾਸ਼ੀ ’ਤੇ ਅਤੇ ਭੋਰਾ ਵੀ ਕਿਰਸ ਨਾ ਕਰਦਾ।

ਉਸ ਕੋਲ ਇੰਨਾ ਪੈਸਾ ਕਿਥੋਂ ਆਉਂਦਾ ਸੀ, ਕੋਈ ਨਹੀਂ ਜਾਣਦਾ ਸੀ। ਉਸ ਨਾਲ ਖਾਰ ਖਾਂਦੇ ਬੰਦੇ ਸਮਝਦੇ ਸੀ ਕਿ ਉਹ ਕੋਈ ਗਲਤ ਧੰਦਾ ਕਰਦਾ ਸੀ। ਡਰੱਗ ਡੀਲਿੰਗ ਵਿੱਚ ਉਹਦੀ ਸ਼ਿਕਾਇਤ ਹੋਈ ਪਰ ਪੁਲਿਸ ਨੂੰ ਉਹਦੇ ਖਿਲਾਫ ਕੋਈ ਸਬੂਤ ਨਾ ਮਿਲਿਆ। ਮਨੀ ਲਾਂਡ੍ਰਿਗ ਨਾਲ ਨਾਮ ਜੁੜਿਆ ਉਸਦਾ ਪਰ ਕੋਈ ਉਸਦਾ ਵਾਲ ਵੀ ਵਿੰਗਾ ਨਾ ਕਰ ਸਕਿਆ। ਪੇਸ਼ੇ ਵਜੋਂ ਪਹਿਲਾਂ ਉਹ ਖੁਦ ਟੈਕਸੀ ਚਲਾਉਂਦਾ ਸੀ ਫੇਰ ਹੌਲੀ ਹੌਲੀ ਆਪਣੀ ਟੈਕਸੀ ਫਰਮ ਖੋਲ੍ਹ ਲਈ ਉਸਨੇ ਜੋ ਖੂਬ ਚੱਲ ਨਿਕਲੀ। ਭਾਂਤ ਭਾਂਤ ਦੇ ਡਰਾਈਵਰ ਉਸ ਕੋਲ ਕੰਮ ਕਰਨ ਆਉਂਦੇ। ਇਕ ਤੋਂ ਇਕ ਛਟੇ ਹੋਏ ਲਫੰਡਰ। ਆਪੋ ਆਪਣੀਆਂ ਜ਼ੁਬਾਨਾਂ ’ਚ ਗੰਦੀਆਂ ਅਸ਼ਲੀਲ ਗਾਲ੍ਹਾਂ ਕੱਢਦੇ। ਲੁੱਚੇ ਚੁਟਕਲੇ ਸੁਣਾਉਂਦੇ। ਸ਼ਰਾਬ, ਕਬਾਬ ਤੇ ਸ਼ਰਾਬ ਦੇ ਸ਼ੌਕੀਨ। ਆਪੋ ਆਪਣੇ ਜ਼ਾਤੀ ਤਜ਼ਰਬੇ ਇਕ ਦੂਜੇ ਨੂੰ ਚਟਖਾਰੇ ਲੈ ਲੈ ਕੇ ਸੁਣਾਉਂਦੇ ਤੇ ਖੂਬ ਠਹਾਕੇ ਲਗਾਉਂਦੇ।

ਤੇ ਬਾਬਰ ਵੀ ਉਨ੍ਹਾਂ ’ਚ ਰਹਿ ਕੇ ਬਿਲਕੁਲ ਉਨ੍ਹਾਂ ਵਰਗਾ ਹੀ ਹੋ ਗਿਆ ਸੀ। ਭੁੱਲ ਗਿਆ ਸੀ ਕਿ ਉਹ ਕਿਸੇ ਸ਼ਰੀਫ ਪਿਉ ਦੀ ਔਲਾਦ ਸੀ। ਉਸ ਦੇ ਵਾਲਦਾਇਨ ਆਪਣੇ ਪਿੰਡ ਦੇ ਮੰਨੇ ਪ੍ਰਮੰਨੇ

ਇੱਜ਼ਤਦਾਰ ਲੋਕ ਸਨ। ਉਸਦਾ ਕੋਈ ਚੰਗਾ ਖਾਨਦਾਨੀ ਰੁਤਬਾ ਸੀ ਜਿਸ ਨੂੰ ਬਚਾਉਣ ਲਈ ਉਸਦੇ ਪਿਉ ਨੇ ਉਸ ਨੂੰ ਆਪਣੇ ਤੋਂ ਹਜ਼ਾਰਾਂ ਮੀਲ ਦੂਰ ਭੇਜ ਦਿੱਤਾ ਸੀ। ਜਿਵੇਂ ਇਹ ਸਜ਼ਾ ਖਾਬਰ ਚੌਧਰੀ ਨੇ ਆਪਣੇ ਇਕਲੌਤੇ ਪੁੱਤਰ ਨੂੰ ਨਹੀਂ ਸਗੋਂ ਖੁਦ ਨੂੰ ਹੀ ਦਿੱਤੀ ਸੀ ਆਪਣੇ ਲੱਖਤੇ ਜਿਗਰ ਨੂੰ ਆਪਣੀਆਂ ਨਜ਼ਰਾਂ ਤੋਂ ਦੂਰ ਕਰਕੇ। ਪਰ ਬਾਬਰ ਲਈ ਇਹ ਸਜ਼ਾ ਵੀ ਮਜ਼ਾ ਬਣ ਨਿੱਬੜੀ ਸੀ। ਪਾਕਿਸਤਾਨ 'ਚ ਉਸਨੂੰ ਜਿਨ੍ਹਾਂ ਪਾਬੰਦੀਆਂ ਦਾ ਡਰ ਸੀ, ਉਹ ਇੰਗਲੈਂਡ ਆ ਕੇ ਬਿਲਕੁਲ ਖਤਮ ਹੋ ਗਈਆਂ ਸਨ। ਨਾ ਕਿਸੇ ਦਾ ਡਰ, ਨਾ ਭੈਅ, ਜੋ ਜੀਅ ਆਵੇ ਕਰੋ। ਕੋਈ ਕਾਨੂੰਨ ਨਹੀਂ ਰੋਕਦਾ ਭਾਵੇਂ ਜਿੰਨੀ ਮਰਜ਼ੀ ਆਜ਼ਾਦ ਜ਼ਿੰਦਗੀ ਜਿਉ। ਕੋਈ ਮਜ਼੍ਹਬ ਨਹੀਂ ਟੋਕਦਾ ਭਾਵੇਂ ਜਿੰਨੀ ਮਰਜ਼ੀ ਸ਼ਰਾਬ ਪੀਓ ਤੇ ਕੋਈ ਮਾਸ਼ਰਾ ਨਹੀਂ ਤੁਹਾਡੇ ਰਾਹ 'ਚ ਆਉਂਦਾ ਭਾਵੇਂ ਜਿੰਨੀਆਂ ਮਰਜ਼ੀ ਔਰਤਾਂ ਨਾਲ ਸੌਂਵੋਂ। ਮਤਲਬ ਮੁਕੰਮਲ ਆਜ਼ਾਦੀ ਦਾ ਅਹਿਸਾਸ ਹੋਇਆ ਸੀ ਬਾਬਰ ਨੂੰ ਇੰਗਲੈਂਡ ਆ ਕੇ ਤੇ ਪਾਕਿਤਸਾਨ ਮੁੜ ਵਾਪਸ ਨਹੀਂ ਗਿਆ ਸੀ ਉਹ। ਉਸਦੇ ਕੋਲ ਫੁਰਸਤ ਹੀ ਨਹੀਂ ਸੀ ਕਿ ਉਹ ਇਕ ਦਿਨ ਲਈ ਵੀ ਕਿਤੇ ਜਾ ਸਕੇ। ਆਪਣੀ ਜ਼ਿੰਦਗੀ ਦੀਆਂ ਰੰਗੀਨੀਆਂ 'ਚ ਇਸ ਤਰ੍ਹਾਂ ਮਦਹੋਸ਼ ਸੀ ਉਹ ਕਿ ਕਿਸੇ ਹੋਰ ਬਾਰੇ ਉਸ ਨੂੰ ਸੋਚਣ ਦੀ ਵਿਹਲ ਹੀ ਨਹੀਂ ਸੀ। ਪਹਿਲਾਂ ਤਾਂ ਉਸ ਨਾਲ ਇਸ਼ਕ ਕਰਨ ਵਾਲੀਆਂ ਔਰਤਾਂ ਹੀ ਇੰਨੀਆਂ ਸਨ ਕਿ ਚਾਹ ਕੇ ਵੀ ਉਹ ਉਨ੍ਹਾਂ ਦੀ ਵਾਰੀ ਪੂਰੀ ਨਹੀਂ ਕਰ ਸਕਦਾ ਸੀ। ਹਰ ਰੋਜ਼ ਕੋਈ ਨਾ ਕੋਈ ਰੁੱਸੀ ਰਹਿੰਦੀ ਕਿ ਉਹ ਉਸ ਨੂੰ ਮਿਲਦਾ ਨਹੀਂ ਸੀ। ਫੇਰ ਉਸਦੇ ਯਾਰਾਂ ਦੋਸਤਾਂ ਦੀਆਂ ਰੰਗੀਨ ਮਹਿਫਲਾਂ ਅਤੇ ਉਨ੍ਹਾਂ 'ਚ ਚੱਲਦੇ ਸ਼ਰਾਬ ਦੇ ਲੰਮੇ ਦੌਰ ਤੇ ਉਤੋਂ ਕਾਰੋਬਾਰ ਦੀਆਂ ਜ਼ਿੰਮੇਵਾਰੀਆਂ। ਕਿਸੇ ਹੋਰ ਨੂੰ ਉਹ ਕੰਟਰੋਲ ਰੂਮ 'ਚ ਬਿਠਾ ਨਹੀਂ ਸਕਦਾ ਸੀ। ਜਿਸ ਨੂੰ ਵੀ ਯਕੀਨ ਕਰਕੇ ਕੰਟਰੋਲ ਰੂਮ 'ਤੇ ਬਿਠਾਉਂਦਾ ਉਹੀ ਡਰਾਈਵਰਾਂ ਨਾਲ ਮਿਲ ਕੇ ਪੈਸਾ ਚੋਰੀ ਕਰਨ ਲੱਗ ਪੈਂਦਾ। ਡਰਾਈਵਰਾਂ ਵੱਲੋਂ ਕੀਤਾ ਗਿਆ ਕੰਮ ਛੁਪਾ ਲਿਆ ਜਾਂਦਾ ਤੇ ਫਰਮ ਨੂੰ ਘਾਟਾ ਪਾਇਆ ਜਾਂਦਾ। ਇਹ ਕੰਮ ਹੀ ਇੱਦਾਂ ਦਾ ਸੀ ਜੋ ਮਾਲਕ ਬਗੈਰ ਚੱਲਦਾ ਨਹੀਂ ਸੀ। ਕੋਈ ਚਾਰਾ ਨਾ ਚੱਲਦਾ ਦੇਖ ਕੇ ਬਾਬਰ ਖੁਦ ਹੀ ਸੱਤੇ ਦਿਨ ਕੰਟਰੋਲ ਰੂਮ 'ਚ ਬੈਠਦਾ। ਹਾਂ, ਵਿਚੋਂ ਦੋ ਚਾਰ ਘੰਟੇ ਮਸਤੀ ਮਾਰਨ ਲਈ ਗਾਇਬ ਜ਼ਰੂਰ ਹੋ ਜਾਂਦਾ ਤੇ ਉਸਦੀ ਗੈਰ-ਮੌਜੂਦਗੀ ਦੌਰਾਨ ਉਸ ਦੇ ਸਾਥੀਆਂ ਨੂੰ ਪੂਰਾ ਪਤਾ ਹੁੰਦਾ ਸੀ ਕਿ ਇਸ ਵਕਤ ਉਹ ਕਿਸ ਜ਼ਨਾਨੀ ਨਾਲ ਐਸ਼ ਕਰ ਰਿਹਾ ਸੀ।

"ਐਸ਼ੀ ਪੱਠਾ ਏ। ਅੱਗਾ ਨਹੀਂ, ਕੋਈ ਪਿੱਛਾ ਨਹੀਂ ਸਾਲੇ ਦਾ। ਜਿੰਨਾ ਕਮਾਉਂਦਾ ਏ ਕੰਜਰੀਆਂ ਦੇ ਕੋਠਿਆਂ 'ਤੇ ਬਰਬਾਦ ਕਰ ਆਉਂਦਾ ਏ।" ਕੋਈ ਉਸਦੀ ਬਰਬਾਦੀ 'ਤੇ ਦੁੱਖ ਵੀ ਜ਼ਾਹਿਰ ਕਰਦਾ।

"ਕਰਨ ਦੇ ਅਸਾਂ ਕੀ ਲੈਣਾ ਏ? ਬਥੇਰਾ ਪੈਸਾ ਸੂ ਖਬੀਸ ਕੋਲ। ਨੂੰਹ ਲਿਆਉਣੀ ਨਹੀਂ ਤੇ ਧੀ ਵਿਆਹੁਣੀ ਨਹੀਂ। ਕੀ ਕਰਨਾ ਏ ਫੇਰ ਪੈਸਾ। ਕੰਜਰੀਆਂ ਹੀ ਖਾਣਗੀਆਂ। ਪਿੱਛੇ ਪਿਉ ਕੋਲ ਅੱਗ ਲਾਇਆ ਨਹੀਂ ਜੇ ਲੱਗਦੀ।" ਕੋਈ ਹੋਰ ਜਵਾਬ ਦਿੰਦਾ।

ਗੱਲ ਸਹੀ ਵੀ ਕਿਸੇ ਹੱਦ ਤੱਕ। ਕਿਉਂਕਿ ਬਾਬਰ ਨੇ ਕਦੇ ਖੁਦ ਵੀ ਇਹੋ ਜਿਹੀ ਹਸਰਤ ਜ਼ਾਹਿਰ ਨਹੀਂ ਕੀਤੀ ਸੀ ਜਿਸ ਨਾਲ ਉਹਦੇ ਆਪਣੀ ਜ਼ਿੰਦਗੀ ਬਾਰੇ ਕਿਸੇ ਸੰਜੀਦਾ ਫੈਸਲੇ ਦਾ ਇਸ਼ਾਰਾ ਦਿੱਤਾ ਹੋਵੇ। ਉਹ ਜ਼ਿੰਦਗੀ ਨੂੰ ਇਕ ਖਿਲਵਾੜ ਸਮਝਦਾ ਸੀ ਤੇ ਰੱਜ ਕੇ ਇਹਦੇ ਨਾਲ ਖੇਡ ਰਿਹਾ ਸੀ। ਬੇਫਿਕਰ, ਬੇਖੌਫ, ਬੇਪਰਦਾ ਤੇ ਬੇਮੁਹਾਰ। ਕਦੇ ਉਸਨੇ ਆਪਣੇ ਸ਼ੌਕ ਅਤੇ ਐਯਾਸ਼ੀ ਕਿਸੇ ਤੋਂ ਛੁਪਾਏ ਨਹੀਂ ਸੀ। ਜੋ ਕਰਦਾ ਸੀ ਡੰਕੇ ਦੀ ਚੋਟ 'ਤੇ। ਕਿਸੇ ਦੀ ਈਨ ਨਹੀਂ ਮੰਨਦਾ ਸੀ। ਉਸਦੇ ਫੈਸਲੇ ਆਪਣੇ ਹੁੰਦੇ ਸੀ ਕਿਸੇ ਦਾ ਦਖਲਅੰਦਾਜ਼ੀ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਤੇ ਇਹ ਖਿਲਵਾੜ ਕਈ ਸਾਲ ਬਗੈਰ ਕਿਸੇ ਰੁਕਾਵਟ ਦੇ ਚੱਲਦਾ ਰਿਹਾ। ਪਰ ਹਰ ਚੀਜ਼ ਦਾ ਇਕ ਅੰਤ ਆਉਣ ਵਾਂਗ ਉਸਦੀ ਬੇਮੁਹਾਰ ਜ਼ਿੰਦਗੀ ਵੀ ਅਚਾਨਕ ਇਕ ਦਿਨ ਰੁਕ ਗਈ। ਪਾਕਿਸਤਾਨ ਤੋਂ



ਫੋਨ ਆਇਆ ਕਿ ਉਸਦੀ ਅੰਮੀ ਫੌਤ ਹੋ ਗਈ ਸੀ। ਭਾਵੇਂ ਬਾਬਰ ਦਾ ਆਪਣੇ ਵਾਲਦਾਇਨ ਨਾਲ ਕੋਈ ਬਹੁਤਾ ਨਜ਼ਦੀਕੀ ਰਿਸ਼ਤਾ ਨਹੀਂ ਰਿਹਾ ਸੀ ਪਰ ਮਾਂ ਦੇ ਮਰਨ ਦੀ ਖਬਰ ਸੁਣ ਕੇ ਉਹ ਪ੍ਰੇਸ਼ਾਨ ਹੋ ਗਿਆ। ਤੁਰੰਤ ਪਾਕਿਸਤਾਨ ਜਾਣ ਦੀ ਸੀਟ ਬੁੱਕ ਕਰਵਾਈ ਉਸ ਨੇ ਤੇ ਪਹਿਲੀ ਹੀ ਫਲਾਈਟ 'ਚ ਉਡ ਗਿਆ ਉਹ। ਪਾਕਿਸਤਾਨ ਜਾ ਕੇ ਦੇਖਿਆ ਤਾਂ ਜਿਵੇਂ ਹਰ ਚੀਜ਼ ਬਦਲ ਚੁੱਕੀ ਸੀ। ਜੋ ਦੁਨੀਆਂ ਉਹ ਛੱਡ ਕੇ ਗਿਆ ਸੀ ਉਹ ਕਿਤੇ ਗਾਇਬ ਹੋ ਗਈ ਸੀ। ਉਸਦਾ ਘਰ ਭਾਵੇਂ ਜਿਵੇਂ ਦਾ ਤਿਵੇਂ ਸੀ ਪਰ ਉਥੇ ਪਈ ਹਰ ਸ਼ੈਅ ਜਿਵੇਂ ਬੇਗਾਨੀ ਜਾਪਦੀ ਸੀ। ਅੰਮੀ ਦੇ ਮਰਨ ਦਾ ਦੁੱਖ ਹਰ ਪਾਸੇ ਪਸਰਿਆ ਸੀ। ਉਸਦਾ ਅੱਬਾ ਜੋ ਕਦੇ ਚਾਰ ਮੀਲ ਦੀ ਸੈਰ ਤੜਕੇ ਹੀ ਉਠ ਕੇ ਕਰਨ ਜਾਂਦਾ ਹੁੰਦਾ ਸੀ, ਹੁਣ ਸੋਟੀ ਲੈ ਕੇ ਤੁਰਨ ਲੱਗ ਪਿਆ ਸੀ। ਕਾਰੋਬਾਰ ਨੂੰ ਨੌਕਰ ਚਾਕਰ ਦੇਖਦੇ ਸੀ। ਖਾਬਰ ਚੌਧਰੀ ਸਿਰਫ ਕੁਰਸੀ 'ਤੇ ਬੈਠ ਕੇ ਨਿਗਰਾਨੀ ਕਰਦਾ ਸੀ।

ਬਾਬਰ ਨੇ ਪਿਉ ਦੀ ਇਹ ਹਾਲਤ ਦੇਖੀ ਤਾਂ ਬਰਦਾਸ਼ਤ ਨਾ ਕਰ ਸਕਿਆ।

"ਤੁਸੀਂ ਚੱਲੋ ਮੇਰੇ ਨਾਲ ਇੰਗਲੈਂਡ।" ਉਸਨੇ ਪਿਉ ਨੂੰ ਕਿਹਾ।

"ਇੰਗਲੈਂਡ? ਪਰ ਮੈਂ ਉਥੇ ਕੀ ਕਰਾਂਗਾ ਬੇਟਾ?" ਖਾਬਰ ਚੌਧਰੀ ਹੈਰਾਨ ਹੋਇਆ।

"ਇੱਥੇ ਕੀ ਕਰਦੇ ਓਂ? ਇਕੱਲੇ ਕਿਵੇਂ ਰਹੋਗੇ? ਪਹਿਲਾਂ ਤਾਂ ਅੰਮੀ ਜਾਨ ਸਨ ਤੁਹਾਡੀ ਖਿਦਮਤ ਲਈ। ਹੁਣ ਕੌਣ ਦੇਖੇਗਾ? ਮੇਰੇ ਨਾਲ ਚੱਲੋ...।" ਬਾਬਰ ਨੇ ਜ਼ਿੱਦ ਕੀਤੀ।

"ਉਥੇ ਵੀ ਕੌਣ ਏ? ਕਿਹੜਾ ਤੇਰਾ ਟੱਬਰ ਏ ਜੋ ਮੇਰੀ ਖਿਦਮਤ ਕਰੇਗਾ? ਉਥੇ ਵੀ ਕੱਲਾ ਈ ਰਹਾਂਗਾ। ਫੇਰ ਇਥੇ ਕੀ ਬੁਰਾਈ ਏ?" ਖਾਬਰ ਨੇ ਜਿਵੇਂ ਵਿਅੰਗ ਕੱਸਿਆ।

ਬਾਬਰ ਪਿਉ ਦੀ ਗੱਲ ਸੁਣ ਕੇ ਦੋ ਪਲ ਚੁੱਪ ਰਿਹਾ। ਪਰ ਉਸਦੀ ਚੋਭ ਮਹਿਸੂਸ ਕੀਤੀ ਉਸਨੇ।

"ਪਰ ਮੈਂ ਤੁਹਾਨੂੰ ਇੱਦਾਂ ਛੱਡ ਕੇ ਨਹੀਂ ਜਾਣ ਵਾਲਾ। ਤੁਸਾਂ ਨੂੰ ਜਾਣਾ ਹੀ ਪੈਣਾ ਏ।" ਉਹ ਕਿਸੇ ਜ਼ਿੱਦੀ ਬੱਚੇ ਵਾਂਗ ਬੋਲਿਆ।

ਖਾਬਰ ਦੇ ਚਿਹਰੇ 'ਤੇ ਇੱਕ ਡੂੰਘੀ ਮੁਸਕਾਨ ਆਈ।

"ਇਕ ਸ਼ਰਤ ਏ...।" ਖਾਬਰ ਨੇ ਉਹਦੀਆਂ ਅੱਖਾਂ 'ਚ ਦੇਖਿਆ।

"ਉਹ ਕੀ?" ਬਾਬਰ ਨੇ ਪੁੱਛਿਆ।

"ਤੂੰ ਸ਼ਾਦੀ ਕਰ ਲੈ...। ਤੇਰੀ ਬੀਵੀ ਘਰ ਹੋਵੇਗੀ ਤਾਂ ਮੇਰੀ ਖਿਦਮਤ ਆਪੇ ਕਰੇਗੀ।" ਖਾਬਰ ਨੇ ਸ਼ਰਤ ਰੱਖੀ।

"ਅੱਬਾ ਜਾਨ...!" ਬਾਬਰ ਦੀ ਜਿਵੇਂ ਦੁਖਦੀ ਰਗ ਦੱਬੀ ਗਈ ਸੀ।

"ਸੋਚ ਲੈ...। ਫੈਸਲਾ ਤੇਰਾ ਏ ਪਰ ਭਲਾ ਸਭ ਦਾ।" ਖਾਬਰ ਨੇ ਸਮਝਾਇਆ।

"ਪਰ ਮੈਂ ਪਹਿਲਾਂ ਦੋ ਵਾਰੀ ਸ਼ਾਦੀ ਕਰ ਚੁੱਕਾ ਵਾਂ।" ਬਾਬਰ ਨੇ ਜਿਵੇਂ ਆਪਣੀ ਕਮਜ਼ੋਰੀ ਦੱਸੀ।

"ਫੇਰ ਕੀ ਹੋਇਆ? ਤੀਜੀ ਵਾਰੀ ਕਰ ਕੇ ਦੇਖ ਲੈ। ਹੋ ਸਕਦੈ ਇਸ ਵਾਰੀ ਕਾਮਯਾਬ ਹੋ ਜਾਵੇ।" ਖਾਬਰ ਮੁਸਕਰਾਇਆ।

"ਪਰ ਇੰਨੀ ਜਲਦੀ ਲੜਕੀ ਕਿਥੋਂ ਮਿਲੇਗੀ?" ਬਾਬਰ ਨੇ ਸਵਾਲ ਕੀਤਾ।

"ਉਸਦੀ ਤੂੰ ਫਿਕਰ ਨਾ ਕਰ। ਮੇਰੇ ਇਕ ਦੋਸਤ ਦੀ ਧੀ ਏ। ਬੜੀ ਸ਼ਰੀਫ ਤੇ ਨੇਕ ਲੜਕੀ ਏ। ਉਹ ਕਈ ਵਾਰੀ ਮੈਨੂੰ ਪੁੱਛ ਚੁੱਕਾ ਏ ਪਰ ਤੇਰੀ ਮਰਜ਼ੀ ਬਗੈਰ ਮੈਂ ਕੋਈ ਇਕਰਾਰ ਨਹੀਂ ਕੀਤਾ ਉਹਦੇ ਨਾਲ।" ਖਾਬਰ ਉਸ ਨੂੰ ਕਾਫੀ ਦੇਰ ਤੱਕ ਕੁੜੀ ਤੇ ਉਸਦੇ ਪਰਿਵਾਰ ਦੇ ਗੁਣ ਦੱਸਦਾ ਰਿਹਾ।

"ਬੇਟਾ ਮੇਰਾ ਵੀ ਕੀ ਭਰੋਸਾ ਏ ਹੁਣ। ਨਦੀ ਕਿਨਾਰੇ ਖੜਾ ਰੁੱਖ ਵਾਂ। ਪਤਾ ਨਹੀਂ ਤੇਰੀ

ਅੰਮੀ ਵਾਂਗ ਕਦੋਂ ਰੁੜ ਜਾਵਾਂ। ਸਾਡੇ ਪਿਛੋਂ ਤੇਰੀ ਫਿਕਰ ਕਰਨ ਵਾਲਾ ਕੋਈ ਨਹੀਂ। ਘਰ 'ਚ ਚਿਰਾਗ ਜਲਾਉਣ ਵਾਲਾ ਕੋਈ ਨਹੀਂ ਹੋਵੇਗਾ ਚੌਧਰੀ ਖਾਨਦਾਨ 'ਚ। ਤੇਰੀ ਔਲਾਦ ਦੇਖਣ ਨੂੰ ਤਰਸਦੇ ਮਰ ਜਾਵਾਂਗੇ ਅਸੀਂ।" ਜਾਬਰ ਦਾ ਗਲਾ ਭਰ ਆਇਆ।

ਤੇ ਬਾਬਰ ਨੂੰ ਵੀ ਲੱਗਿਆ ਕਿ ਉਸਦਾ ਅੱਬਾ ਠੀਕ ਹੀ ਕਹਿ ਰਿਹਾ ਸੀ। ਬਹੁਤ ਦੇਰ ਤੱਕ ਆਵਾਰਾ ਤੇ ਬੇਲਗਾਮ ਜ਼ਿੰਦਗੀ ਜੀਅ ਲਈ ਸੀ ਉਸਨੇ। ਹੁਣ ਉਸ ਨੂੰ ਆਪਣੇ ਖਾਨਦਾਨ ਲਈ ਅਗਲਾ ਚਸ਼ਮੇ ਚਿਰਾਗ ਚਾਹੀਦਾ ਸੀ। ਤੇ ਇਹ ਸਿਰਫ ਸ਼ਾਦੀ ਰਾਹੀਂ ਹੀ ਮੁਮਕਿਨ ਸੀ। ਉਸ ਨੇ ਪਿਉ ਦੇ ਹੁਕਮ ਮੂਹਰੇ ਸਿਰ ਝੁਕਾ ਦਿੱਤਾ। ਤੇ ਇਕ ਹਫਤੇ ਵਿਚ ਹੀ ਉਸਦਾ ਨਿਕਾਹ ਹੋ ਗਿਆ।

ਮਾਂ ਦੀ ਮਈਅਤ 'ਤੇ ਆਇਆ ਬਾਬਰ ਦੁਲਹਾ ਬਣ ਗਿਆ। ਵਕਤ ਵੀ ਕਿਹੋ ਜਿਹੀਆਂ ਖੇਡਾਂ ਖੇਡ ਰਿਹਾ ਸੀ। ਉਸ ਦੀ ਸਮਝ ਤੋਂ ਬਾਹਰ ਸੀ। ਖੈਰ, ਬਗੈਰ ਦਿਮਾਗ 'ਤੇ ਕੋਈ ਬੋਝ ਪਾਇਆਂ ਉਸ ਨੇ ਪਿਉ ਦਾ ਕਾਰੋਬਾਰ ਰਾਤੋ ਰਾਤ ਵੇਚ ਦਿੱਤਾ। ਘਰ ਵੇਚਣ ਦੇ ਮਸਲੇ 'ਤੇ ਖਾਬਰ ਚੌਧਰੀ ਅੜ ਗਿਆ ਕਿ ਇਹ ਉਹਨਾਂ ਦਾ ਜੱਦੀ ਪੁਸ਼ਤੈਨੀ ਘਰ ਸੀ ਤੇ ਉਹ ਆਪਣੇ ਵੱਡੇ ਬਜ਼ੁਰਗਾਂ ਦੀ ਇੱਜ਼ਤ ਆਬਰੂ ਵੇਚ ਨਹੀਂ ਸਕਦਾ ਸੀ।

"ਮੈਂ ਇੰਗਲੈਂਡ 'ਚ ਪੱਕਿਆ ਨਹੀਂ ਜੇ ਵਸਣਾ। ਆਪਣੇ ਵਤਨ ਆਂਦਾ ਜਾਂਦਾ ਰਹਾਂਗਾ। ਆਪਣਾ ਘਰ ਨਹੀਂ ਛੱਡਣਾ ਮੈਂ ਸਦਾ ਲਈ...। ਮੇਰੀ ਮਿੱਟੀ ਮੈਨੂੰ ਜਾਨ ਨਾਲੋਂ ਵੱਧ ਪਿਆਰੀ ਏ...।" ਖਾਬਰ ਚੌਧਰੀ ਨੇ ਜਦ ਜਜ਼ਬਾਤੀ ਹੋ ਕੇ ਕਿਹਾ ਤਾਂ ਬਾਬਰ ਨੇ ਘਰ ਵੇਚਣ ਦਾ ਖਿਆਲ ਛੱਡ ਦਿੱਤਾ।

ਬਾਬਰ ਤਾਂ ਇਕ ਮਹੀਨੇ ਬਾਅਦ ਹੀ ਵਾਪਸ ਇੰਗਲੈਂਡ ਆ ਗਿਆ ਤੇ ਉਸਦਾ ਅੱਬਾ ਤੇ ਉਸ ਦੀ ਬੀਵੀ ਤਕਰੀਬਨ ਤਿੰਨ ਮਹੀਨਿਆਂ ਪਿਛੋਂ ਉਸਦੇ ਪਿੱਛੇ ਪਹੁੰਚ ਗਏ। ਆਪਣੀ ਬੀਵੀ ਜ਼ੁਬੈਦਾ ਉਸਨੂੰ ਬਹੁਤੀ ਪਸੰਦ ਨਹੀਂ ਆਈ ਸੀ। ਪੱਕੇ ਰੰਗ ਦੀ ਪਤਲੀ ਜਿਹੀ ਸਾਧਾਰਨ ਪੇਂਡੂ ਕੁੜੀ। ਦੁਨੀਆਂ ਦੇ ਵਲ ਛਲ ਤੋਂ ਦੂਰ। ਇੰਗਲੈਂਡ 'ਚ ਮਿਲਦੀਆਂ ਖੂਬਸੂਰਤ ਗੋਰੀਆਂ ਚਿੱਟੀਆਂ ਹੁਸੀਨ ਔਰਤਾਂ ਸਾਹਮਣੇ ਉਹ ਬਹੁਤ ਫਿੱਕੀ ਲੱਗੀ ਬਾਬਰ ਨੂੰ। ਪਰ ਇਹ ਉਸਦੇ ਅੱਬਾ ਦੀ ਪਸੰਦ ਸੀ ਜੋ ਉਸ ਨੇ ਅੱਬਾ ਦੀ ਖਿਦਮਤ ਲਈ ਹੀ ਲਿਆਂਦੀ ਸੀ। ਉਸ ਕੋਲ ਹੋਰ ਬਥੇਰੀਆਂ ਖੂਬਸੂਰਤ ਔਰਤਾਂ ਸਨ। ਇਸ ਲਈ ਆਪਣੀ ਬੀਵੀ ਦੇ ਘੱਟ ਸੋਹਣੀ ਹੋਣ ਦਾ ਕੋਈ ਬਹੁਤਾ ਗਮ ਨਹੀਂ ਹੋਇਆ ਉਸਨੂੰ।

ਹਾਂ, ਉਸਦਾ ਅੱਬਾ ਉਸਦੀ ਬੇਗਮ ਨਾਲ ਬਹੁਤ ਖੁਸ਼ ਸੀ। ਉਸਨੂੰ 'ਧੀਏ ਧੀਏ' ਕਰਕੇ ਸੱਦਦਾ। ਪਿਆਰ ਨਾਲ ਉਹਦੇ ਸਿਰ 'ਤੇ ਹੱਥ ਫੇਰਦਾ ਅਤੇ ਉਸਦੀ ਤਾਰੀਫ ਦੇ ਪੁੱਲ ਬੰਨ੍ਹਦਾ ਨਾ ਥੱਕਦਾ। ਤੇ ਬਾਬਰ ਨੂੰ ਤਸੱਲੀ ਸੀ ਕਿ ਆਖਰ ਉਸ ਨੇ ਕੋਈ ਚੰਗਾ ਕੰਮ ਤਾਂ ਆਪਣੇ ਮਾਂ ਬਾਪ ਦੀ ਥੱਕਦਾ। ਤੇ ਬਾਬਰ ਨੂੰ ਤਸੱਲੀ ਸੀ ਕਿ ਆਖਰ ਉਸ ਨੇ ਕੋਈ ਚੰਗਾ ਕੰਮ ਤਾਂ ਆਪਣੇ ਮਾਂ ਬਾਪ ਦੀ ਭਲਾਈ ਲਈ ਕੀਤਾ ਸੀ। ਆਪਣੀ ਅੰਮੀ ਨੂੰ ਤਾਂ ਕੋਈ ਸੁੱਖ ਨਹੀਂ ਦੇ ਸਕਿਆ ਸੀ ਉਹ, ਪਰ ਆਪਣੇ ਅੱਬੂ ਦਾ ਬੁਢੇਪਾ ਜ਼ਰੂਰ ਸੰਵਾਰ ਦਿੱਤਾ ਸੀ ਉਸਨੇ। ਤੇ ਇਸੇ ਤਸੱਲੀ 'ਚ ਉਹ ਖੁਦ ਨੂੰ ਕਈ ਗੁਨਾਹਾਂ ਤੋਂ ਫਾਰਿਗ ਹੋਇਆ ਸਮਝਦਾ ਸੀ। ਪਰ ਉਸਦੇ ਕੌੜੇ ਤੇ ਅੜਵੈਲ ਸੁਭਾਅ 'ਚ ਤੀਜੇ ਵਿਆਹ ਤੋਂ ਬਾਅਦ ਵੀ ਕੋਈ ਫਰਕ ਨਾ ਆਇਆ। ਪਰ ਹਾਂ, ਇਸ ਵਾਰ ਉਸਦੀ ਬੀਵੀ ਬੜੇ ਠੰਢੇ ਤੇ ਸ਼ਾਂਤ ਮਿਜ਼ਾਜ ਵਾਲੀ ਆਈ ਸੀ ਉਹ ਉਸਦੇ ਗੁੱਸੇ ਤੇ ਗਾਹਲਾਂ ਨੂੰ ਸਿਰੇ ਤੋਂ ਹੀ ਨਜ਼ਰ ਅੰਦਾਜ਼ ਕਰ ਦਿੰਦੀ। ਸ਼ਾਇਦ ਆਪਣੇ ਸੌਹਰੇ ਦੀ ਨਸੀਹਤ ਨੂੰ ਪੱਲੇ ਬੰਨ੍ਹ ਲਿਆ ਸੀ ਉਸਨੇ ਕਿ ਬਾਬਰ ਦੀ ਕਿਸੇ ਗੱਲ ਨੂੰ ਦਿਲ 'ਤੇ ਨਾ ਲਗਾਵੇ। ਤੇ ਨਾ ਹੀ ਉਹਦੇ ਨਾਲ ਕਦੇ ਬਹਿਸਬਾਜ਼ੀ ਕਰੇ। ਇੰਗਲੈਂਡ ਆਉਣ ਤੋਂ ਦੂਜੇ ਦਿਨ ਹੀ ਉਸਨੂੰ ਬਾਬਰ ਦੇ ਗਰਮ ਮਿਜ਼ਾਜ ਦਾ ਤਜ਼ਰਬਾ ਹੋ ਗਿਆ ਸੀ। ਸਵੇਰੇ ਉਠ ਕੇ ਜਦੋਂ ਉਹ ਕੰਮ 'ਤੇ ਜਾਣ ਲੱਗਾ ਤਾਂ ਜ਼ੁਬੈਦਾ ਨੇ ਪਿਆਰ ਨਾਲ ਉਹਦੇ ਗੱਲ 'ਚ ਬਾਹਵਾਂ ਪਾਈਆਂ।

"ਕਿੰਨੇ ਵਜੇ ਵਾਪਸ ਪਰਤੋਗੇ...?' ਜ਼ੁਬੈਦਾ ਨੇ ਬੜੀ ਪਿਆਰੀ ਅਦਾ ਨਾਲ ਪੁੱਛਿਆ ਸੀ।



"ਕਿਉਂ ? ਤੇਰਾ ਗੁਲਾਮ ਹਾਂ ਮੈਂ ? ਤੈਨੂੰ ਦੱਸ ਕੇ ਜਾਵਾਂ ਕਿ ਕਿੰਨੇ ਵਜੇ ਆਵਾਂਗਾ ਤੇ ਕਦੋਂ ਜਾਵਾਂਗਾ ? ਤੇਰੇ ਨਾਲ ਸ਼ਾਦੀ ਕੀਤੀ ਏ ਮੈਂ ਕੋਈ ਗੁਲਾਮੀ ਨਹੀਂ ਕਬੂਲੀ। ਹਕੂਮਤ ਨਾ ਕਰ ਮੇਰੇ 'ਤੇ, ਬੀਵੀ ਬਣ ਕੇ ਰਹਿ ਆਪਣੀ ਔਕਾਤ 'ਚ। ਮੇਰੇ ਸਿਰ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਪਛਤਾਏਂਗੀ...।" ਬਾਬਰ ਨੇ ਉਹਦੀਆਂ ਬਾਹਵਾਂ ਗੁੱਸੇ ਨਾਲ ਝਟਕਾਈਆਂ।

ਤੇ ਜ਼ੁਬੈਦਾ ਜਿਵੇਂ ਪੱਥਰ ਦੀ ਬਣ ਗਈ ਹੋਵੇ। ਆਪਣੇ ਸ਼ੌਹਰ ਵੱਲੋਂ ਇਹੋ ਜਿਹੇ ਰੁੱਖੇ ਜਵਾਬ ਦੀ ਉਮੀਦ ਨਹੀਂ ਸੀ ਉਸਨੂੰ। ਉਹ ਵੀ ਸੱਜਰੀ ਮੁਲਾਕਾਤ ਪਿਛੋਂ। ਅਪਮਾਨ ਤੇ ਸਬਰ ਦੇ ਘੁੱਟ ਭਰ ਕੇ ਰਹਿ ਗਈ ਉਹ। ਤੇ ਮੁੜ ਕਦੇ ਉਸਨੇ ਆਪਣੇ ਸ਼ੌਹਰ ਨਾਲ ਖੁੱਲ੍ਹ ਕੇ ਕੋਈ ਗੱਲ ਨਾ ਕੀਤੀ। ਬੱਸ ਉਸਦੀ ਹਾਂ 'ਚ ਹਾਂ ਮਿਲਾ ਛੱਡਦੀ ਉਹ। ਜੋ ਉਹ ਕਹਿੰਦਾ ਉਹੀ ਉਹਦੇ ਲਈ ਇਲਾਹੀ ਫੁਰਮਾਨ ਬਣ ਜਾਂਦਾ। ਜੋ ਉਹ ਕਰਦਾ ਉਹੀ ਉਸਦੀ ਤਕਦੀਰ ਬਣ ਜਾਂਦੀ। ਉਹ ਉਹਦੇ ਨਾਲ ਸੌਣਾ ਚਾਹੁੰਦਾ ਤਾਂ ਉਹ ਚੁੱਪਚਾਪ ਖੁਦ ਨੂੰ ਉਸਦੇ ਹਵਾਲੇ ਕਰ ਦਿੰਦੀ। ਉਹ ਉਸ ਤੋਂ ਦੂਰ ਰਹਿਣਾ ਚਾਹੁੰਦਾ ਤਾਂ ਉਹ ਆਪ ਹੀ ਕੋਈ ਬਹਾਨਾ ਬਣਾ ਕੇ ਦੂਰੀ ਬਣਾ ਲੈਂਦੀ।

ਬਾਬਰ ਦੇ ਚਾਲ ਚਲਣ 'ਤੇ ਵਿਆਹ ਬਾਅਦ ਵੀ ਕੋਈ ਅਸਰ ਨਹੀਂ ਪਿਆ ਸੀ। ਉਹ ਹੁਣ ਵੀ ਜਦੋਂ ਮਰਜ਼ੀ ਘਰ ਆਉਂਦਾ। ਰਾਤਾਂ ਨੂੰ ਦੇਰ ਤੱਕ ਬਾਹਰ ਰਹਿੰਦਾ। ਜ਼ੁਬੈਦਾ ਦੀ ਹਿੰਮਤ ਨਹੀਂ ਸੀ ਕਿ ਉਸਨੂੰ ਕੋਈ ਸਵਾਲ ਕਰ ਸਕੇ। ਹਾਂ, ਉਸਦਾ ਅੱਬਾ ਜ਼ਰੂਰ ਕਈ ਵਾਰੀ ਉਹਨੂੰ ਤਾੜਦਾ ਸੀ।

"ਓਏ ਬੇਈਮਾਨਾ...। ਘਰ 'ਚ ਫਰਿਸ਼ਤੇ ਵਰਗੀ ਬੀਵੀ ਨੂੰ ਛੋੜ ਕੇ ਬਾਹਰ ਕੋਠਿਆਂ 'ਤੇ ਖੇਹ ਖਾਣ ਜਾਂਦਾ ਏਂ। ਅੱਲਾ ਦੀ ਮਾਰ ਪਵੇਗੀ ਤੈਨੂੰ...। ਹਯਾ ਕਰ...।" ਖਾਬਰ ਚੌਧਰੀ ਉਸਨੂੰ ਝਿੜਕਦਾ।

"ਮੈਂ ਕਿਤੇ ਗਲਤ ਥਾਂ 'ਤੇ ਨਹੀਂ ਜਾਂਦਾ ਅੱਬਾ ਜਾਨ। ਮੇਰਾ ਕੰਮ ਹੀ ਇੱਦਾਂ ਦਾ ਏ ਕਿ ਦੇਰ ਸਵੇਰ ਹੋ ਹੀ ਜਾਂਦੀ ਏ।" ਉਹ ਟਾਲ ਮਟੋਲ ਕਰਦਾ।

"ਮੈਨੂੰ ਸਭ ਮਾਲੂਮਾਤ ਏ ਜੋ ਕੰਮ ਤੂੰ ਕਰਦਾ ਏਂ। ਮੇਰਾ ਸਿਰ ਧੁੱਪੇ ਚਿੱਟਾ ਨਹੀਂ ਹੋਇਆ ਜੇ। ਤੇਰੇ ਵਰਗੇ ਬੇਸ਼ੁਮਾਰ ਗੁਨਾਹਗਾਰ ਦੇਖੇ ਨੇ ਮੈਂ ਜੋ ਘਰ ਦੀ ਸੱਚੀ ਸੁੱਚੀ ਰੋਟੀ ਛੱਡ ਕੇ ਬਾਹਰ ਦੀ ਜੂਠ ਖਾਣ ਜਾਂਦੇ ਨੇ। ਅੱਲਾ ਤੋਂ ਡਰ। ਕਮਬਖਤ ਘਰ ਦੀ ਇੱਜ਼ਤ ਆਬਰੂ ਨੂੰ ਸੰਭਾਲ ਕੇ ਰੱਖ ਵਰਨਾ ਪਛਤਾਏਂਗਾ ਜਦੋਂ ਗੁਨਾਹਾਂ ਦਾ ਹਿਸਾਬ ਦੇਣਾ ਪਿਆ।" ਖਾਬਰ ਉਸ ਨੂੰ ਆਪਣੇ ਮਜ਼ਹਬ ਦਾ ਵਸਤਾ ਪਾਉਂਦਾ।

ਪਰ ਨਾ ਬਾਬਰ 'ਤੇ ਕੋਈ ਅਸਰ ਪੈਣਾ ਸੀ ਤੇ ਨਾ ਪਿਆ। ਹਮੇਸ਼ਾ ਵਾਂਗ ਉਸਨੇ ਆਪਣੀਆਂ ਖਰਮਸਤੀਆਂ ਕਾਇਮ ਰੱਖੀਆਂ। ਚਾਰ ਸਾਲਾਂ 'ਚ ਚਾਰ ਕੁੜੀਆਂ ਹੋ ਗਈਆਂ ਉਸਦੇ। ਜ਼ੁਬੈਦਾ ਤਾਂ ਧੀਆਂ ਦੀ ਜ਼ਿੰਮੇਵਾਰੀ ਦੇ ਭਾਰ ਹੇਠ ਦੱਬ ਗਈ ਪਰ ਬਾਬਰ ਦੇ ਕੰਨ 'ਤੇ ਜੂੰਅ ਨਾ ਸਰਕੀ। "ਅੱਲਾ ਪੁੱਤਰ ਦੇ ਦੇਵੇ ਇਕ ਤਾਂ ਖਾਨਦਾਨ ਦਾ ਨਾਮ ਚੱਲਦਾ ਰਹੇ....।" ਖਾਬਰ ਅਕਸਰ ਆਪਣੀ ਦਿਲੀ ਖਵਾਹਿਸ਼ ਦੱਸਦਾ।

"ਇਹਦੇ ਤਾਂ ਛੋਕਰੀਆਂ ਹੀ ਹੋਣਗੀਆਂ। ਜੇ ਇਜਾਜ਼ਤ ਦੇਵੋ ਤਾਂ ਇਕ ਹੋਰ ਬੇਗਮ ਲੈ ਆਉਂਦਾ ਹਾਂ। ਸ਼ਾਇਦ ਤੁਹਾਡੀ ਆਰਜ਼ੂ ਪੂਰੀ ਹੋ ਜਾਵੇ...।" ਬਾਬਰ ਪਿਉ ਨਾਲ ਮਜ਼ਾਕ ਕਰਦਾ।

ਤੇ ਉਸਦਾ ਮਜ਼ਾਕ ਸੁਣ ਕੇ ਜ਼ੁਬੈਦਾ ਦਾ ਦਿਲ ਡੁੱਬਣ ਲੱਗਦਾ। ਕਿਤੇ ਇਹ ਮਜ਼ਾਕ ਹਕੀਕਤ 'ਚ ਨਾ ਬਦਲ ਜਾਵੇ। ਪਰ ਅਜਿਹਾ ਕੁਝ ਨਹੀਂ ਹੋਇਆ। ਹਾਂ, ਬਾਬਰ ਅਕਸਰ ਉਸਨੂੰ ਤਾਅਨੇ ਮਿਹਣੇ ਜ਼ਰੂਰ ਮਾਰਦਾ ਕਿ ਉਹ ਸਿਰਫ ਕੁੜੀਆਂ ਜੰਮਣ ਜੋਗੀ ਹੀ ਸੀ। ਗੁੱਸੇ 'ਚ ਆ ਕੇ ਉਹ ਉਹਦੇ 'ਤੇ ਹੱਥ ਵੀ ਚੁੱਕਦਾ। ਛੋਟੀਆਂ ਕੁੜੀਆਂ ਦੇ ਸਾਹਮਣੇ ਹੀ ਉਹ ਬਗੈਰ ਕਿਸੇ ਕਾਰਨ ਕਈ ਵਾਰੀ ਆਪਣੀ ਬੀਵੀ ਨਾਲ ਬੁਰੀ ਤਰ੍ਹਾਂ ਕੁੱਟਮਾਰ ਕਰ ਚੁੱਕਿਆ ਸੀ। ਉਹ ਵਿਚਾਰੀ ਚੁੱਪਚਾਪ ਉਹਦਾ

ਤਸ਼ੱਦਦ ਬਰਦਾਸ਼ਤ ਕਰਦੀ ਰਹਿੰਦੀ ਤੇ ਚੀਸ ਤੱਕ ਨਾ ਵੱਟਦੀ। ਸਹਿਮੀਆਂ ਤੇ ਡਰੀਆਂ ਕੁੜੀਆਂ ਰੋ ਰੋ ਕੇ ਘਰ ਸਿਰ 'ਤੇ ਚੁੱਕ ਲੈਂਦੀਆਂ ਤੇ ਮਾਂ ਨੂੰ ਚੁੰਬੜ ਜਾਂਦੀਆਂ। ਪਰ ਬਾਬਰ ਦਾ ਦਿਲ ਨਾ ਪਿਘਲਦਾ।

"ਓਏ ਜ਼ਾਲਮਾ, ਕਿਉਂ ਇਸ ਬੇਜ਼ੁਬਾਨ ਨੂੰ ਮਾਰਦੈਂ ? ਜਾਨਵਰਾਂ 'ਤੇ ਵੀ ਲੋਕ ਰਹਿਮ ਕਰਦੇ ਨੇ। ਇਸ ਗਰੀਬ ਨੇ ਤੇਰਾ ਕੀ ਵਿਗਾੜਿਆ ਏ ? ਖੁਦਾ ਨਾ ਖਾਸਤਾ ਜੇ ਇਸ ਨੂੰ ਕੁਝ ਹੋ ਗਿਆ ਤਾਂ ਤੇਰੀਆਂ ਬੱਚੀਆਂ ਦਾ ਕੀ ਬਣੇਗਾ... ?" ਉਸਦਾ ਪਿਉ ਉਸਦੇ ਜ਼ੁਲਮ ਨੂੰ ਦੇਖ ਕੇ ਕੁਰਲਾ ਉੱਠਦਾ।

ਪਰ ਬਾਬਰ ਬਗੈਰ ਕਿਸੇ ਗੱਲ ਦਾ ਜਵਾਬ ਦਿੱਤਿਆਂ ਦੋ ਚਾਰ ਠੁੱਡੇ ਆਪਣੀ ਬੀਵੀ ਦੇ ਹੋਰ ਮਾਰਦਾ ਤੇ ਪੈਰ ਪਟਕਦਾ ਘਰੋਂ ਚਲਾ ਜਾਂਦਾ।

ਗੁਆਂਢ 'ਚ ਰਹਿੰਦੀ ਬਜ਼ੁਰਗ ਗੋਰੀ ਨੇ ਰਾਹ ਆਉਂਦੇ ਜਾਂਦਿਆਂ ਕਈ ਵਾਰੀ ਜ਼ੁਬੈਦਾ ਦੇ ਮੂੰਹ 'ਤੇ ਨੀਲ ਪਏ ਦੇਖੇ। ਉਸਦਾ ਸੁੱਜਿਆ ਹੋਇਆ ਚਿਹਰਾ ਦੇਖ ਕੇ ਗੋਰੀ ਅੱਖਾਂ ਅੱਡ ਲੈਂਦੀ।

"ਵੱਟ ਹੈਪਨਡ... ?" ਗੋਰੀ ਹਮਦਰਦੀ ਨਾਲ ਪੁੱਛਦੀ।

"ਨਥਿੰਗ...।" ਜ਼ੁਬੈਦਾ ਅੱਖਾਂ ਚੁਰਾਉਂਦੀ।

"ਵੱਟ ਨਥਿੰਗ... ? ਯੂਅਰ ਫੇਸ ਲੁਕਸ ਸਵੌਲਨ। ਸਮਬਾਡੀ ਹੈਜ਼ ਹਿੱਟ ਯੂ... ?" ਗੋਰੀ ਸ਼ੱਕ ਕਰਦੀ।

"ਨੋ ਨੋ....। ਮੀ ਓ. ਕੇ।" ਜ਼ੁਬੈਦਾ ਘਬਰਾ ਜਾਂਦੀ।

"ਵਾਏ ਨੋ ਨੋ ? ਯੂਅਰ ਹਸਬੈਂਡ ਲੁਕਸ ਲਾਈਕ ਕੇ ਗੈਂਗਸਟਰ। ਹੀ ਮਸਟ ਹੈਵ ਬੀਟਨ ਯੂ ਅੱਪ...। ਵਾਏ ਡੌਂਟ ਯੂ ਕਾਲ ਦਾ ਪੁਲੀਸ...।" ਗੋਰੀ ਉਸਨੂੰ ਕਾਨੂੰਨੀ ਮੱਦਦ ਲੈਣ ਲਈ ਹੱਲਾਸ਼ੇਰੀ ਦਿੰਦੀ।

"ਨੋ ਨੋ ਪਲੀਜ਼...," ਜ਼ੁਬੈਦਾ ਪੁਲਸ ਦਾ ਨਾਮ ਸੁਣ ਕੇ ਹੀ ਡਰ ਜਾਂਦੀ।

ਇਸ ਤਰ੍ਹਾਂ ਕਈ ਵਾਰੀ ਹੋਇਆ। ਗੋਰੀ ਨੇ ਕੋਈ ਵਾਹ ਚੱਲਦੀ ਨਾ ਦੇਖ ਕੇ ਆਖਿਰ ਇਕ ਦਿਨ ਖੁਦ ਹੀ ਪੁਲਸ ਨੂੰ ਫੋਨ ਕਰ ਦਿੱਤਾ ਕਿ ਉਸਦੀ ਗੁਆਂਢਣ ਤੇ ਬੱਚੇ ਘਰੇਲੂ ਹਿੰਸਾ ਦਾ ਸ਼ਿਕਾਰ ਸਨ। ਪੁਲਸ ਆਈ ਤਾਂ ਜ਼ੁਬੈਦਾ ਨੇ ਗੁਆਂਢਣ ਨੂੰ ਝੂਠੀ ਪਾ ਦਿੱਤਾ। ਉਸਨੇ ਆਪਣੇ ਸੌਹਰ ਖਿਲਾਫ ਇਕ ਲਫਜ਼ ਵੀ ਨਹੀਂ ਕਿਹਾ। ਪੁਲਸ ਨੇ ਕੋਈ ਕਾਰਵਾਈ ਤਾਂ ਨਹੀਂ ਕੀਤੀ ਪਰ ਬਾਬਰ ਨੂੰ ਚਿਤਾਵਨੀ ਜ਼ਰੂਰ ਦੇ ਦਿੱਤੀ ਤੇ ਇਸ ਚਿਤਾਵਨੀ ਦਾ ਉਸ 'ਤੇ ਹੋਰ ਵੀ ਉਲਟਾ ਅਸਰ ਪਿਆ। ਪਹਿਲਾਂ ਨਾਲੋਂ ਵੀ ਖੂੰਖਾਰ ਹੋ ਗਿਆ ਉਹ। ਕਿਸੇ ਬਦਲਾਖੋਰ ਜ਼ਖ਼ਮੀ ਜਾਨਵਰ ਵਾਂਗ। ਜ਼ੁਬੈਦਾ ਨਾਲ ਹੋਰ ਵੀ ਦੁਰਵਿਹਾਰ ਕਰਨ ਲੱਗ ਪਿਆ ਉਹ। ਤੇ ਉਹ ਵਿਚਾਰੀ ਬੁਰਕੇ 'ਚ ਮੂੰਹ ਲਪੇਟੀ ਘਰੋਂ ਨਿਕਲਦੀ ਤਾਂ ਕਿ ਕੋਈ ਉਹਦੇ ਚਿਹਰੇ 'ਤੇ ਪਏ ਨੀਲ ਤੇ ਜ਼ਖ਼ਮ ਨਾ ਦੇਖ ਸਕੇ।

ਜ਼ਿੰਦਗੀ ਇਸੇ ਤਰ੍ਹਾਂ ਚਲਦੀ ਜਾ ਰਹੀ ਸੀ ਕਿਸੇ ਕਿਸ਼ਤੀ ਵਾਂਗ ਹਿਚਕੋਲੇ ਖਾਂਦੀ ਤੈਰਦੀ ਕਿ ਅਚਾਨਕ ਤੂਫਾਨ ਆ ਗਿਆ। ਬਾਬਰ ਨੂੰ ਕਿਸੇ ਟੈਕਸੀ ਡਰਾਈਵਰ ਨੇ ਦੱਸਿਆ ਕਿ ਉਸਦੀ ਵੱਡੀ ਧੀ ਸਾਇਮਾ ਨੂੰ ਉਸਨੇ ਕਿਸੇ ਸਿੱਖ ਮੁੰਡੇ ਨਾਲ ਫਿਰਦਿਆਂ ਦੇਖਿਆ ਸੀ। ਗੱਲ ਸੁਣ ਕੇ ਬਾਬਰ ਦੇ ਅੱਗ ਲੱਗ ਗਈ। ਸਾਇਮਾ ਦਾ ਚੋਰੀਉਂ ਪਿੱਛਾ ਕੀਤਾ ਉਸਨੇ। ਮੁੰਡਾ ਤਾਂ ਉਸਨੂੰ ਕਿਤੇ ਦਿਖਾਈ ਨਾ ਦਿੱਤਾ ਪਰ ਹਾਂ ਸਾਇਮਾ ਦੀਆਂ ਹਰਕਤਾਂ ਤੋਂ ਜ਼ਰੂਰ ਪਤਾ ਲੱਗ ਗਿਆ ਕਿ ਉਹ ਇਸ਼ਕ 'ਚ ਪੈਰ ਰੱਖ ਰਹੀ ਸੀ। ਸਾਰੀ ਉਮਰ ਅਯਾਸ਼ੀਆਂ ਕਰਨ ਵਾਲੇ ਬਾਬਰ ਤੋਂ ਇਹ ਇਕ ਪਲ ਵੀ ਬਰਦਾਸ਼ਤ ਨਾ ਹੋਇਆ ਕਿ ਉਹਦੀ ਧੀ ਨੂੰ ਵੀ ਖੁਸ਼ ਰਹਿਣ ਦਾ ਹੱਕ ਸੀ। ਉਹ ਵੀ ਇਨਸਾਨ ਸੀ ਤੇ ਜ਼ਿੰਦਗੀ ਜਿਊਣ ਦੀ ਖਵਾਹਿਸ਼ ਰੱਖਦੀ ਸੀ। ਉਹਨੂੰ ਲੱਗਦਾ ਸਾਇਮਾ ਨੇ ਜਿਵੇਂ ਕੋਈ ਬਹੁਤ ਵੱਡਾ ਗੁਨਾਹ ਕੀਤਾ ਸੀ ਜਿਸ ਲਈ ਉਹ ਮੁਆਫ ਨਹੀਂ ਕੀਤੀ ਜਾ ਸਕਦੀ ਸੀ। ਕਿਸੇ ਗੈਰ-ਮਜ਼੍ਹਬ ਦੇ ਮੁੰਡੇ ਨਾਲ ਦੋਸਤੀ ਕਰਕੇ ਜਿਵੇਂ ਸਾਇਮਾ ਨੇ ਉਸਦਾ ਦੀਨ ਈਮਾਨ ਪਲੀਤ ਕਰ ਦਿੱਤਾ ਸੀ। ਇਹੋ ਜਿਹੀ



ਬਦਕਾਰ ਧੀ ਉਹਦੇ ਕਿਵੇਂ ਜੰਮ ਪਈ, ਉਸਨੂੰ ਸਮਝ ਨਹੀਂ ਪੈ ਰਹੀ ਸੀ। ਇਸ ਗੁਸਤਾਖ ਕੁੜੀ ਦੇ ਸ਼ਿਕੰਜੇ ਕੱਸਣ ਦੀ ਕੋਈ ਕਸਰ ਨਾ ਛੱਡੀ ਉਸਨੇ। ਚੌਵੀ ਘੰਟੇ ਸਾਇਮਾ 'ਤੇ ਪਹਿਰਾ ਰੱਖਿਆ ਜਾਣ ਲੱਗਾ। ਇਕ ਲੇਡੀ ਡਰਾਈਵਰ ਨਾਲ ਉਹ ਟੈਕਸੀ 'ਚ ਸਕੂਲ ਭੇਜੀ ਜਾਂਦੀ। ਉਸ ਦੀਆਂ ਸਹੇਲੀਆਂ ਦਾ ਆਉਣ ਜਾਣ ਬੰਦ ਕਰ ਦਿੱਤਾ ਗਿਆ। ਕਿਤੇ ਬਾਹਰ ਜਾਂਦੀ ਤਾਂ ਆਪਣੀ ਅੰਮੀ ਨਾਲ ਆਪਣੇ ਅੱਬੂ ਵੱਲੋਂ ਭੇਜੀ ਗਈ ਟੈਕਸੀ ਵਿੱਚ। ਆਪਣੇ ਹੀ ਘਰ 'ਚ ਕੈਦੀ ਬਣਾ ਲਈ ਗਈ ਸੀ। ਉਹ ਬੇਕਸੂਰ ਕੁੜੀ ਤੜਫ ਰਹੀ ਸੀ ਆਪਣੀ ਆਜ਼ਾਦੀ ਲਈ ਪਰ ਪਿੰਜਰਾ ਬੜਾ ਮਜ਼ਬੂਤ ਸੀ ਤੇ ਪਹਿਰੇਦਾਰ ਬੜੇ ਸਖ਼ਤ। ਉਸ ਕੋਲ ਫੜਫੜਾਉਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਸੀ।

"ਇਸ ਵਿਚਾਰੀ ਦਾ ਕੋਈ ਕਸੂਰ ਨਹੀਂ ਏ। ਇਨ੍ਹਾਂ ਆਜ਼ਾਦ ਮੁਲਕਾਂ ਦਾ ਮਾਹੌਲ ਹੀ ਇਹੋ ਜਿਹਾ ਏ ਕਿ ਬੱਚੇ ਵਿਗੜ ਜਾਂਦੇ ਨੇ। ਇੰਗਲੈਂਡ ਨੇ ਸਾਰੇ ਮਾਸ਼ਰੇ ਦਾ ਸਤਿਆਨਾਸ ਕਰ ਛੋੜਿਆ ਸੂ। ਅੱਗ ਲੱਗੇ ਇਹੋ ਜਿਹੀ ਤਹਿਜ਼ੀਬ ਨੂੰ...।" ਖਾਬਰ ਚੌਧਰੀ ਨੇ ਪੁੱਤਰ ਨੂੰ ਸਮਝਾਇਆ।

ਤੇ ਗੱਲ ਬਾਬਰ ਦੇ ਦਿਮਾਗ 'ਚ ਬੈਠ ਗਈ ਕਿ ਇੰਗਲੈਂਡ ਦੇ ਆਜ਼ਾਦ ਮਾਹੌਲ ਨੇ ਹੀ ਉਹਦੀ ਧੀ ਖਰਾਬ ਕਰ ਦਿੱਤੀ ਸੀ। ਇਸ ਸਾਰੀ ਮੁਸ਼ਕਿਲ ਦਾ ਇਕ ਹੀ ਹੱਲ ਲੱਭਿਆ ਉਸਨੂੰ ਕਿ ਸਾਇਮਾ ਨੂੰ ਪਾਕਿਸਤਾਨ ਲਿਜਾ ਕੇ ਵਿਆਹ ਦਿੱਤਾ ਜਾਵੇ।

ਅਚਾਨਕ ਪਾਕਿਸਤਾਨ ਜਾਣ ਦਾ ਪ੍ਰੋਗਰਾਮ ਬਣਿਆ ਦੇਖ ਕੇ ਸਾਇਮਾ ਡਰ ਗਈ। ਉਸਨੂੰ ਖਿਆਲ ਆਇਆ ਕਿ ਉਸਦੀ ਸਹੇਲੀ ਸਾਇਰਾ ਵੀ ਇਸੇ ਤਰ੍ਹਾਂ ਆਪਣੇ ਮਾਪਿਆਂ ਨਾਲ ਪਾਕਿਸਤਾਨ ਗਈ ਵਾਪਸ ਨਹੀਂ ਮੁੜੀ ਸੀ। ਉਥੇ ਜਾ ਕੇ ਕਿਸੇ ਰਿਸ਼ਤੇਦਾਰ ਮੁੰਡੇ ਨਾਲ ਉਸਦਾ ਜਬਰੀ ਨਿਕਾਹ ਕਰ ਦਿੱਤਾ ਗਿਆ ਸੀ। ਮੁੜ ਕੇ ਕਿਸੇ ਨੇ ਸਾਇਰਾ ਦੀ ਸ਼ਕਲ ਤੱਕ ਨਹੀਂ ਦੇਖੀ ਸੀ। ਕਿਸੇ ਅਣਜਾਣੇ ਭੈਅ ਨਾਲ ਕੰਬ ਗਈ ਸਾਇਮਾ। ਡਰ ਦੇ ਮਾਰੇ ਉਹਨੇ ਘਰ 'ਚ ਤਾਂ ਕੋਈ ਗੱਲ ਨਾ ਕੀਤੀ ਪਰ ਸਕੂਲ 'ਚ ਆਪਣੀ ਗੋਰੀ ਟੀਚਰ ਨੂੰ ਰੋ ਰੋ ਕੇ ਸਾਰੀ ਕਹਾਣੀ ਸੁਣਾ ਦਿੱਤੀ। ਟੀਚਰ ਨੇ ਤੁਰੰਤ ਪੁਲਿਸ ਬੁਲਾ ਲਈ।

ਪੁਲਿਸ ਨੇ ਸਾਇਮਾ ਲਈ 'ਵਿਕਟਮ ਆਫ ਡੋਮੈਸਟਿਕ ਵਾਇਲੰਸ ਐਂਡ ਫੋਰਸਡ ਮੈਰਿਜ' ਦਾ ਕੇਸ ਦਰਜ ਕਰ ਲਿਆ। ਹੋਮ ਆਫਿਸ ਵੱਲੋਂ ਪੁਲਸ ਨੂੰ ਸਖਤ ਹਦਾਇਤਾਂ ਸਨ ਕਿ ਇਹੋ ਜਿਹੇ ਕੇਸਾਂ ਨਾਲ ਬੜੀ ਸਖਤੀ ਨਾਲ ਨਿਬੜਿਆ ਜਾਵੇ। ਬਗੈਰ ਕਿਸੇ ਇਤਲਾਹ ਦੇ ਪੁਲਸ ਬਾਬਰ ਦੇ ਘਰ ਜਾ ਧਮਕੀ। ਬਾਬਰ ਪੁਲਸ ਦੇਖ ਕੇ ਘਬਰਾ ਗਿਆ।

"ਮਿਸਟਰ ਚੌਡਰੀ..। ਕੈਨ ਯੂ ਸਟੋਪ ਹਰਾਸਿੰਗ ਯੂਅਰ ਡੌਟਰ ? ਸ਼ੀ ਇਜ਼ ਜਸਟ ਏ ਟੀਨ ਏਜ਼ਰ...।" ਉੱਚੇ ਲੰਮੇ ਗੋਰੇ ਪੁਲਿਸੀਏ ਨੇ ਰੋਹਬਦਾਰ ਆਵਾਜ਼ 'ਚ ਕਿਹਾ।

"ਆਈ ਹੈਵ ਡਨ ਨਥਿੰਗ..।" ਬਾਬਰ ਨੇ ਸਫਾਈ ਦਿੱਤੀ।

"ਵੀ ਨੋ ਯੂ ਅਰ ਪਲੈਨਿੰਗ ਟੂ ਟੇਕ ਹਰ ਟੂ ਪਾਕਿਸਤਾਨ ਫਾਰ ਏ ਫੋਰਸਡ ਮੈਰਿਜ। ਫਾਰ ਅਸ ਦਿਸ ਇਜ ਏ ਸੀਰੀਅਸ ਕ੍ਰਾਈਮ ਆਫ ਕਿਡਨੈਪਿੰਗ ਏ ਯੰਗ ਗਰਲ ਐਂਡ ਪੁਟਿੰਗ ਹਰ ਇਨ ਏ ਡਿਫੀਕਲਟ ਰਿਲੇਸ਼ਨਸ਼ਿਪ..।" ਪੁਲਸੀਏ ਨੇ ਬਗੈਰ ਭੂਮਿਕਾ ਬੰਨ੍ਹਿਆ ਗੱਲ ਸਾਫ ਕੀਤੀ।

"ਬੱਟ ਸ਼ੀ ਇਜ਼ ਮਾਈ ਡੌਟਰ। ਦਿਸ ਇਜ਼ ਅਵਰ ਫੈਮਲੀ ਮੈਟਰ। ਯੂ ਕੈਨ ਨੌਟ ਇੰਟਰਫੀਅਰ। ਵੀ ਆਰ ਮੁਸਲਿਮਜ਼। ਅਵਰ ਰਿਲੀਜ਼ਨ ਅਲੌਜ਼ ਅਸ ਟੂ ਅਰੇਂਜ਼ਡ ਮੈਰਿਜਜ਼ ਫਾਰ ਅਵਰ ਚਿਲਡਰਨ...।" ਬਾਬਰ ਆਦਤਨ ਉੱਚਾ ਬੋਲਿਆ।

"ਕਾਮ ਡਾਊਨ ਐਂਡ ਲਿਸਨ ਟੂ ਮੀ ਕੇਅਰਫੁਲੀ। ਆਈ ਅੰਡਰਸਟੈਂਡ ਯੂਅਰ ਰਿਲੀਜੀਅਸ ਐਂਡ ਕਲਚਰਲ ਵੈਲੂਯਜ਼। ਬੱਟ ਦਿਸ ਇਜ਼ ਨੋਟ ਅਲਾਊਡ ਇਨ ਇੰਗਲੈਂਡ...। ਡੂ ਯੂ ਅੰਟਰਸਟੈਂਡ ?" ਪੁਲਸੀਏ ਨੇ ਸਖਤ ਆਵਾਜ਼ 'ਚ ਕਿਹਾ।

"ਬੱਟ ਬੱਟ...।" ਬਾਬਰ ਹਕਲਾਇਆ।

"ਨੋ ਬੱਟ ਆਰ ਇਫ...। ਇਫ ਇਟ ਹੈਪਨਜ਼ ਅਗੇਨ ਆਈ ਵੁੱਡ ਹੈਵ ਨੋ ਚੋਇਸ ਬੱਟ ਅਰੈਸਟ ਯੂ...।" ਪੁਲਸੀਏ ਨੇ ਚਿਤਾਵਨੀ ਦਿੱਤੀ।

ਪੁਲਸ ਚਲੀ ਗਈ ਤਾਂ ਬਾਬਰ ਨੇ ਸਾਇਮਾ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਦੇਖਿਆ। ਉਹ ਡਰ ਕੇ ਮਾਂ ਪਿੱਛੇ ਛੁਪ ਗਈ। "ਅੱਜ ਤੋਂ ਬਾਅਦ ਪੁਲਸ ਸਾਡੇ ਘਰ ਨਾ ਆਵੇ। ਸਮਝੀਂ ? ਤੇ ਸਮਝਾ ਦੇ ਆਪਣੀ ਲਾਡਲੀ ਨੂੰ ਕਿ ਉਸ ਕਾਫਰ ਦਾ ਖਹਿੜਾ ਛੱਡ ਦੇਵੇ ਵਰਨਾ ਮੈਂ ਤੁਹਾਨੂੰ ਸਭ ਨੂੰ ਮਾਰ ਕੇ ਖੁਦ ਵੀ ਮਰ ਜਾਵਾਂਗਾ। ਘਰ ਨੂੰ ਅੱਗ ਲਗਾ ਦੇਵਾਂਗਾ ਮੈਂ। ਕੋਈ ਕਾਗਜ਼ੀ ਭਲਵਾਨ ਨਹੀਂ ਮੈਂ ਜੋ ਆਪਣੀ ਇੱਜ਼ਤ ਨੀਲਾਮ ਹੋਣ ਦਾ ਤਮਾਸ਼ਾ ਆਪ ਦੇਖਾਂਗਾ।" ਜ਼ੁਬੈਦਾ ਦੇ ਵਾਲ ਪੂਰੇ ਜ਼ੋਰ ਨਾਲ ਖਿੱਚੇ ਉਸਨੇ।

ਪਰ ਸਾਇਮਾ ਦੇ ਹੱਥ ਨਾ ਲਗਾਇਆ ਕਿਤੇ ਪੁਲਸ ਫੇਰ ਨਾ ਮੁੜ ਆ ਜਾਵੇ। ਖੂਨ ਦੇ ਘੁੱਟ ਭਰ ਕੇ ਰਹਿ ਗਿਆ, ਉਹ ਆਪਣੀ ਮਜ਼ਬੂਰੀ 'ਤੇ। ਆਪਣੇ ਆਪ ਨੂੰ ਇੰਨਾ ਬੇਵੱਸ ਕਦੇ ਮਹਿਸੂਸ ਨਹੀਂ ਕੀਤਾ ਸੀ ਉਸਨੇ। ਇੰਨਾ ਜ਼ਲੀਲ ਕਦੇ ਨਹੀਂ ਹੋਇਆ ਸੀ ਉਹ ਆਪਣੀ ਪੂਰੀ ਜ਼ਿੰਦਗੀ 'ਚ।

ਪੁਲਸ ਹੱਥੋਂ ਹੋਏ ਅਪਮਾਨ ਨੂੰ ਭੁਲਾ ਨਾ ਸਕਿਆ ਉਹ। ਵੱਡੇ ਵੱਡੇ ਖੱਬੂ ਖਾਨ ਜਿਸ ਦੇ ਨਾਮ ਤੋਂ ਡਰਦੇ ਸੀ ਅੱਜ ਉਸੇ ਬਾਬਰ ਨੂੰ ਦੋ ਗੋਰੇ ਪੁਲਸੀਏ ਧਮਕਾ ਕੇ ਗਏ ਸੀ। ਆਪਣੀ ਮੁੱਛ ਪਹਿਲੀ ਵਾਰੀ ਨੀਵੀਂ ਹੁੰਦੀ ਲੱਗੀ ਉਸਨੂੰ। ਉਹ ਵੀ ਆਪਣੀ ਧੀ ਕਾਰਨ ਜੋ ਕਿਸੇ ਗੈਰ-ਮਜ਼੍ਹਬੀ ਮੁੰਡੇ ਨਾਲ ਪਿਆਰ ਦੀਆਂ ਪੀਂਘਾਂ ਪਾ ਰਹੀ ਸੀ। ਬਾਬਰ ਇਹ ਹਿਮਾਕਤ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰ ਸਕਦਾ ਸੀ। ਕਿਸੇ ਨਾ ਕਿਸੇ ਤਰੀਕੇ ਨਾਲ ਪਤਾ ਕਰ ਲਿਆ ਉਸਨੇ ਕਿ ਸਾਇਮਾ ਦਾ ਦੋਸਤ ਮੁੰਡਾ ਕਿਸੇ ਚੰਗੇ ਸਿੱਖ ਘਰਾਣੇ ਨਾਲ ਸਬੰਧਤ ਸੀ। ਪੜ੍ਹਨ ਲਿਖਣ 'ਚ ਹੁਸ਼ਿਆਰ ਤੇ ਦੇਖਣ ਪਾਖਣ 'ਚ ਚੰਗਾ ਸੋਹਣਾ ਗੱਭਰੂ। ਕੋਈ ਕਮੀ ਨਹੀਂ ਸੀ ਮੁੰਡੇ 'ਚ। ਪਰ ਇਕੋ ਗੁਸਤਾਖੀ ਕਰ ਬੈਠਾ ਸੀ ਉਹ ਉਸਦੀ ਧੀ ਉਤੇ ਗਲਤ ਨਜ਼ਰ ਪਾ ਕੇ।

ਬਾਬਰ ਸੱਟ ਖਾਧੇ ਸੱਪ ਵਾਂਗ ਮੇਲ ਰਿਹਾ ਸੀ ਕਿ ਕਿਹੜੇ ਵੇਲੇ ਦੁਸ਼ਮਣ ਨੂੰ ਡੰਗੇ। ਉਸਦੀ ਇਹ ਤੜਫਣ ਉਸਦੇ ਅੱਬਾ ਤੋਂ ਛੁਪੀ ਨਹੀਂ ਸੀ।

"ਮੈਂ ਸਾਇਮਾ ਨੂੰ ਸਮਝਾ ਦਿੱਤਾ ਏ। ਉਹ ਕੋਈ ਇਹੋ ਜਿਹੀ ਗਲਤੀ ਨਹੀਂ ਕਰੇਗੀ ਜਿਸ ਨਾਲ ਉਸਦਾ ਖਾਨਦਾਨ ਬਦਨਾਮ ਹੋਵੇ।" ਖਾਬਰ ਨੇ ਉਸਨੂੰ ਸ਼ਾਂਤ ਕਰਨਾ ਚਾਹਿਆ।

"ਸਾਇਮਾ ਦੀ ਤਾਂ ਕੋਈ ਫਿਕਰ ਨਹੀਂ ਮੈਨੂੰ। ਪਰ ਉਹ ਕਮੀਨਾ ਕਾਫਰ...ਜਿਸਨੇ ਮੇਰੀ ਅਣਖ ਨੂੰ ਲਲਕਾਰਿਆ ਏ..। ਉਸਦਾ ਕੀ ਬਣੇਗਾ... ?" ਬਾਬਰ ਪਿਓ ਨੂੰ ਭੱਜ ਕੇ ਪਿਆ।

"ਉਹਨੂੰ ਵੀ ਸਮਝਾ ਦੇਵਾਂਗੇ। ਜਵਾਨੀ 'ਚ ਗਲਤੀਆਂ ਹੋ ਜਾਂਦੀਆਂ ਨੇ। ਸਮਝ ਜਾਵੇਗਾ ਉਹ ਵੀ।" ਖਾਬਰ ਨੇ ਸਮਝਾਇਆ।

"ਜੇ ਸਮਝ ਗਿਆ ਤਾਂ ਫੇਰ ਆਸ਼ਕ ਕਾਹਦਾ ? ਇੰਦਾਂ ਨਹੀਂ ਸਮਝੇਗਾ ਉਹ। ਉਹਦੀ ਹੱਡੀ ਪਸਲੀ ਜਿਸ ਦਿਨ ਇਕ ਕਰ ਦਿੱਤੀ ਉਸੇ ਦਿਨ ਅਕਲ ਠਿਕਾਣੇ 'ਤੇ ਆ ਜਾਵੇਗੀ ਉਸਦੀ।" ਆਖ ਕੇ ਬਾਬਰ ਘਰੋਂ ਚਲਾ ਗਿਆ।

ਖਾਬਰ ਚੌਧਰੀ ਨੇ ਸਾਇਮਾ ਨੂੰ ਕੋਲ ਬਿਠਾ ਕੇ ਵਕਤ ਦੀ ਨਜ਼ਾਕਤ ਸਮਝਾਈ। ਉਸ ਨੂੰ ਉਮੀਦ ਸੀ ਕਿ ਸਾਇਮਾ ਉਸਦੀ ਗੱਲ ਨੂੰ ਸਮਝ ਕੇ ਆਪਣੇ ਸਿੱਖ ਦੋਸਤ ਮੁੰਡੇ ਨੂੰ ਭੁੱਲ ਜਾਵੇਗੀ। ਤੇ ਚੁੱਪਚਾਪ ਆਪਣੇ ਮਾਪਿਆਂ ਨਾਲ ਪਾਕਿਤਸਾਨ ਚਲੀ ਜਾਵੇਗੀ। ਨਿਕਾਹ ਕਰਵਾਉਣ ਲਈ। ਪਰ ਹੋਇਆ ਇਸਦੇ ਬਿਲਕੁਲ ਉਲਟ। ਪਾਸਾ ਪੁੱਠਾ ਪੈ ਗਿਆ ਸੀ। ਤੀਜੇ ਦਿਨ ਹੀ ਸਾਇਮਾ ਘਰੋਂ ਗਾਇਬ ਹੋ ਗਈ। ਸ਼ਾਮ ਨੂੰ ਜਦੋਂ ਉਹ ਸਕੂਲੋਂ ਘਰ ਨਾ ਮੁੜੀ ਤਾਂ ਜ਼ੁਬੈਦਾ ਨੇ ਡਰਦਿਆਂ ਬਾਬਰ ਨੂੰ ਫੋਨ



'ਤੇ ਸਾਰੀ ਗੱਲ ਦੱਸੀ। ਬਾਬਰ ਦੇ ਜਿਵੇਂ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਪੁਲਸ ਨੂੰ ਇਤਲਾਹ ਦੇਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ ਉਸ ਕੋਲ। ਪੁਲਸ ਨੇ ਆ ਕੇ ਬਾਬਰ ਤੇ ਜ਼ੁਬੈਦਾ ਦਾ ਬਿਆਨ ਲਿਆ। ਸਾਇਮਾ ਦੀ ਭਾਲ 'ਚ ਤੁਰੰਤ ਜੁੱਟ ਗਈ ਪੁਲਸ। ਦੂਜੇ ਦਿਨ ਸਵੇਰੇ ਹੀ ਪੁਲਸ ਸਟੇਸ਼ਨ ਤੋਂ ਫੋਨ ਆਇਆ ਕਿ ਸਾਇਮਾ ਸਹੀ ਸਲਾਮਤ ਸੀ। ਬਾਬਰ ਨੇ ਆਪਣੀ ਧੀ ਦਾ ਪਤਾ ਠਿਕਾਣਾ ਪੁੱਛਿਆ ਤਾਂ ਪੁਲਸ ਨੇ ਦੱਸਣ ਤੋਂ ਸਾਫ ਇਨਕਾਰ ਕਰ ਦਿੱਤਾ।

"ਵੀ ਕਾਂਟ ਗਿਵ ਯੂ ਹਰ ਵੇਅਰ ਅਬਾਊਟਸ। ਬੱਟ ਸ਼ੀ ਇਜ਼ ਫਾਈਨ ਡੌਂਟ ਵਰੀ।" ਪੁਲਸ ਵੱਲੋਂ ਕੋਰਾ ਜਵਾਬ ਮਿਲਿਆ।

ਬਾਬਰ ਹੱਥ ਮਲਦਾ ਰਹਿ ਗਿਆ। ਕਾਨੂੰਨੀ ਤੌਰ 'ਤੇ ਉਹ ਕੁਝ ਨਹੀਂ ਕਰ ਸਕਦਾ ਸੀ। ਪਰ ਜਾਤੀ ਤੌਰ 'ਤੇ ਉਹ ਕੁਝ ਵੀ ਕਰ ਗੁਜ਼ਰਨ ਲਈ ਤਿਆਰ ਸੀ। ਸਾਇਮਾ ਇਸ ਤਰ੍ਹਾਂ ਬਾਗੀ ਹੋ ਜਾਵੇਗੀ ਉਸ ਨੂੰ ਬਿਲਕੁਲ ਵੀ ਉਮੀਦ ਨਹੀਂ ਸੀ। ਆਪਣਾ ਪੂਰਾ ਜ਼ੋਰ ਲਗਾ ਦਿੱਤਾ ਉਸਨੇ ਸਾਇਮਾ ਦੀ ਖੋਜ ਵਿੱਚ। ਦੋ ਮਹੀਨਿਆਂ ਬਾਅਦ ਬਾਬਰ ਨੂੰ ਪਤਾ ਚੱਲ ਗਿਆ ਕਿ ਸਾਇਮਾ ਆਪਣੇ ਦੋਸਤ ਮੁੰਡੇ ਨਾਲ ਕਿਸੇ ਦੂਜੇ ਸ਼ਹਿਰ ਵਿਚ ਛੁਪ ਕੇ ਰਹਿ ਰਹੀ ਸੀ। ਉਸ ਸ਼ਹਿਰ 'ਚ ਆਪਣੇ ਜਸੂਸ ਛੱਡ ਦਿੱਤੇ ਉਸਨੇ ਤਾਂ ਕਿ ਦੋਵੇਂ ਆਸ਼ਕਾਂ 'ਤੇ ਨਜ਼ਰ ਰੱਖੀ ਜਾ ਸਕੇ।

ਆਖਿਰ ਇਕ ਦਿਨ ਸਾਇਮਾ ਦੇ ਫਲੈਟ ਨੇੜੇ ਪਹੁੰਚ ਗਿਆ ਉਹ। ਕਾਰ ਪਾਰਕਿੰਗ 'ਚ ਆਪਣੀ ਕਾਰ 'ਚ ਬੈਠਾ ਉਹ ਸਾਰਾ ਦਿਨ ਉਡੀਕਦਾ ਰਿਹਾ ਕਿ ਕਦੋਂ ਸਾਇਮਾ ਜਾਂ ਉਸਦਾ ਆਸ਼ਕ ਘਰੋਂ ਨਿਕਲਣ। ਸ਼ਾਮ ਨੂੰ ਉਹਦੀ ਇੰਤਜ਼ਾਰ ਖਤਮ ਹੋਈ। ਸਾਇਮਾ ਤੇ ਸਿੱਖ ਮੁੰਡਾ ਫਲੈਟ 'ਚੋਂ ਨਿਕਲ ਤੇ ਕਾਰ ਪਾਰਕ ਵੱਲ ਵਧੇ। ਦੋਵੇਂ ਇਕ ਦੂਜੇ ਦੀ ਕਮਰ ਦੁਆਲੇ ਬਾਹਾਂ ਪਾਈ ਐਦਾਂ ਚਲੇ ਜਾ ਰਹੇ ਸਨ ਕਿ ਜਿਵੇਂ ਪਾਣੀ 'ਚ ਤੈਰਦਾ ਕੋਈ ਪ੍ਰੇਮੀ ਹੰਸਾਂ ਦਾ ਜੋੜਾ। ਦੁਨੀਆ ਤੋਂ ਬੇਖਬਰ ਆਪਣੀ ਹੀ ਧੁੰਨ 'ਚ ਮਸਤ। ਬਾਬਰ ਨੇ ਬਗੈਰ ਅੱਖ ਝਪਕਿਆ ਆਪਣੀ ਕਾਰ ਦਾ ਦਰਵਾਜ਼ਾ ਖੋਲ੍ਹਿਆ। ਡਿੱਕੀ 'ਚ ਪਈ ਤੇਜ਼ ਧਾਰ ਤਲਵਾਰ ਕੱਢੀ। ਉਸਨੇ ਦੋਵਾਂ ਦੇ ਪਿਛੇ ਦੌੜਿਆ। ਆਪਣੇ ਪਿੱਛੇ ਕਿਸੇ ਨੂੰ ਹਨੇਰੇ 'ਚ ਭੱਜਿਆ ਆਉਂਦਾ ਦੇਖ ਕੇ ਦੋਵਾਂ ਨੇ ਡਰ ਨਾਲ ਮੁੜ ਕ ਦੇਖਿਆ।

"ਅੱਬੂ..।" ਸਾਇਮਾ ਚੀਖੀ।

ਪਰ ਤਦ ਤੱਕ ਬਹੁਤ ਦੇਰ ਹੋ ਚੁੱਕੀ ਸੀ। ਬਾਬਰ ਨੇ ਤਲਵਾਰ ਦਾ ਜ਼ੋਰਦਾਰ ਵਾਰ ਮੁੰਡੇ ਦੀ ਗਰਦਨ 'ਤੇ ਕੀਤਾ ਤੇ ਉਹ ਲਹੂ ਲੁਹਾਨ ਹੋ ਕੇ ਉਥੇ ਹੀ ਡਿੱਗ ਪਿਆ।

"ਹਰਪ੍ਰੀਤ...।" ਸ਼ਾਇਮਾ ਚੀਖਾਂ ਮਾਰਦੀ ਮੁੰਡੇ ਵੱਲ ਭੱਜੀ।

ਬਾਬਰ ਨੇ ਉਸਨੂੰ ਜ਼ੋਰ ਨਾਲ ਧੱਕਾ ਦਿੱਤਾ। ਆਪਣੀ ਧੀ ਨੂੰ ਪਿੱਛੇ ਸੁੱਟਣ ਪਿਛੋਂ ਉਹਨੇ ਕਈ ਸਖਤ ਵਾਰ ਮੁੰਡੇ 'ਤੇ ਕੀਤੇ ਤੇ ਉਸਦੇ ਸਰੀਰ ਦੇ ਟੋਟੇ ਟੋਟੇ ਕਰ ਦਿੱਤੇ। ਸਾਇਮਾ ਨੇ ਹਿੰਮਤ ਨਹੀਂ ਛੱਡੀ ਤੇ ਦੋਵਾਂ ਹੱਥਾਂ ਨਾਲ ਪਿਉ ਦੇ ਹੱਥ 'ਚੋਂ ਤਲਵਾਰ ਖੋਹਣ ਦੀ ਕੋਸ਼ਿਸ਼ ਕਰਨ ਲੱਗੀ। ਪਰ ਬਾਬਰ ਜਿੰਨੀ ਤਾਕਤ ਕਿਥੇ ਸੀ ਉਸਦੀਆਂ ਨਾਜ਼ੁਕ ਬਾਹਾਂ 'ਚ। ਬਾਬਰ ਨੇ ਉਸਨੂੰ ਵੀ ਮੁੰਡੇ 'ਤੇ ਧੱਕਾ ਦੇ ਦਿੱਤਾ ਤੇ ਤਲਵਾਰ ਨਾਲ ਵਾਰ ਕੀਤਾ। ਸਾਇਮਾ ਦੀਆਂ ਦਰਦਨਾਕ ਚੀਖਾਂ ਨਾਲ ਕਾਰ ਪਾਰਕ ਗੂੰਜ ਉਠਿਆ। ਇਧਰੋਂ ਉਧਰੋਂ ਲੋਕ ਭੱਜੇ ਆਏ। ਸਕਿਉਰਟੀ ਵਾਲਿਆਂ ਨੇ ਐਮਰਜੈਂਸੀ ਅਲਾਰਮ ਖੜਕਾ ਦਿੱਤੇ। ਦੇਖਦੇ ਹੀ ਦੇਖਦੇ ਪੂਰਾ ਇਲਾਕਾ ਪੁਲਿਸ ਨੇ ਘੇਰ ਲਿਆ। ਐਂਬੂਲੈਂਸ ਦੀਆਂ ਗੱਡੀਆਂ ਪਹੁੰਚ ਗਈਆਂ। ਚਾਰੇ ਪਾਸੇ ਭਾਜੜ ਮੱਚ ਗਈ। ਮੁੰਡਾ ਤਾਂ ਮੌਕੇ 'ਤੇ ਹੀ ਦਮ ਤੋੜ ਗਿਆ ਤੇ ਜ਼ਖ਼ਮਾਂ ਦੀ ਤਾਬ ਨਾ ਝੱਲ ਸਕਿਆ ਪਰ ਸਾਇਮਾ ਨੂੰ ਹੈਲੀਕਾਪਟਰ ਰਾਹੀਂ ਨੇੜਲੇ ਹਸਪਤਾਲ ਲਿਜਾਇਆ ਗਿਆ।

ਬਾਬਰ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਮੌਕੇ 'ਤੇ ਮੌਜੂਦ ਸਾਰੇ

ਸਬੂਤ ਇਕੱਠੇ ਕੀਤੇ ਤੇ ਗਵਾਹਾਂ ਦੇ ਬਿਆਨ ਲਏ। ਇਕ ਹਾਈ ਕ੍ਰਿਮੀਨਲ ਕੋਰਟ 'ਚ ਉਹਦੇ ਖਿਲਾਫ ਔਨਰ ਕਿਲਿੰਗ ਦਾ ਮੁਕੱਦਮਾ ਚਲਿਆ, ਆਪਣੀ ਮਾਸੂਮ ਧੀ ਤੇ ਉਸਦੇ ਪ੍ਰੇਮੀ 'ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ 'ਚ। ਉਸਦੇ ਵਕੀਲਾਂ ਨੇ ਬੜੀਆਂ ਦਲੀਲਾਂ ਦਿੱਤੀਆਂ ਕਿ ਇਹ ਇਕ 'ਸੈਲਫ ਡਿਫੈਂਸ' ਕਾਰਵਾਈ ਸੀ ਤੇ ਗੁੱਸੇ 'ਚ ਆਪਾ ਖੋ ਕੇ ਬਾਬਰ ਤੋਂ ਤਲਵਾਰ ਚੱਲ ਗਈ ਸੀ। ਉਸਦੇ ਮਜ਼੍ਹਬ, ਮਾਸ਼ਰੇ ਤੇ ਖਾਨਦਾਨ ਦੀ ਇੱਜ਼ਤ ਦੀ ਦੁਹਾਈ ਵੀ ਦਿੱਤੀ ਗਈ ਕਿ ਇਕ ਅੱਣਖੀ ਬਾਪ ਵਜੋਂ ਉਸਦਾ ਖੂਨ ਖੌਲ ਉਠਿਆ ਸੀ। ਗੋਰੀ ਜਿਊਰੀ ਨੂੰ ਦੱਸਿਆ ਗਿਆ ਕਿ ਏਸ਼ੀਅਨ ਕਲਚਰ 'ਚ ਕਦੇ ਕਦੇ ਲੋਕ ਆਪਣੇ ਖਾਨਦਾਨ ਦੀ ਅਣਖ ਲਈ ਆਪਣੀਆਂ ਧੀਆਂ ਭੈਣਾਂ ਦੀ ਬਲੀ ਦੇ ਦਿੰਦੇ ਹਨ। ਇਹ ਇਕ ਅਜਿਹਾ ਕੌੜਾ ਸੱਚ ਸੀ ਜਿਸਨੂੰ ਝੁਠਲਾਇਆ ਨਹੀਂ ਜਾ ਸਕਦਾ। ਤੇ ਨਾ ਹੀ ਰੋਕਿਆ ਜਾ ਸਕਦਾ ਸੀ। ਸਦੀਆਂ ਤੋਂ ਬਲੀ ਦੀ ਇਹ ਰਸਮ ਬੇਰੋਕ ਚਲਦੀ ਆ ਰਹੀ ਸੀ।

ਬਾਬਰ ਨੂੰ ਬਚਾਉਣ ਲਈ ਹਰ ਮੁਮਕਿਨ ਕੋਸ਼ਿਸ਼ ਕੀਤੀ ਉਸਦੇ ਅੱਬਾ ਨੇ।

"ਮੈਂ ਆਪਣੇ ਪੁੱਤਰ ਨੂੰ ਨੋਟਾਂ ਨਾਲ ਤੋਲ ਦੇਵਾਂਗਾ। ਇਕੱਲਾ ਪੁੱਤਰ ਏ ਮੇਰਾ। ਉਸਨੂੰ ਬਚਾ ਲਓ।" ਖਾਬਰ ਚੌਧਰੀ ਨੇ ਵਕੀਲਾਂ ਅੱਗੇ ਹੱਥ ਜੋੜੇ।

"ਚਾਚਾ ਜਾਨ ਇਹ ਪਾਕਿਸਤਾਨ ਜਾਂ ਇੰਡੀਆ ਨਹੀਂ ਏਂ..। ਇੰਗਲੈਂਡ ਹੈ ਇਹ..। ਹਰ ਕੰਮ ਐਵੀਡੈਂਸ 'ਤੇ ਹੋਵੇਗਾ।" ਇਕ ਏਸ਼ੀਅਨ ਵਕੀਲ ਨੇ ਉਸਨੂੰ ਸਮਝਾਇਆ।

ਅਦਾਲਤ 'ਚ ਬਾਬਰ ਦੀ ਭਲਮਾਣਸੀ, ਮਾਸੂਮੀਅਤ, ਸਮਾਜ ਸੇਵਾ ਅਤੇ ਇਕ ਸੱਚਾ ਮੁਸਲਮਾਨ ਹੋਣ ਦੇ ਭਰਪੂਰ ਸਬੂਤ ਪੇਸ਼ ਕੀਤੇ ਗਏ ਤੇ ਜੱਜਾਂ ਨੂੰ ਅਪੀਲ ਕੀਤੀ ਗਈ ਕਿ ਉਹਦੇ ਨਾਲ ਨਰਮੀ ਵਰਤੀ ਜਾਵੇ।

ਪਰ ਸਰਕਾਰੀ ਵਕੀਲਾਂ ਤੇ ਪੁਲਸ ਨੇ ਉਸਦੇ ਵਕੀਲਾਂ ਦੀਆਂ ਦਲੀਲਾਂ ਤੇ ਦਾਆਵਿਆਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ। ਬਾਬਰ ਖਿਲਾਫ ਨਾ ਸਿਰਫ ਇਸ ਦੂਹਰੇ ਕਤਲ ਬਾਰੇ ਪੱਕੇ ਠੋਸ ਸਬੂਤ ਦਿੱਤੇ ਗਏ ਸਗੋਂ ਉਸਦੇ ਘਰੇਲੂ ਹਿੰਸਾ ਤੇ ਹੋਰ ਫਸਾਦਾਂ ਦੇ ਕੇਸ ਵੀ ਮੁੜ ਜਗਾ ਲਏ ਗਏ। ਉਸਨੂੰ ਇਕ ਅਜਿਹਾ ਬੇਰਹਿਮ ਤੇ ਜ਼ਾਲਮ ਪਿਓ ਦੱਸਿਆ ਗਿਆ ਜਿਸਨੇ ਬੜਾ ਸੋਚ ਸਮਝ ਕੇ ਸਾਜ਼ਿਸ਼ ਰਚੀ ਤੇ ਆਪਣੀ ਝੂਠੀ ਸ਼ਾਨ ਲਈ ਨਾ ਸਿਰਫ ਆਪਣੀ ਮਾਸੂਮ ਧੀ ਦਾ ਖ਼ੂਨ ਵਹਾਇਆ ਸਗੋਂ ਉਸਦੇ ਦੋਸਤ ਨੂੰ ਵੀ ਬਗੈਰ ਕਾਰਨ ਮਾਰ ਮੁਕਾਇਆ ਸੀ।

ਪਰ ਬਾਬਰ ਨੇ ਖੁਦ ਇਕ ਵਾਰ ਵੀ ਆਪਣੀ ਜ਼ਾਲਮ ਕਰਤੂਤ 'ਤੇ ਕੋਈ ਅਫਸੋਸ ਜ਼ਾਹਿਰ ਨਾ ਕੀਤਾ। ਉਹਦੀ ਗਰਦਨ ਆਕੜੀ ਰਹੀ ਹਮੇਸ਼ਾ ਵਾਂਗ। ਅਦਾਲਤ ਵੱਲੋਂ ਕੋਈ ਨਰਮੀ ਨਾ ਵਰਤੀ ਗਈ ਤੇ ਬਾਬਰ ਨੂੰ ਘੱਟੋ ਘੱਟ ਸਤਾਰਾਂ ਸਾਲ ਜੇਲ੍ਹ 'ਚ ਬੰਦ ਰੱਖਣ ਦਾ ਹੁਕਮ ਸੁਣਾਇਆ ਗਿਆ।

ਬਾਬਰ ਦੇ ਜੇਲ੍ਹ ਜਾਣ ਪਿਛੋਂ ਕਾਰੋਬਾਰ ਖਤਮ ਹੋ ਗਿਆ ਉਸਦਾ। ਆਪਣੇ ਮੂੰਹ ਮੋੜ ਗਏ। ਜੋ ਲੋਕ ਪਹਿਲਾਂ ਝੁਕ ਝੁਕ ਕੇ ਸਲਾਮਾਂ ਕਰਦੇ ਸਨ ਉਹ ਉਸਦਾ ਨਾਮ ਲੈਣਾ ਵੀ ਛੱਡ ਗਏ। ਉਸਦੇ ਯਾਰ ਦੋਸਤਾਂ ਨੇ ਕਦੇ ਮੁੜ ਉਸਦੀ ਸਾਰ ਨਾ ਲਈ। ਕਦੇ ਕਦੇ ਉਹਦਾ ਬਜ਼ੁਰਗ ਪਿਉ ਤੇ ਬੀਵੀ ਉਹਦੀ ਖਬਰ ਲੈਣ ਜ਼ਰੂਰ ਆ ਜਾਂਦੇ।

"ਸਾਇਮਾ ਬਚ ਗਈ ਏ। ਘਰ ਵਾਪਸ ਆ ਗਈ ਏ ਉਹ...। ਫਿਕਰ ਨਾ ਕਰ। ਜੋ ਹੋਣਾ ਸੀ ਹੋ ਗਿਆ। ਤੂੰ ਅੱਲਾ ਅੱਲਾ ਕਰਕੇ ਆਪਣਾ ਵਕਤ ਪੂਰਾ ਕਰ। ਰੱਬ ਚੰਗੀਆਂ ਕਰੇਗਾ। ਸਜ਼ਾ ਕੱਟ ਕੇ ਛੇਤੀ ਘਰ ਆ। ਤੇਰੇ ਵਗੈਰ ਇਥੇ ਜੀਅ ਨਹੀਂ ਲੱਗਦਾ ਹੁਣ ਮੇਰਾ...।" ਖਾਬਰ ਨੇ ਦਿਲ 'ਤੇ ਹੱਥ ਰੱਖ ਕੇ ਦੁਖੀ ਆਵਾਜ਼ 'ਚ ਉਸਨੂੰ ਦੱਸਿਆ ਸੀ।

ਬਾਬਰ ਦਾ ਗੁੱਸਾ ਭਾਵੇਂ ਹਾਲੇ ਦੂਰ ਨਹੀਂ ਹੋਇਆ ਸੀ ਤੇ ਨਾ ਹੀ ਉਹ ਸਾਇਮਾ ਨੂੰ ਮਾਫ ਕਰ ਸਕਿਆ ਸੀ ਪਰ ਇਕ ਗੱਲ ਦਾ ਸਕੂਨ ਹੋ ਗਿਆ ਸੀ ਉਸਨੂੰ ਕਿ ਜਿਸ ਮਕਸਦ ਲਈ ਉਹਨੇ ਇੰਨੀ ਵੱਡੀ ਕੁਰਬਾਨੀ ਦਿੱਤੀ ਸੀ ਉਹ ਪੂਰਾ ਹੋ ਗਿਆ ਸੀ। ਉਸਦੇ ਘਰ ਦੀ ਇੱਜ਼ਤ ਉਸਦੀ ਧੀ ਵਾਪਸ ਆ ਗਈ ਸੀ ਤੇ ਗੁਨਾਹਗਾਰ ਕਾਫਰ ਦੋਜ਼ਖ 'ਚ ਪਹੁੰਚ ਗਿਆ ਸੀ। ਪਰ ਇਸ ਬਾਰੇ ਕਦੇ ਜ਼ੁਬੈਦਾ ਨਾਲ ਗੱਲ ਨਹੀਂ ਕੀਤੀ ਸੀ ਉਸਨੇ। ਤੇ ਨਾ ਹੀ ਕਦੇ ਜ਼ੁਬੈਦਾ ਨੇ ਹੀ ਕੋਈ ਜ਼ਿਕਰ ਕੀਤਾ ਸੀ ਉਸ ਨਾਲ।



ਜੇਲ੍ਹ 'ਚ ਬਾਬਰ ਨੂੰ ਪਤਾ ਲੱਗਿਆ ਕਿ ਉਸਦਾ ਅੱਬਾ ਵੀ ਅੱਲਾ ਨੂੰ ਪਿਆਰਾ ਹੋ ਗਿਆ ਸੀ। ਜੇਲ੍ਹ ਅਧਿਕਾਰੀਆਂ ਵੱਲੋਂ ਉਸਨੂੰ ਆਪਣੇ ਪਿਓ ਦੇ ਜਨਾਜ਼ੇ 'ਤੇ ਜਾਣ ਦੀ ਖਾਸ ਇਜਾਜ਼ਤ ਦੇ ਦਿੱਤੀ ਗਈ। ਪੁਲਸ ਦੀ ਬੰਦ ਵੈਨ 'ਚ ਉਹਦੀ ਨਿਗਰਾਨੀ ਲਈ ਅੱਧੀ ਦਰਜਨ ਪੁਲਿਸ ਉਸਦੇ ਨਾਲ ਬੈਠੇ ਸਨ।

ਘਰ ਪਹੁੰਚਿਆ ਤਾਂ ਜਿਵੇਂ ਚਾਰੇ ਪਾਸੇ ਕੋਹਰਾਮ ਮਚਿਆ ਸੀ। ਉਸਦੀ ਬੀਵੀ ਅਤੇ ਬੱਚੀਆਂ ਉੱਚੀ ਉੱਚੀ ਰੋ ਰਹੀਆਂ ਸਨ। ਅੱਬੂ ਦੀ ਮਈਅਤ ਲਿਵਿੰਗ ਰੂਮ 'ਚ ਰੱਖੀ ਸੀ। ਆਸੇ ਪਾਸੇ ਬੈਠੇ ਲੋਕ ਅਫਸੋਸ ਕਰ ਰਹੇ ਸਨ।

"ਬੜੇ ਜਨਅਤੀ ਇਨਸਾਨ ਸਨ ਚੌਧਰੀ ਸਾਹਬ...।" ਕੋਈ ਕਹਿ ਰਿਹਾ ਸੀ।

"ਬੜੇ ਨੇਕ ਬੰਦੇ ਸਨ ਪੰਜ ਨਮਾਜ਼ੀ...।" ਕੋਈ ਹੋਰ ਬੋਲਿਆ।

ਲੋਕਾਂ ਦੀਆਂ ਗੱਲਾਂ ਬਾਬਰ ਦੇ ਸਿਰ ਉਪਰੋਂ ਗੁਜ਼ਰ ਰਹੀਆਂ ਸਨ। ਕਈ ਸਾਲਾਂ ਬਾਅਦ ਉਹ ਘਰ ਆਇਆ ਸੀ ਤੇ ਆਪਣੇ ਹੀ ਘਰ 'ਚ ਖ਼ੁਦ ਨੂੰ ਬੇਗਾਨਾ ਮਹਿਸੂਸ ਕਰ ਰਿਹਾ ਸੀ। ਆਪਣੀ ਬੀਵੀ ਵੱਲ ਧਿਆਨ ਨਾਲ ਦੇਖਿਆ ਉਸਨੇ ਜੋ ਸੁੱਕ ਕੇ ਤੀਲਾ ਹੋ ਗਈ ਸੀ। ਕੁੜੀਆਂ ਜਵਾਨ ਹੋ ਚੱਲੀਆਂ ਸਨ।

ਤਿੰਨੇ ਕੁੜੀਆਂ ਨੇ ਵਾਰ ਵਾਰ ਆ ਕੇ ਉਸਨੂੰ ਆਦਾਬ ਕੀਤੀ ਤੇ ਉਸਨੇ ਉਹਨਾਂ ਦੇ ਸਿਰਾਂ 'ਤੇ ਹੱਥ ਫੇਰਿਆ। ਪਰ ਉਸਦੀਆਂ ਨਜ਼ਰਾਂ ਕਿਸੇ ਹੋਰ ਨੂੰ ਤਲਾਸ਼ ਰਹੀਆਂ ਸੀ ਜੋ ਨਜ਼ਰ ਨਹੀਂ ਆ ਰਿਹਾ ਸੀ।

"ਸਾਇਮਾ ਕਿੱਥੇ ਵੇ...?" ਉਸਨੇ ਹੌਲੀ ਜਿਹੀ ਆਪਣੀ ਬੀਵੀ ਤੋਂ ਪੁੱਛਿਆ।

"ਉਹ ਕਿਸੇ ਹੋਰ ਮੁੰਡੇ ਨਾਲ ਭੱਜ ਗਈ।" ਜ਼ੁਬੈਦਾ ਨੇ ਉਹਦੀਆਂ ਅੱਖਾਂ 'ਚ ਸਿੱਧਾ ਦੇਖਦਿਆਂ ਬੇਖੌਫ ਆਵਾਜ਼ 'ਚ ਜਵਾਬ ਦਿੱਤਾ।

ਬਾਬਰ ਨੇ ਦੇਖਿਆ ਅੱਜ ਪਹਿਲੀ ਵਾਰੀ ਉਹਦੀ ਬੀਵੀ ਦੇ ਚਿਹਰੇ 'ਤੇ ਉਸ ਨਾਲ ਗੱਲ ਕਰਦਿਆਂ ਕੋਈ ਡਰ ਜਾਂ ਝਿਜਕ ਨਹੀਂ ਸੀ।

ਮੂਹਰੇ ਕਮਰੇ 'ਚੋਂ ਔਰਤਾਂ ਦੇ ਰੋਣ ਤੇ ਵੈਣ ਪਾਉਣ ਦੀਆਂ ਆਵਾਜ਼ਾਂ ਆ ਰਹੀਆਂ ਸੀ। ਪਰ ਬਾਬਰ ਨੂੰ ਲੱਗਿਆ ਜਿਵੇਂ ਉਹਦੇ ਘਰ ਦੀਆਂ ਕੰਧਾਂ ਉਸ 'ਤੇ ਉੱਚੀ ਉੱਚੀ ਹੱਸ ਰਹੀਆਂ ਹੋਣ।

ਆਪਣੇ ਕੰਨਾਂ 'ਤੇ ਹੱਥ ਰੱਖ ਕੇ ਉਹ ਚੁੱਪਚਾਪ ਪੁਲਸ ਵੈਨ ਵਿਚ ਜਾ ਬੈਠਾ।

---


## ਅਜੇ ਅੰਤ ਨਹੀਂ

**(2009 ਦੀ ਚੋਣਵੀਂ ਪੰਜਾਬੀ ਕਹਾਣੀ)**

## ਸੰਪਾਦਕ ਜਿੰਦਰ

ਪ੍ਰੇਮ ਪ੍ਰਕਾਸ਼, ਜ਼ੋਰਾ ਸਿੰਘ ਸੰਧੂ, ਬਲਜੀਤ ਕੌਰ ਬਲੀ, ਲਾਲ ਸਿੰਘ, ਜਰਨੈਲ ਸਿੰਘ, ਗੁਲ ਚੌਹਾਨ, ਹਰਜੀਤ ਅਟਵਾਲ, ਜਿੰਦਰ, ਤਲਵਿੰਦਰ ਸਿੰਘ, ਰਾਣੀ ਨਗਿੰਦਰ ਕੌਰ, ਹਰਮਹਿੰਦਰ ਚਹਿਲ, ਬਲਦੇਵ ਧਾਲੀਵਾਲ, ਵੀਨਾ ਵਰਮਾ, ਵਿਸ਼ਵਜੋਤੀ ਧੀਰ, ਹਰਪ੍ਰੀਤ ਸੇਖਾ, ਜਤਿੰਦਰ ਹਾਂਸ, ਜਸਵੀਰ ਰਾਣਾ, ਸਾਂਵਲ ਧਾਮੀ, ਸੁਖਰਾਜ ਧਾਲੀਵਾਲ, ਖਾਲਿਦ ਧਾਲੀਵਾਲ ਦੀ ਕਹਾਣੀ

# ਯਹਾਂ ਚਾਏ ਅੱਛੀ ਨਹੀਂ ਬਨਤੀ/ਦੇਸ ਰਾਜ ਕਾਲੀ

ਇਸ ਸਾਹਬ ਦੀ ਤਿਆਰੀ ਦੇਖਦੇ ਹਾਂ। ਕਿਆ ਕਮਾਲ ਹੈ। ਕਲਫ ਲਗਾਇਆ ਜਾ ਰਿਹਾ ਹੈ। ਮੋਚਨੇ ਦਾ ਇਸਤੇਮਾਲ ਵੀ ਕੀਤਾ ਜਾ ਰਿਹਾ ਹੈ। ਏਸ ਉਮਰ 'ਚ ਟਾਈ! ਬੂਟ ਪਹਿਲਾਂ ਹੀ ਪਾਲਿਸ਼ ਕਰਵਾ ਲਏ ਗਏ ਸਨ। ਕੋਟ ਪੈਂਟ ਤਾਂ ਹੈ ਹੀ ਕਮਾਲ। ਆਖਿਰ ਸਾਹਬ ਅੱਜ ਤਿਆਰੀ ਕਿਧਰ ਦੀ ਕਰ ਰਹੇ ਹਨ? ਜ਼ਰੂਰ ਓਧਰ ਹੀ ਚੱਲੇ ਹੋਣਗੇ। ਪਰ ਅਸੀਂ ਇਸ ਭੇਦ ਦੀ ਗੱਲ ਨੂੰ ਤੁਹਾਡੇ ਨਾਲ ਸਾਂਝਾ ਨਹੀਂ ਕਰ ਸਕਦੇ, ਬਹੁਤ ਹੀ ਗੰਭੀਰ ਮਸਲਾ ਹੈ। ਹੁਣ ਇਹ ਕੁੜਮਾਂ-ਜੰਮਾਂ ਵਾਲੇ ਨੇ, ਇਸ ਲਈ ਹੋਰ ਵੀ ਧਿਆਨ ਨਾਲ ਚੱਲਣ ਦੀ ਲੋੜ ਹੈ। ਇਹ ਨਾ ਵੀ ਚੱਲਣ ਆਪਾਂ ਤਾਂ ਸਮਾਜਿਕ ਲੋਕ ਹਾਂ ਆਪਾਂ ਇਹਨਾਂ ਕਲਾਕਾਰਾਂ ਵਾਂਗ ਦਬੰਗ ਨਹੀਂ ਹੋ ਸਕਦੇ। ਪਰ ਇਹ ਕੀ ਦਬੰਗਪੁਣਾ ਹੁੰਦਾ ਹੈ? ਯਾਰ ਬਹਿਸ ਕਰਨ ਦਾ ਵਕਤ ਨਹੀਂ ਹੈ ਸਾਡੇ ਕੋਲ, ਜੋ ਕਹਿ ਰਹੇ ਹਾਂ ਸਿਰਫ ਉਹੀ ਸੁਣੋ। ਨਾਲੇ ਕਹਾਣੀ ਪੜ੍ਹਦੇ ਵੇਲੇ ਤੁਹਾਨੂੰ ਕੋਈ ਅਧਿਕਾਰ ਨਹੀਂ ਹੁੰਦਾ ਕਿ ਤੁਸੀਂ ਲੇਖਕ ਨੂੰ ਸਵਾਲ ਕਰੋ। ਹਾਂ, ਤੁਹਾਡੇ ਮਨ ਚ ਅਗਰ ਸਵਾਲ ਪੈਦਾ ਹੋ ਰਹੇ ਹਨ, ਤਾਂ ਉਹਨਾਂ ਨੂੰ ਇੱਕ ਪਾਸੇ ਲਿਖਦੇ ਜਾਓ ਜਾਂ ਯਾਦ ਰੱਖਦੇ ਜਾਓ। ਫਿਰ ਉਹਨਾਂ ਨਾਲ ਜੂਝਦੇ ਰਹੋ। ਯਾਰ ਆਪਾਂ ਆਪਣੀ ਗੱਲਬਾਤ ਵਿੱਚ ਉਲਝ ਗਏ ਤੇ ਉਹ ਸਾਹਬ ਤਿਆਰ ਹੋ ਕੇ ਬਾਹਰ ਵੀ ਨਿਕਲ ਗਏ ਹਨ। ਹੁਣ ਉਹ ਕਿਧਰ ਚਲੇ ਗਏ ਇਹ ਵੀ ਪਤਾ ਨਹੀਂ ਲੱਗਣਾ।

ਉਫ! ਹੁਣ ਨਹੀਂ ਮਿਲ ਸਕਦੇ ਉਹ। ਮਿਲ ਜਾਂਦੇ ਤਾਂ ਕਹਾਣੀ ਇਹਨਾਂ ਉੱਤੇ ਹੀ ਖਤਮ ਹੋ ਜਾਣੀ ਸੀ। ਕਮਾਲ ਦੇ ਨੇ ਇਹ ਮਹਾਨ ਸਾਹਬ। ਕਿਸੇ ਵੀ ਗੱਲ ਨੂੰ ਇੰਝ ਕਹਾਣੀ ਬਣਾਉਂਦੇ ਹਨ ਕਿ ਤੁਸੀਂ ਕਮਲੇ ਹੋ ਜਾਂਦੇ ਹੋ। ਆਪਣੇ ਮਿੱਤਰ ਅਨੀਕੇਤ ਦੀ ਗੱਲਬਾਤ ਸੁਣਾਉਣਗੇ ਕਿ ਕਿਸ ਤਰ੍ਹਾਂ ਉਸਦੇ ਪੁਰਖੇ ਬਿਹਾਰ ਤੋਂ ਇੱਥੇ ਆ ਕੇ ਬਸ ਗਏ ਸਨ। ਇਸਦਾ ਜਨਮ ਏਧਰ ਦਾ ਹੀ ਹੈ। ਇਹ ਪੰਜਾਬੀ ਹੀ ਬੋਲਦਾ ਹੈ। ਕਦੇ-ਕਦੇ ਜਦੋਂ ਉਦਾਸ ਹੁੰਦਾ ਹੈ ਜਾਂ ਗੁੱਸੇ ਵਿੱਚ ਹੁੰਦਾ ਹੈ ਤਾਂ ਬਿਹਾਰੀ ਅੰਦਾਜ਼ ਦੀ ਹਿੰਦੀ ਬੋਲਦਾ ਹੈ। ਇਸਦੇ ਪੁਰਖੇ ਵੱਡੇ ਸਾਮੰਤ ਸਨ। ਉਹਨਾਂ ਦੇ ਚਚੇਰੇ ਭਰਾ ਕੋਲ ਬਹੁਤ ਜ਼ਮੀਨ ਸੀ। ਉਹਨੇ ਹੀ ਇੱਕ ਪਿੰਡ ਇਹਨਾਂ ਨੂੰ ਜਗੀਰ ਦੇ ਰੂਪ ਵਿੱਚ ਦੇ ਦਿੱਤਾ। ਇਹਦੇ ਪੁਰਖੇ ਹੇਠਲੇ ਦਰਜੇ ਦੇ ਬ੍ਰਾਹਮਣ ਸਨ। ਨਾਲ ਦਾ ਪਿੰਡ ਪ੍ਰੋਹਤਾਂ ਦਾ ਸੀ। ਇਹਨਾਂ ਦੇ ਪਿੰਡ ਇੱਕ ਤਲਾਬ ਸੀ, ਜਿਸ ਵਿੱਚ ਕਮਲ ਦੇ ਫੁੱਲ ਖਿੜਦੇ ਹਨ। ਪਰੰਤੂ ਇਹਨਾਂ ਫੁੱਲਾਂ ਨੂੰ ਇਹਨਾਂ ਦੀਆਂ ਕੁਆਰੀਆਂ ਕੁੜੀਆਂ ਨਹੀਂ ਤੋੜ ਸਕਦੀਆਂ। ਉਹ ਫੁੱਲਾਂ ਨੂੰ ਹੱਥ ਲਾਉਂਦੀਆਂ ਹਨ, ਤਾਂ ਫੁੱਲ ਕਮਲਾ ਜਾਂਦੇ ਹਨ। ਇਸ ਭੇਦ ਬਾਰੇ ਉਹ ਇੱਕ ਦਿਨ ਗੱਲ ਕਰਦਾ-ਕਰਦਾ ਰੁਕ ਗਿਆ। ਗੱਲ ਹੋਰ ਹੀ ਪਾਸੇ ਨਿਕਲ ਗਈ, ਉਹਨਾਂ ਕੁੜੀਆਂ ਵੱਲ, ਜਿਹਨਾਂ ਨਾਲ ਉਹਨੇ ਆਨੰਦ ਮਾਣਿਆ ਸੀ। ਇਹਨਾਂ ਵਿੱਚੋਂ ਹੀ ਇੱਕ ਉਹ ਸੀ, ਜਿਹੜੀ ਸੈਕਸ ਕਰਨ ਤੋਂ ਪਹਿਲਾਂ ਬੰਦੇ ਦੀ ਖੂਬ ਫੈਂਟੀ ਲਾਹੁੰਦੀ ਸੀ। ਇਹ ਇਹਨਾਂ ਦੇ ਨੇੜਲੇ ਪਿੰਡ ਦੀ ਮਲਾਹਾਂ ਦੀ ਕੁੜੀ ਸੀ। ਮਲਾਹਾਂ ਦੀਆਂ ਕੁੜੀਆਂ ਹੀ ਕਮਲ ਦੇ ਫੁੱਲ ਤੋੜ ਕੇ ਇਹਨਾਂ ਦੇ ਘਰੀਂ ਦੇ ਆਉਂਦੀਆਂ ਹਨ, ਪੂਜਾ ਵਾਸਤੇ। ਪੂਜਾ ਇਹ ਸ਼ੀਤਲਾ ਮਾਤਾ ਦੀ ਕਰਦੇ ਹਨ।

ਉਸਦੀ ਗੱਲ ਸੁਣਾਉਂਦੇ ਸੁਣਾਉਂਦੇ ਇਹ ਸਾਹਬ ਹੋਰ ਹੀ ਪਾਸੇ ਤੁਰ ਗਏ। ਆਪਣੇ ਮੰਗਲੀਕ ਹੋਣ ਦੀ ਗੱਲ ਕਰਨ ਲੱਗੇ। ਫਿਰ ਵਹਿਮੀ ਹੋਣ ਦੀ ਗੱਲ। ਪਰ ਇਹ ਵਹਿਮੀ ਆਪਣੇ ਆਪ ਨੂੰ ਮੰਨਦੇ ਨਹੀਂ। ਮੈਂ ਜਾਣਦਾ ਹਾਂ ਕਿ ਇਹ ਵਹਿਮੀ ਹੈ ਅਤੇ ਸਨਕੀ ਤਾਂ ਸਿਰੇ ਦਾ ਹੈ। ਪਤਾ ਨਹੀਂ ਕਿਸ ਗੱਲ ਦਾ ਝੋਰਾ ਹੈ ਕਿ ਇਹ ਗੱਲ-ਗੱਲ ਤੇ ਖਿਝਣ ਲੱਗ ਪਿਆ ਹੈ। ਰੱਤੀ ਭਰ ਵੀ ਗੱਲ ਬਰਦਾਸ਼ਤ ਨਹੀਂ ਕਰਦਾ। ਆਪਣੇ ਆਪ ਨੂੰ ਫਾਈਨਲ ਅਥੌਰਟੀ ਹੀ ਸਮਝਦਾ ਹੈ। ਹਰ ਗੱਲ ਬਾਰੇ ਇਹਦੇ ਆਪਣੇ ਵਿਚਾਰ ਹਨ ਤੇ ਲੀਕ ਦੇ ਪੱਕੇ। ਇਹ ਨਹੀਂ ਟਸ ਤੋਂ ਮਸ ਹੋ ਸਕਦਾ ਆਪਣੇ ਵਿਚਾਰਾਂ



ਤੋਂ। ਇਹਨੂੰ ਵਹਿਮ ਹੈ ਕਿ ਮੰਗਲੀਕ ਹੋਣਾ ਇਸਦੀ ਤੀਵੀਂ ਉੱਤੇ ਭਾਰੂ ਹੈ ਅਤੇ ਕਿਸੇ ਪੰਡਿਤ ਦੇ ਦੱਸਣ ਮੁਤਾਬਿਕ ਇਸਨੂੰ ਆਪਣੀ ਤੀਵੀਂ ਨਾਲ ਘੱਟ ਹੀ ਸੌਣਾ ਚਾਹੀਦਾ ਹੈ। ਮੈਂ ਹੈਰਾਨ ਹੋਇਆ ਇਹਦੇ ਸੈਕਸੁਅਲ ਵਿਹਾਰ ਬਾਰੇ ਸੋਚਦਾ ਰਿਹਾ। ਇਹਦੀ ਤੀਵੀਂ ਬਾਰੇ ਸੋਚਦਾ ਰਿਹਾ, ਜਿਹਦਾ ਨੂਰ ਨਾਲ ਭਰਿਆ ਚਿਹਰਾ ਕਿਸੇ ਨੂੰ ਵੀ ਖਿੱਚ ਸਕਦਾ ਹੈ। ਇਹ ਕਿਵੇਂ ਆਪਣੀ ਅੱਗ ਦਾ ਸੇਕ ਸਹਿੰਦੀ ਹੋਵੇਗੀ। ਏਨੀ ਸ਼ਕਤੀ ਕਿਤੇ ਤਾਂ ਤੰਗ ਕਰਦੀ ਹੀ ਹੋਵੇਗੀ! ਫਿਰ ਇਹਦੇ ਮੈਟਲ ਦੇ ਬਣਾਏ ਕੰਮ ਵੱਲ ਮੇਰਾ ਧਿਆਨ ਚਲਾ ਗਿਆ। ਇਹ ਆਪ ਕੱਦ ਦਾ ਬਹੁਤ ਛੋਟਾ ਹੈ, ਪਰ ਬੁੱਤ ਸਾਰੇ ਹੀ ਕਿਸੇ ਲੰਮ-ਸਲੰਮੀ ਮੁਟਿਆਰ ਦੇ ਬਣਾਏ ਹੋਏ ਹਨ। ਇਹਨਾਂ ਸਾਰੀਆਂ ਦੇ ਚਿਤੜ ਵੀ ਇੱਕ ਖਾਸ ਕਿਸਮ ਦੀ ਗੋਲਾਈ ਵਿੱਚ ਬਣਾਏ ਨੇ। ਮੈਂ ਇਹਦੇ ਆਲੇ-ਦੁਆਲੇ ਦੀਆਂ ਔਰਤਾਂ ਦੇ ਸਰੀਰ ਦਾ ਮੁਆਇਨਾ ਮਨ ਹੀ ਮਨ ਕੀਤਾ ਕਿ ਸ਼ਾਇਦ ਕੋਈ ਮਾਡਲ ਮਿਲ ਜਾਏ, ਪਰ ਨਹੀਂ ਮਿਲਿਆ। ਵਾਰ-ਵਾਰ ਮੇਰੇ ਦਫਤਰ ਦੀ ਇੱਕ ਕੁੜੀ, ਜਿਹੜੀ ਜੀਨ ਪਨਿਦੀ ਹੈ, ਤੇ ਲਗਦਾ ਰਹਿੰਦਾ ਹੈ ਕਿ ਕਦੇ ਵੀ ਇਸਦੀ ਢਿੱਲੀ ਜੀਨ ਹੇਠਾਂ ਸਰਕ ਜਾਵੇਗੀ, ਦਿਸਦੀ ਰਹੀ। ਪਰ ਇਹਦਾ ਮਾਡਲ ਉਹ ਵੀ ਨਹੀਂ ਹੋ ਸਕਦੀ, ਕਿਉਂਕਿ ਇਹਦੀ ਲੀਲ੍ਹਾ ਦੇ ਪਾਤਰ ਵਚਿਤਰ ਹਨ।

ਅੱਛਾ ਇਹਦੇ ਵਰਗਾ ਹੀ ਇੱਕ ਇਸਦਾ ਹੋਰ ਮਿੱਤਰ ਹੈ। ਆਪਣੇ ਆਪ ਨੂੰ ਉਹ ਪੇਂਟਰ ਕਹਾ ਕੇ ਬਹੁਤ ਖੁਸ਼ ਹੁੰਦਾ ਹੈ, ਪਰ ਰੋਟੀ ਉਹ ਆਪਣਾ ਹੋਮਿਓਪੈਥੀ ਦਾ ਕਲੀਨਿਕ ਚਲਾ ਕੇ ਕਮਾਉਂਦਾ ਹੈ। ਉਹ ਆਪਣੇ ਆਪ ਨੂੰ ਸਰਵਾਈਕਲ ਦਾ ਮਾਹਿਰ ਕਹਾਉਂਦਾ ਹੈ। ਕਲੀਨਿਕ ਦੇ ਬਾਹਰ ਬਹੁਤ ਵੱਡਾ ਸਾਰਾ ਬੋਰਡ ਹੈ, ਜਿਸਦੀ ਦਿਖ ਤੋਂ ਅੰਦਾਜ਼ਾ ਇਹੀ ਲਗਾਇਆ ਜਾ ਸਕਦਾ ਹੈ ਕਿ ਇਹ ਕੋਈ ਮਾਲਸ਼ੀਆ ਹੈ, ਜੋ ਸਰਵਾਈਕਲ ਦੀ ਦਵਾਈ ਵੀ ਦਿੰਦਾ ਹੈ। ਇਹਦੀ ਧੀ ਇਹਦੇ ਕੋਲ ਹੀ ਕਲੀਨਿਕ ਦੇ ਨਾਲ ਵਾਲੇ ਕਮਰੇ ਵਿੱਚ ਆਪਣਾ ਸਟੂਡਿਓ ਬਣਾ ਕੇ ਰਹਿੰਦੀ ਹੈ। ਉਹ ਵੀ ਪੇਂਟਰ ਹੈ। ਸਿਰਫ ਬਲੈਕ ਐਂਡ ਵਾਈਟ ਵਿੱਚ ਕੰਮ ਕਰਦੀ ਹੈ। ਉਸਦਾ ਕਹਿਣਾ ਹੈ ਕਿ ਇਸ ਕੁੜੀ ਦੀ ਆਪਣੀ ਮਾਂ ਨਾਲ ਨਹੀਂ ਬਣਦੀ ਇਸ ਕਰਕੇ ਇਹ ਮੇਰੇ ਕੋਲ ਇੱਥੇ ਹੀ ਰਹਿੰਦੀ ਹੈ। ਮਾਂ ਚਾਹੁੰਦੀ ਹੈ ਕਿ ਇਸਦਾ ਵਿਆਹ ਹੋ ਜਾਵੇ, ਪਰ ਕੁੜੀ ਵਿਆਹ ਨਹੀਂ ਕਰਵਾਉਣਾ ਚਾਹੁੰਦੀ। ਉਸ ਭਾਰੇ ਸਰੀਰ ਵਾਲੀ ਸੋਹਣੀ ਕੁੜੀ ਬਾਰੇ ਸਾਡੇ ਇਸ ਸਾਹਬ ਦੀ ਰਾਏ ਕਮਾਲ ਹੈ। ਇਹ ਉਹਨੂੰ ਕ੍ਰਾਂਤੀਕਾਰੀ ਤਾਂ ਮੰਨਦੇ ਹਨ, ਪਰ ਉਸਦੇ ਵਿਆਹ ਨਾ ਕਰਵਾਉਣ ਵਾਲੇ ਫੈਸਲੇ ਨਾਲ ਬਿਲਕੁਲ ਨਹੀਂ ਸਹਿਮਤ। ਇਹਨਾਂ ਮੁਤਾਬਕ ਮਿੱਤਰ ਦੀ ਕੁੜੀ ਹੋਣ ਕਰਕੇ ਇਹਨਾਂ ਦੀਆਂ ਬੱਚੀਆਂ ਉੱਪਰ ਵੀ ਇਸ ਗੱਲ ਦਾ ਅਸਰ ਪੈ ਸਕਦਾ ਹੈ। ਇਹ ਦੱਸਦੇ ਹਨ ਕਿ ਕੁੜੀ ਦੀ ਮਾਂ ਦੀ ਚਿੰਤਾ ਨੂੰ ਸਿਰਫ ਇਹ ਹੀ ਸਮਝਦੇ ਹਨ, ਇਸਦਾ ਪਿਓ ਜਾਂ ਕੁੜੀ ਨਹੀਂ ਸਮਝਦੇ। ਮੈਨੂੰ ਇੱਕ ਦਿਨ ਉਹਨਾਂ ਕੋਲ ਲੈ ਗਏ, ਤਾਂ ਮੈਂ ਉਹਨਾਂ ਦੇ ਹਾਲਾਤ ਦੇਖ ਕੇ ਦੰਗ ਹੀ ਰਹਿ ਗਿਆ। ਮੈਂ ਜੋ ਉੱਥੇ ਮਹਿਸੂਸ ਕੀਤਾ, ਬਹੁਤਾ ਕੁਝ ਤਾਂ ਉਸ ਬਾਰੇ ਦੱਸ ਨਹੀਂ ਸਕਦਾ, ਕਿਉਂਕਿ ਇਹ ਮੇਰਾ ਕਿਆਫਾ ਹੈ ਅਤੇ ਮੈਂ ਇਸੇ ਕਰਕੇ ਕਿਸੇ ਬਾਰੇ ਗੱਲ ਕਰਨੀ ਨਹੀਂ ਚਾਹੁੰਦਾ। ਪਰ ਜਦੋਂ ਉਸ ਆਦਮੀ ਨੇ ਆਪਣਾ ਕੰਪਿਊਟਰ ਆਨ ਕੀਤਾ ਤਾਂ ਉਸਦੇ ਨੈਟ ਖੋਲ੍ਹਦਿਆਂ ਹੀ ਅਚਾਨਕ ਬਲਿਊ ਫਿਲਮ ਚੱਲਣ ਲੱਗ ਗਈ। ਇਹ ਕੋਈ ਅਲੋਕਾਰੀ ਗੱਲ ਨਹੀਂ ਹੈ, ਨੈਟ ਰਾਹੀਂ ਵਾਇਰਸ ਤੁਹਾਡੇ ਕੰਪਿਊਟਰ ਵਿੱਚ ਆ ਜਾਂਦਾ ਹੈ ਤਾਂ ਅਜਿਹਾ ਹੋ ਹੀ ਜਾਂਦਾ ਹੈ। ਪਰ ਇਹ ਹੁੰਦਾ ਕਿਉਂ ਹੈ, ਇਸਦਾ ਪਤਾ ਹੋਣ ਕਰਕੇ ਮੈਂ ਕਿਆਫਾ ਲਗਾਇਆ ਸੀ। ਮੈਂ ਗਲਤ ਵੀ ਹੋ ਸਕਦਾ ਹਾਂ, ਪਰ ਉਸ ਕਲਾਕਾਰ ਦੀਆਂ ਅੱਖਾਂ ਤੇ ਮੁੱਛਾਂ ਨੇ ਵੀ ਮੈਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਸੀ। ਖ਼ੈਰ ਆਪਾਂ ਕੀ ਲੈਣਾ ਉਸ ਕੋਲੋਂ, ਆਪਾਂ ਨੂੰ ਤਾਂ ਇਸ ਸਾਹਬ ਨਾਲ ਮਤਲਬ ਹੈ ਅਤੇ ਇਸਦੇ ਯਾਰ ਕਿਹੋ ਜਿਹੇ ਨੇ, ਇਸੇ ਕਰਕੇ ਉਸਦੀ ਗੱਲ ਛੋਹਣੀ ਪੈ ਗੀ।

ਇੱਕ ਗੱਲ ਹੈ, ਇਸਨੂੰ ਕਦੇ ਵੀ ਮਿਲ ਲਓ, ਆਪਣੇ ਇਸ ਕਲਾਕਰ ਮਿੱਤਰ ਦੀ ਗੱਲ

ਬਹੁਤ ਘੱਟ ਕਰਦਾ ਹੈ, ਹਾਂ ਉਸ ਬਿਹਾਰੀ ਮਿੱਤਰ ਦੀ ਗੱਲ ਜ਼ਰੂਰ ਛੇੜਦਾ ਹੈ। ਪਤਾ ਨਹੀਂ ਉਹਨੂੰ ਲੈ ਕੇ ਮਨ 'ਚ ਕੀ ਕੁੰਠਾ ਹੈ। ਕਦੇ ਲੱਗੇਗਾ ਕਿ ਉਸਦੀ ਤਰੀਫ ਕਰ ਰਿਹਾ ਹੈ, ਕਦੇ ਲੱਗੇਗਾ ਕਿ ਉਸਦੀ ਨਿਖੇਧੀ ਕਰ ਰਿਹਾ ਹੈ, ਕਦੇ ਲੱਗੇਗਾ ਕਿ ਉਸਦੀ ਹੇਠੀ ਕਰ ਰਿਹਾ ਹੈ, ਕਦੇ ਲੱਗੇਗਾ ਕਿ ਉਸ ਨਾਲ ਕੋਈ ਸਾੜਾ ਹੈ ਇਸਨੂੰ। ਹਾਲਾਂਕਿ ਉਹ ਵਿਚਾਰਾ ਤਾਂ ਸਿਰਫ ਚਾਹ ਦਾ ਖੋਖਾ ਚਲਾਉਂਦਾ ਹੈ ਤੇ ਬੱਚੇ ਪਾਲਦਾ ਹੈ। ਇਸ ਕਸਬੇਨੁਮਾ ਇਲਾਕੇ ਵਿੱਚ ਅੱਡੇ 'ਚ ਚਾਹ ਬਣਾਉਣ ਵਾਲੇ ਦੀ ਭਲਾ ਕੀ ਔਕਾਤ ਹੋ ਸਕਦੀ ਹੈ। 'ਨਹੀਂ ਭਾਜੀ ਤੁਹਾਨੂੰ ਨਹੀਂ ਪਤਾ, ਇਹ ਬਹੁਤ ਗਹਿਰੀ ਚੀਜ਼ ਏ। ਇਹਨੂੰ ਇੱਥੇ ਈ ਨਾ ਸਮਝਿਓ, ਬਹੁਤ ਹੀ ਕਲਾਕਾਰ ਆਦਮੀ ਹੈ। ਇਸਦੀ ਜਵਾਨੀ ਦੇ ਦਿਨ ਮੈਂ ਦੇਖੇ ਨੇ। ਇਸਦੀ ਆਹੀ ਡੌਰੂੰ ਖੜਕਦੀ ਹੁੰਦੀ ਸੀ ਹਰ ਕੁੜੀ ਨੂੰ ਵੇਖਕੇ। ਜਾਹ ਤਾਂ ਕੋਈ ਕੁੜੀ ਇਹਦੇ ਕੋਲ ਦੀ ਲੰਘ ਜਾਵੇ। ਅੱਛਾ ਅਸੀਂ ਸਾਰੇ ਕਰਦੇ ਹੁੰਦੇ ਸਾਂ ਰਾਮ ਲੀਲ੍ਹਾ। ਇਹ ਮੇਘਨਾਥ ਦਾ ਕਿਰਦਾਰ ਨਿਭਾਉਂਦਾ ਹੁੰਦਾ ਸੀ। ਐਸੀ ਤਿਰਛੀ ਡਾਇਲਾਗ ਡਲਿਵਰੀ ਕਿ ਕਮਾਲ ਕਰ ਦਿੰਦਾ ਸੀ। ਕੀ ਹੁੰਦਾ ਮੇਘਨਾਥ ਦਾ ਕਿਰਦਾਰ ? ਪਰ ਇਹ ਤਾਂ ਰਾਮ ਦੇ ਨਾਲ-ਨਾਲ ਰਾਵਣ ਦਾ ਕਿਰਦਾਰ ਵੀ ਖਾ ਜਾਂਦਾ ਸੀ। ਇੱਕ ਇਹਦਾ ਬੇਲੀ ਸੀ। ਇੱਥੇ ਹੀ ਦਰਜੀ ਦੀ ਦੁਕਾਨ ਹੁੰਦੀ ਸੀ ਉਹਦੀ। ਉਹ ਡਾਂਸਰ ਬਣਕੇ ਨੱਚਦਾ ਹੁੰਦਾ ਸੀ। ਉਹ ਆਪਣੇ ਘਰ ਤੋਂ ਹੀ ਤਿਆਰ ਹੋ ਕੇ ਆਉਂਦਾ ਹੁੰਦਾ ਸੀ। ਇਹਦੇ ਨਾਲ ਉਹਦੀ ਬਹੁਤ ਯਾਰੀ ਸੀ। ਸਾਰੇ ਮੁੰਡੇ ਇਹਨਾਂ ਦੋਵਾਂ ਨੂੰ ਛੇੜਦੇ ਸਨ। ਪਰ ਮੈਨੂੰ ਅੱਜ ਤੱਕ ਨਹੀਂ ਲੱਗਾ ਕਿ ਐਸੀ-ਵੈਸੀ ਕੋਈ ਗੱਲ ਇਹਨਾਂ ਵਿਚਾਲੇ ਹੋ ਸਕਦੀ ਹੈ। ਅੱਛਾ ਹੋ ਵੀ ਸਕਦੀ ਹੈ, ਕਿਉਂਕਿ ਇਹ ਕਲਾਕਾਰ ਬਹੁਤ ਹੈ। ਮੈਂ ਇਸ ਨਾਲ ਕਦੇ ਪੇਂਟਿੰਗ ਜਾਂ ਹੋਰ ਕਲਾ ਬਾਰੇ ਗੱਲ ਕਰਨੀ ਹੁੰਦੀ ਹੈ , ਤਾਂ ਇਹ ਦੁਨੀਆ ਭਰ ਦੇ ਕਲਾਕਾਰਾਂ ਦੇ ਨਾਮ ਤੇ ਕੰਮ ਜਾਣਦਾ ਹੁੰਦਾ ਹੈ। ਦੁਨੀਆਂ ਦੇ ਪ੍ਰਸਿੱਧ ਤੋਂ ਪ੍ਰਸਿੱਧ ਬੁੱਤ ਤਰਾਸ਼ਾਂ ਦਾ ਇਹਨੂੰ ਪਤਾ ਹੈ। ਇਹ ਐਮ ਐਫ ਹੁਸੈਨ ਦਾ ਬਹੁਤ ਫੈਨ ਹੈ। ਹੁਣ ਤੁਸੀਂ ਹੀ ਦੱਸੋ ਕਿ ਹੁਸੈਨ ਨੇ ਕੀ ਕੰਮ ਕੀਤਾ ਹੈ ? ਕੀ ਕਰ ਰਿਹੈ ਉਹ ? ਭਾਜੀ ਕੰਮ ਦੇਖਣਾ ਤਾਂ ਵੈਸਟ ਦੇ ਪੇਂਟਰਾਂ ਦਾ ਦੇਖੋ। ਭਾਜੀ ਪਿਕਾਸੋ ਨੇ ਕਿਹਾ ਕਿ ਜਦੋਂ ਮੈਂ ਕੰਮ ਕਰਦਾ ਸੀ ਰਿਅਲ ਵਰਕ ਤਾਂ ਕਿਸੇ ਨੇ ਮੈਨੂੰ ਪੁਛਿਆ ਤੱਕ ਨਹੀਂ। ਫਿਰ ਮੈਂ ਸਾਰਿਆਂ ਨੂੰ ਬੇਵਕੂਫ ਬਣਾਉਣ ਲਈ ਜੋ ਕੰਮ ਕੀਤਾ, ਸਾਰੀ ਦੁਨੀਆ ਨੇ ਪਲਕਾਂ 'ਤੇ ਚੁੱਕ ਲਿਆ। ਇਹ ਮੂਰਖਾਂ ਦੀ ਮੰਡੀ ਹੈ। ਅਜੇ ਕੱਲ੍ਹ ਹੀ ਗੱਲ ਕਰ ਰਹੇ ਸੀ ਨੁਸਰਤ ਫਤੇਹ ਅਲੀ ਖਾਂ ਦੀ। ਲੋਕ ਪਤਾ ਨਹੀ ਉਹਦੇ ਕੋਲੋਂ ਕੀ ਸੁਣਦੇ ਨੇ। ਮੈਨੂੰ ਤਾਂ ਉਹਦੀ ਕਵਾਲੀ ਘੱਟ, ਚੀਕ ਚਿਹਾੜਾ ਜ਼ਿਆਦਾ ਲਗਦਾ ਹੈ। ਮੈਂ ਨਹੀਂ ਉਹਨੂੰ ਸੁਣ ਸਕਦਾ। ਭਾਜੀ ਆਵਾਜ਼ ਮੁਲਾਇਮ ਹੋਣੀ ਚਾਹੀਦੀ ਹੈ। ਅਸੀਂ ਮੈਲੋਡੀਅਸ ਆਵਾਜ਼ ਦੇ ਆਸ਼ਿਕ ਹਾਂ। ਇਹਨਾਂ ਲੋਕਾਂ ਨੂੰ ਕਿਵੇਂ ਸਮਝਾ ਸਕਦੇ ਹਾਂ।' ਫਿਰ ਤਾਂ ਇਹ ਸ਼ੁਰੂ ਹੋ ਗਿਆ ,ਤਾਂ ਸਮਝੋ ਹੋ ਗਿਆ। ਸਨਕ ਜਾਗ ਜਾਵੇਗਾ ਤੇ ਵੱਡੇ ਤੋਂ ਵੱਡਾ ਕਲਾਕਾਰ ਰੱਦ। ਖਾਖਾਂ ਇਸਦੀਆਂ ਲਾਲ ਹੋ ਜਾਣਗੀਆਂ। ਬੰਟਿਆਂ ਵਰਗੇ ਡੇਲੇ ਤੇਜ਼ੀ ਨਾਲ ਏਧਰ ਓਧਰ ਘੁੰਮਣ ਲੱਗ ਪੈਣਗੇ। ਤਲਖੀ ਵੱਧ ਜਾਵੇਗੀ। ਉਸ ਵੇਲੇ ਤਾਂ ਵੱਡੇ ਤੋਂ ਵੱਡਾ ਵੀ ਇਹਦਾ ਰੋਹ ਦੇਖਕੇ ਡਰ ਸਕਦਾ ਹੈ। ਮੈਂ ਵੀ ਡਰ ਜਾਂਦਾ ਹਾਂ।

ਆਪਾਂ ਅੱਜ ਸਾਹਬ ਨੂੰ ਲੱਭ ਕੇ ਜ਼ਰੂਰ ਜਾਣਾ ਹੈ ਕਿਉਂਕਿ ਉਹਨਾਂ ਨੂੰ ਲੱਭੇ ਵਗੈਰ ਕਹਾਣੀ ਬਣਨੀ ਨਹੀਂ। ਜੇ ਲੱਭ ਗਏ ਤਾਂ ਕੁਝ ਗੱਲਾਂ ਤੁਸੀਂ ਖੁਦ ਉਹਨਾਂ ਦੇ ਕਿਰਦਾਰ ਨੂੰ ਸਮਝਣ ਵਾਸਤੇ ਦੇਖ-ਸੁਣ ਸਕਦੇ ਹੋ। ਆਪਾਂ ਪਹਿਲਾਂ ਉਸ ਕਲਾਕਾਰ ਡਾਕਟਰ ਦਾ ਕਲੀਨਿਕ ਹੀ ਵੇਖ ਆਉਂਦੇ ਹਾਂ। ਹਾਂ, ਸ਼ਾਇਦ ਓਧਰ ਹੀ ਗਏ ਹੋਣ। ਚਲੋ ਚੱਲਦੇ ਹਾਂ, ਨਾ ਹੋਇਆ ਤਾਂ ਨਾ ਸਹੀ, ਆਉਂਦੇ ਵਤਕ ਇਹਨਾਂ ਦੇ ਬਿਹਾਰੀ ਮਿਤੱਰ ਦੀ ਰੇਹੜੀ ਤੇ ਦੇਖਦੇ ਆਵਾਂਗੇ। ਜਾਂ ਫਿਰ ਇਹ ਇੱਕ ਪੰਜਾਬੀ ਅਖਬਾਰ ਦੇ ਦਫਤਰ ਮਿਲ ਸਕਦੇ ਹਨ। ਓਧਰ ਚੱਕਰ ਕੱਢ ਆਵਾਂਗੇ। ਉੱਥੇ ਇਹ ਨਹੀਂ ਤਾਂ ਕੋਈ ਨਾ ਕੋਈ ਇਹਨਾਂ ਵਰਗਾ ਤਾਂ ਜ਼ਰੂਰ ਹੀ ਮਿਲ ਜਾਵੇਗਾ, ਟਾਈਮ ਪਾਸ ਕਰਨ ਲਈ। ਵੈਸੇ



ਟਾਈਮ ਪਾਸ ਕਰਨਾ ਵੀ ਅੱਜ ਦੇ ਜ਼ਮਾਨੇ ਵਿੱਚ ਬੜਾ ਮੁਸ਼ਕਿਲ ਹੈ। ਲੋਕ ਕਹਿੰਦੇ ਨੇ ਕਿ ਬੰਦਾ ਕੰਮ 'ਚ ਰੁਝ ਜਾਣ ਕਰਕੇ ਇਕੱਲਾ ਹੋ ਗਿਆ ਹੈ। ਮੈਂ ਕਹਿੰਦਾ ਹਾਂ ਕਿ ਵਿਹਲ ਨੇ ਉਸਨੂੰ ਇਕੱਲਾ ਕਰ ਦਿੱਤਾ ਹੈ। ਹੁਣ ਇਹ ਸਾਹਬ ਬਹੁਤੀ ਦੇਰ ਵਿਹਲੇ ਹੀ ਰਹਿੰਦੇ ਹਨ, ਪਰ ਇੱਕਲਤਾ ਇਹਨਾਂ ਦੀ ਨੂੰ ਤੁਸੀਂ ਸਹਿਣ ਨਹੀਂ ਕਰ ਸਕਦੇ। ਇਹ ਫੋਨ ਕਰਨਗੇ ਤਾਂ ਏਨੇ ਇਕੱਲੇ ਮਹਿਸੂਸ ਹੋਣਗੇ ਕਿ ਤੁਸੀਂ ਏਡੀ ਦੂਰ ਬੈਠੇ ਵੀ ਪਰੇਸ਼ਾਨ ਹੋ ਸਕਦੇ ਹੋ। ਇਹਨਾਂ ਦੀ ਹਰ ਗੱਲ ਵਿਚੋਂ ਇਕੱਲਤਾ ਝਾਕੇਗੀ, ਬਹੁਤ ਹੀ ਤੀਖਣ ਅਹਿਸਾਸ ਵਿੱਚ। ਕਹਿਣਗੇ, ' ਭਾਜੀ ਮਾਇਆ ਨੂੰ ਨਾਥਾਂ ਨੇ ਆਪਣੀ ਬਾਣੀ ਵਿੱਚ ਉਹ ਰਾਖਸ਼ਣੀ ਕਿਹਾ ਹੈ, ਜਿਹੜੀ ਦੰਦਾ ਤੋਂ ਬਗੈਰ ਹੀ ਸੱਭ ਕੁਝ ਨੂੰ ਨਿਗਲ ਜਾਂਦੀ ਹੈ। ਔਰਤ ਉਹੀ ਮਾਇਆ ਹੈ। ਮੈਂ ਇਸਦੀਆਂ ਬਹੁਤ ਵਚਿਤਰ ਲੀਲ੍ਹਾਵਾਂ ਵੇਖੀਆਂ ਨੇ। ਤੁਸੀਂ ਨਹੀਂ ਇਹ ਗੱਲਾਂ ਅਜੇ ਸਮਝ ਸਕਦੇ। ਤੁਸੀਂ ਸਾਹਿਤਕਾਰ ਹੋ, ਠੀਕ ਹੈ, ਪਰ ਇਹ ਸਾਹਿਤਕਾਰੀ ਦੇ ਵੱਸ ਦੀਆਂ ਗੱਲਾਂ ਨਹੀਂ ਭਾਜੀ। ਇਹਨਾਂ ਨੂੰ ਲੱਭਣ ਲਈ ਉਮਰ ਗਵਾਉਣੀ ਪੈਂਦੀ ਹੈ। ਤੁਸੀਂ ਮਿਲਣ ਗਏ ਸੀ ਨਾ ਮੇਰੇ ਕਲਾਕਾਰ ਦੋਸਤ ਨੂੰ। ਉਹੀ ਜਿਹਦੀ ਕੁੜੀ ਵਿਆਹ ਨਹੀਂ ਕਰਵਾਉਂਦੀ। ਕੀ ਜੱਜ ਕੀਤਾ ਤੁਸੀਂ ? ਬੱਸ ਭਾਜੀ ਇਹੀ ਗੱਲ ਹੈ। ਅਸੀਂ ਤੁਸੀਂ ਹੋਰ ਬੰਦੇ ਹਾਂ, ਦੁਨੀਆ ਦੀ ਮਾਇਆ ਸਾਨੂੰ ਸਮਝ ਨਹੀਂ ਆ ਸਕਦੀ। ਇਹੀ ਮਾਇਆ ਫਿਰ ਹੁਸੈਨ ਵੱਲ ਦੌੜਦੀ ਹੈ ਜਾਂ ਨੁਸਰਤ ਫਤੇਹ ਅਲੀ ਖਾਂ ਵੱਲ ਦੌੜਦੀ ਹੈ।' ਫਿਰ ਤਲਖੀ ਆ ਜਾਵੇਗੀ। ਓਧਰ ਭਵਾਂ ਤਣ ਗਈਆਂ ਹੋਣਗੀਆਂ। ਖਾਖਾਂ ਲਾਲ ਸੁਰਖ ਤੇ ਬਾਂਟਿਆਂ ਵਰਗੇ ਡੇਲਿਆਂ ਨੇ ਤੇਜ਼ੀ ਨਾਲ ਏਧਰ ਓਧਰ ਘੁੰਮਣਾ ਸ਼ੁਰੂ ਕਰ ਦਿੱਤਾ ਹੋਵੇਗਾ। ਤੁਸੀਂ ਏਧਰ ਏਡੀ ਦੂਰ ਥਰ-ਥਰ ਕੰਬਣ ਲੱਗੇ ਹੋਵੋਗੇ।

ਲਓ ਔਹ ਸਾਹਮਣੇ ਹੈ ਕਲਾਕਾਰ ਡਾਕਟਰ ਦਾ ਕਲੀਨਿਕ। ਹਾਂ-ਹਾਂ ਖੋਲ੍ਹ ਲਵੋ ਦਰਵਾਜ਼ਾ। ਕੋਈ ਨਹੀਂ ਉਹਨਾਂ ਸ਼ੀਸ਼ੇ ਨੂੰ ਅੰਦਰੋਂ ਟੇਪ ਲਾ ਕੇ ਕਾਲਾ ਕੀਤਾ ਹੋਇਆ ਹੈ। ਬਾਹਰੋਂ ਅੰਦਰ ਕੁਝ ਨਹੀਂ ਦਿਸਦਾ, ਅੰਦਰੋਂ ਬਾਹਰ ਸੱਭ ਕੁਝ ਦਿਸਦਾ ਹੈ। ਹਾਂ ਇਹ ਬਿਲਕੁਲ ਨਿਊਡ ਬੁੱਤ ਹੈ। ਨਹੀਂ ਇਹ ਇਸ ਕਲਾਕਾਰ ਨੇ ਨਹੀਂ ਆਪਣੇ ਸਾਹਬ ਨੇ ਬਣਾਇਆ ਹੈ। ਅਜੇ ਅਧੂਰਾ ਹੈ। ਮੈਨੂੰ ਇਹੀ ਤਾਂ ਦਿਖਾਉਣ ਵਾਸਤੇ ਲਿਆਏ ਸਨ। ਹਾਂ ਆਪਣੇ ਘਰ 'ਚ ਨਹੀਂ ਬਣਾ ਸਕਦੇ। ਇਹਨਾਂ ਦੀ ਮਾਨਸਿਕ ਕੁੰਠਾ ਨੂੰ ਤਾਂ ਤੁਸੀਂ ਹੁਣ ਤੱਕ ਜਾਣ ਹੀ ਗਏ ਹੋਵੋਗੇ। ਹਾਂ, ਪਰ ਇਹਨਾਂ ਦੇ ਇਸ ਕਲਾਕਾਰ ਡਾ ਮਿੱਤਰ ਨੂੰ ਕਿਸੇ ਦਾ ਕੋਈ ਪਰਵਾਹ ਨਹੀਂ, ਜਿਸਦੀ ਜਵਾਨ ਧੀ ਹਰ ਵੇਲੇ ਇੱਥੇ ਹੀ ਘੁੰਮਦੀ ਰਹਿੰਦੀ ਹੈ। ਲੋਕ ਵੀ ਬਹੁਤ ਆਉਂਦੇ ਨੇ। ਚਲੋ ਆਪਾਂ ਕੀ ਲੈਣਾ, ਆਪਾਂ ਤਾਂ ਆਪਣਾ ਕੰਮ ਕਰਦੇ ਹਾਂ। ਲਗਦਾ ਏਥੇ ਤਾਂ ਕੋਈ ਹੈ ਹੀ ਨਹੀਂ। 'ਡਾਕਟਰ ਸਾਹਬ.. ਡਾਕਟਰ ਸਾਹਬ..ਕੋਈ ਅੰਦਰ ਹੈਗਾ ?' ਲਗਦਾ ਕੋਈ ਨੀ ਹੈਗਾ। ਤੁਸੀਂ ਥੋੜੀ ਦੇਰ ਰੁਕੋ, ਮੈਂ ਆਹ ਸਟੁਡਿਓ ਵਿੱਚ ਦੇਖ ਕੇ ਆਉਂਦਾ ਹਾਂ। 'ਇੱਥੇ ਕੋਈ ਨਹੀਂ ਹੈਗਾ। ਐਵੇਂ ਚੀਕੀ ਕਿਉਂ ਜਾਂਦੇ ਹੋ। ਹੈਨੀ ਡਾਕਟਰ ਇੱਥੇ।' ਨਹੀਂ -ਨਹੀਂ ਕੁਝ ਨਹੀਂ। ਹੈਨੀ ਸੀ ਕੋਈ ਓਧਰ। ਉਹ ਵਿਚਾਰੀ ਆਰਾਮ ਕਰ ਰਹੀ ਹੋਣੀ ਆ, ਮੈਂ ਐਵੇਂ ਟਾਹਰਾਂ ਮਾਰਦਾ ਓਧਰ ਚਲਾ ਗਿਆ। ਨਾਲੇ ਕਿਸੇ ਦੀ ਆਪਣੀ ਪ੍ਰਾਈਵੇਸੀ ਵੀ ਹੁੰਦੀ ਹੈ ਭਾਈ। ਚਲੋ ਆਪਾਂ ਚਲਦੇ ਹੀ ਹਾਂ। ਲਗਦਾ ਸਾਹਬ ਕਿਧਰੇ ਬਾਹਰ ਨਿਕਲ ਗਏ, ਤਿਆਰੀ ਵੀ ਤਾਂ ਸਪੈਸ਼ਲ ਕੀਤੀ ਸੀ ਉਹਨਾਂ। ਚਲੋ ਵਾਪਸ ਹੀ ਚਲਦੇ ਹਾਂ।

ਕਰ ਲਓ ਘੇ ਨੂੰ ਭਾਂਡਾ। ਅਸੀਂ ਇਹਨਾਂ ਨੂੰ ਜਿੱਧਰ-ਕਿੱਧਰ ਲੱਭੀ ਜਾਂਦੇ ਹਾਂ ਤੇ ਇਹ ਮਹਾਰਾਜ ਔਹ ਸਾਹਮਣੇ ਖੜੇ ਨੇ ਆਪਣੇ ਬਿਹਾਰੀ ਮਿੱਤਰ ਕੋਲ। ਗੱਪਾਂ ਵੱਜ ਰਹੀਆਂ ਨੇ। ਚਲੋ ਅੱਜ ਇਹਦੇ ਸਾਹਮਣੇ ਆਪਾਂ ਇਹਨਾਂ ਘੇਰਾਂਗੇ, ਇਹ ਜਿਹੜੇ ਹਰ ਕਿਸੇ ਨੂੰ ਟਿੱਚ ਜਾਣਦੇ ਨੇ। ਮੈਨੂੰ ਪਤਾ ਹੈ ਕਿ ਇਸ ਬਿਹਾਰੀ ਮਿੱਤਰ ਨੇ ਇਹਦੀ ਤਹਿ ਲਾ ਦੇਣੀ ਹੁੰਦੀ ਹੈ ਹਰ ਗੱਲ ਉੱਤੇ। ਇਹ ਜਿਹਨੂੰ ਦੂਜਿਆਂ ਕੋਲ ਅਨਪੜ੍ਹ ਦੱਸਦੇ ਨੇ, ਉਹ ਬਹੁਤ ਹੀ ਕਮਾਲ ਦਾ ਬੰਦਾ ਹੈ। ਚਲੋ, ਅੱਜ ਮਜ਼ਾ ਆਊ। ਮੈਂ ਤਾਂ ਸੱਭ ਤੋਂ ਪਹਿਲਾਂ ਹੁਸੈਨ ਦੀ ਪੇਂਟਿੰਗ ਬਾਰੇ ਗੱਲ ਛੇੜਾਂਗਾ। ਦੋਵੇਂ ਇੱਕ ਦੂਜੇ ਨਾਲ ਬਹਿਸਣਗੇ

ਤੇ ਸਾਹਬ ਦੀ ਮੁੰਡੀ ਮਰੋੜੀ ਜਾਵੇਗੀ। ਦੇਖਿਓ ਅੱਜ ਤਮਾਸ਼ਾ। 'ਵਾਹ-ਵਾਹ ਸਾਹਬ ਜੀ, ਅਸੀਂ ਤੁਹਾਨੂੰ ਪਤਾ ਨਹੀਂ ਕਿਥੇ-ਕਿਥੇ ਲੱਭਦੇ ਫਿਰਦੇ ਹਾਂ ਤੇ ਤੁਸੀਂ ਇੱਥੇ ਗੱਪਾਂ ਮਾਰੀ ਜਾ ਰਹੇ ਓ। ਅਸੀਂ ਸੋਚਿਆ ਸੀ ਕਿ ਅੱਜ ਦੀ ਛੁੱਟੀ ਤੁਹਾਡੇ ਗਿਆਨ ਦੀ ਗੋਸ਼ਟ ਵਿੱਚ ਬਿਤਾਈ ਜਾਵੇ। ਚਲੋ ਹੁਣ ਹੋਰ ਵੀ ਮਜ਼ਾ ਆਊ ਦੋ ਕਲਾਕਾਰ ਲੋਕਾਂ ਨੂੰ ਸੁਣਨ ਦਾ। ਅਨੀਕੇਤ ਮਿੱਤਰ ਦੀਆਂ ਗੱਲਾਂ ਵੀ ਸੁਣਾਗੇ।'

'ਓਏ ਦਫਾ ਕਰੋ ਪਰ੍ਹਾਂ ਇਹਨੂੰ। ਇਹਨੂੰ ਕੀ ਪਤਾ ਕਲਾ ਕੀ ਹੁੰਦੀ ਆ। ਇਹਨੂੰ ਤਾਂ ਚਾਹ ਵੀ ਚੰਗੀ ਤਰ੍ਹਾਂ ਨਹੀਂ ਬਨਾਉਣੀ ਆਉਂਦੀ। ਛੱਡੋ ਇਸਨੂੰ ਤੇ ਆਪਾਂ ਅੱਡੇ ਦੇ ਪਾਰ ਪਹਿਲਵਾਨ ਦੇ ਢਾਬੇ ਤੋਂ ਚਾਹ ਪੀਂਦੇ ਹਾਂ, ਉੱਥੇ ਹੀ ਗੱਪਸ਼ੱਪ ਹੋ ਜਾਊ।' ਇਹਨੇ ਸਾਰਾ ਕੁਝ ਤੁਰੇ ਜਾਂਦੇ ਨੇ ਹੀ ਕਿਹਾ ਹੈ, ਜਿਸਦਾ ਭਾਵ ਹੈ ਕਿ ਇੱਥੇ ਬਿਲਕੁਲ ਨਹੀਂ ਅਟਕਿਆ ਜਾ ਸਕਦਾ। ਚਲੋ ਬਈ ਹੁਣ ਆਪਾਂ ਕੀ ਕਰ ਸਕਦੇ ਹਾਂ। ਹੁਣ ਤਾਂ ਨਾਲ ਜਾਣ ਵਿੱਚ ਹੀ ਭਲਾਈ ਹੈ। ਥੋੜ੍ਹੀ ਦੇਰ ਗੱਲਾਂ ਹੋਣਗੀਆਂ, ਫਿਰ ਤਲਖੀ ਵਧੇਗੀ। ਖਾਖਾਂ ਲਾਲ ਸੁਰਖ। ਬਾਂਟਿਆਂ ਵਰਗੇ ਡੇਲੇ ਭੁੱਖੀ ਬਹਿੜੀ ਵਾਂਗ ਕੀਲੇ ਦੁਆਲੇ ਗੇੜੇ ਬੰਨ੍ਹਣਗੇ। ਇਕੱਲਤਾ ਆਪਣਾ ਵਾਰ ਕਰੇਗੀ ਤੇ ਸਾਨੂੰ ਮਾਰੇ ਡਰਦੇ ਵਾਪਸ ਜਾਣਾ ਪਵੇਗਾ। ਜਾ ਰਹੇ ਹਾਂ। ਪਿੱਛੋਂ ਬਿਹਾਰੀ ਅਨੀਕੇਤ ਦੇ ਫਿੱਕੇ ਜਿਹੇ ਬੋਲ ਆਏ ਨੇ, 'ਹਾਂ, ਜਬ ਦੋ ਚਾਰ ਲੋਗ ਹੋਂ ਤਬ ਤੋ ਜਹਾਂ ਚਾਏ ਬਿਲਕੁਲ ਭੀ ਅੱਛੀ ਨਹੀਂ ਬਨਤੀ।'

---

## ਖ਼ਤਰਾ/ਸਤਪਾਲ ਬਰਾੜ

ਮੰਦਰ ਵਿਚ
ਮਸਜਿਦ ਵਿਚ
ਚਰਚ ਵਿਚ
ਗੁਰਦੁਆਰੇ ਵਿਚ
ਹਰ ਰੋਜ਼ ਹੁੰਦਾ ਹੈ -
ਡਰੇ ਹੋਏ ਇਨਸਾਨਾਂ ਦਾ ਇਕੱਠ।
ਤਕਰੀਰਾਂ
ਦਲੀਲਾਂ
ਅਪੀਲਾਂ ਮਗਰੋਂ
ਰੱਬ ਤੋਂ
ਅੱਲਾ ਤੋਂ
ਗਾਡ ਤੋਂ ਵਾਹਿਗੁਰੂ ਤੋਂ -
ਮਦਦ ਲਈ ਕੀਤੀ ਜਾਂਦੀ ਹੈ ਫਰਿਆਦ
ਕਿ
ਬਦਲਾਅ ਦੀ ਇਸ ਹਨੇਰੀ ਵਿਚ
ਉਹ ਉਨ੍ਹਾਂ ਦੀ ਮਦਦ ਕਰੇ -
ਤਾਂ ਕਿ ਉਹ
ਹਿੰਦੂ ਨੂੰ ਪੱਕਾ ਹਿੰਦੂ
ਸਿੱਖ ਨੂੰ ਪੱਕਾ ਸਿੱਖ
ਇਸਾਈ ਨੂੰ ਪੱਕਾ ਇਸਾਈ
ਮੁਸਲਮਾਨ ਨੂੰ ਪੱਕਾ ਮੁਸਲਮਾਨ
ਬਣਾ ਸਕੇ...।
ਕਿਉਂਕਿ ਨਹੀਂ ਤਾਂ
ਮਨੁੱਖ ਸਿਰਫ਼
ਰਹਿ ਜਾਵੇਗਾ
ਪੂਰਨ ਮਨੁੱਖ ਹੀ ਬਣ ਕੇ।
ਅਤੇ
ਮੰਦਰ
ਮਸਜਿਦ
ਗੁਰਦੁਆਰਾ
ਚਰਚ
ਸੱਚਮੁੱਚ ਹੀ
ਖ਼ਤਰੇ ਵਿੱਚ ਪੈ ਜਾਣਗੇ।



## ਤਹਿਸੀਲਦਾਰ/ਗੋਵਰਧਨ ਗੱਬੀ

"ਸੋਢੀ, ਕੀ ਕਰਾਂ ਇਹਨਾਂ ਬੰਦਿਆਂ ਦਾ...? ਸਾਲਿਆਂ, ਸਵੇਰੇ ਸਤ ਵਜੇ ਦਾ ਡੇਰਾ ਜਮਾਇਆ ਈ ਹੁਣ ਵੇਖ ਲੈ, ਸ਼ਾਮ ਦੇ ਪੰਜ ਵਜਣ ਲੱਗੇ ਆ...ਜਾਣ ਦਾ ਨਾਂ ਨਈਂ ਲੈਂਦੇ ਪਏ...ਏਨਾ ਨਈਂ ਮੈਂ ਝੱਲ ਸਕਦਾ...ਚਲੋ ਹੋਇਆ ਬੰਦਾ ਆਏ, ਘੰਟਾ ਦੋ ਘੰਟੇ ਬੈਠੇ, ਇਨਜਾਏ ਕਰੇ ਤੇ ਆਪਣੇ ਰਾਹ ਪਏ...ਇਹ ਨਈਂ ਬਈ ਠੀਠਾਂ ਵਾਂਗ ਬੈਠੇ ਰਹੋ...ਮੈਂ ਵਾਰ ਵਾਰ ਕਹਿ ਰਿਹਾਂ ਬਈ ਪਰਾਹੁਣਿਆਂ ਨੂੰ ਕਿਸੇ ਦੇ ਘਰ ਇੱਜਤ ਨਾਲ ਆਣਾ ਚਾਹੀਦੈ ਤੇ ਇੱਜਤ ਨਾਲ ਹੀ ਚਲੇ ਜਾਣਾ ਚਾਹੀਦੈ...ਕਿਸੇ ਦੇ ਸਬਰ ਦਾ ਇਮਤਿਹਾਨ ਨਈਂ ਲੈਣਾ ਚਾਹੀਦਾ...ਜਦੋਂ ਕਹਿੰਨਾ, ਜਾਓ ਆਪਣੇ ਘਰਾਂ ਨੂੰ...ਭਰਜਾਈਆਂ ਪਰੇਸ਼ਾਨ ਹੋਣੀਆਂ ਨੇ...ਬੱਚੇ ਉਡੀਕਦੇ ਹੋਣਗੇ...ਤਾਂ ਇਹ ਸਾਲੇ ਜਾਣ ਦੀ ਬਜਾਏ ਅੱਗੋਂ ਦੰਦ ਕੱਢ ਦਿੰਦੇ ਈ...ਹਰ ਵਾਰ ਤਹਿਸੀਲਦਾਰ ਪੰਜ ਸੌ ਦਾ ਨੋਟ ਕੱਢ ਕੇ ਕਹਿ ਦਿੰਦੈ-ਸੇਵਾ ਸਿਹਾਂ, ਜਾ ਫੜੀਂ ਚਾਰ 'ਕਿੰਗ ਫਿਸ਼ਰਾਂ'...ਬੱਸ ਇਹ ਆਖਰੀ ਆ...ਫਰਾਈਡ ਪੀਨਟਸ ਦੇ ਦੋ ਪੈਕਟ ਵੀ ਲਈ ਆਵੀਂ...ਆਖਰੀ ਆਖਰੀ ਕਰਦੇ ਸਾਰਾ ਦਿਨ ਲੰਘਾ ਦਿੱਤੈ...ਹੁਣ ਸਾਲਾ ਫੇਰ ਚਾਰ ਬੀਅਰ ਦੀਆਂ ਬੋਤਲਾਂ ਲਿਆਉਣ ਦੀ ਜ਼ਿੱਦ ਕਰ ਰਿਹੈ...ਏਹਦੇ ਨਾਲ ਬੋਤਲਾਂ ਦੀ ਗਿਣਤੀ ਛੱਤੀ ਹੋ ਜਾਣੀ ਊ...ਤਿੰਨ ਬੰਦੇ ਛੱਤੀ ਬੀਅਰਾਂ...! ਸੋਢੀ, ਇਹ ਮਾਰਨਗੇ ਮੈਨੂੰ...ਹਰ ਕੰਮ ਦੀ ਕੋਈ ਹੱਦ ਹੁੰਦੀ ਆ...ਮੈਂ ਵਥੇਰਾ ਕਹਿਣ ਡਿਆਂ ਬਈ ਤੁਸੀਂ ਤਾਂ ਕੰਜਰੋ ਪਚਾਅ ਵੀ ਲਓਗੇ ਪਰ ਮੇਰਾ ਕੀ ਬਣੂ ? ਜਿਸ ਨੂੰ ਡਾਕਟਰਾਂ ਨੇ ਦਾਰੂ ਪੀਣ ਤਾਂ ਕੀ ਸਗੋਂ ਨੇੜਿਓਂ ਵੀ ਲੰਘਣ ਤੋਂ ਮਨ੍ਹਾ ਕੀਤਾ ਹੋਇਐ...ਉਹ ਕਹਿੰਦੇ ਆ -ਤੇਰੇ ਗੁਰਦਿਆਂ ਦੀ ਮਾਂ ਤਾਂ ਪਹਿਲਾਂ ਹੀ ਮਰੀ ਪਈਊ...ਹੋਰ ਨਸ਼ਾ ਕੀਤਾ ਤਾਂ ਤੇਰੀ ਰਾਮ ਨਾਮ ਸੱਤ ਹੋਈ ਕਿ ਹੋਈ ਸਮਝ ...ਸਾਲਿਓ, ਤੁਸੀਂ ਕਿਉਂ ਮੇਰੀ ਜਾਨ ਦੇ ਦੁਸ਼ਮਨ ਬਣਨ ਡਏ ਹੋ ਪਰ ਅੱਗੋਂ ਇਹ ਸਾਲਾ ਤਹਿਸੀਲਦਾਰ ਕਹਿੰਦੈ-ਯਾਰ, ਦਾਰੂ ਲਈ ਮਨ੍ਹਾ ਕੀਤਾ ਐ ਨਾ ਡਾਕਟਰਾਂ ਨੇ...ਅਸੀਂ ਤਾਂ ਬੀਅਰ ਪੀ ਰਹੇ ਹਾਂ...ਪਿਓਰ ਫਾਰਮ ਔਫ ਵਾਟ੍ਹਰ...ਇਕ ਦਮ ਸ਼ੁਧ ਜਲ...ਇਸ 'ਚ ਨਸ਼ਾ ਤਾਂ ਹੁੰਦਾ ਈ ਨਈਂ...'ਮ੍ਰੀਕਾ-ਕੈਨੇਡਾ ਵਿਚ ਗੋਰੇ ਲੋਕ ਹਰ ਸਮੇਂ ਬੀਅਰ ਪੀਂਦੇ ਆ...ਉਹ ਸਾਲੇ ਤਾਂ ਛੇਤੀ ਕਿਤੇ ਮਰਦੇ ਨਈਂ...ਸਗੋਂ ਜਿਉਂ ਜਿਉਂ ਬੁੜੇ ਹੁੰਦੇ ਜਾਂਦੇ ਆ ਤਿਉਂ ਤਿਉਂ ਟਮਾਟਰਾਂ ਵਾਂਗ ਲਾਲ ਹੋਈ ਜਾਂਦੇ ਆ...ਜੇ ਇਥੇ ਇੰਡੀਆ ਵਿਚ ਇਕ ਦਿਨ ਆਹ ਗਰੀਬੜਾ ਜਿਹਾ ਤਹਿਸੀਲਦਾਰ ਦੋ ਚਾਰ ਬੀਅਰਾਂ ਪੀ ਲੈਂਦਾ ਤਾਂ ਇਸ ਦੁਨੀਆਂ ਦੀ ਪਤਾ ਨਈਂ ਕਿਉਂ ਫੱਟਦੀ ਆ...ਸੋਢੀ, ਇਹ ਹਾਲ ਨੇ ਏਸ ਤਹਿਸੀਲਦਾਰ ਦੇ...ਸਾਲਾ ਨਸ਼ਾ ਕਰਕੇ ਦੁਨੀਆਂ ਨੂੰ ਗਾਲ੍ਹਾਂ ਦੇਣ ਲੱਗ ਪੈਂਦਾ ਈ...ਉਧਰ ਇਹ ਸਾਲਾ ਸੇਵਾ ਸਿੰਘ ਬੋਲਦਾ ਚਾਲਦਾ ਕੁਝ ਨਹੀਂ ਬੱਸ ਹੂੰ ਹਾਂ ਕਰਦਾ ਰਹਿੰਦਾ ਈ...ਨਾ ਕਿਸੇ ਦਾ ਕੁਛ ਵਿਗਾੜਦਾ ਈ ਤੇ ਨਾ ਹੀ ਸਵਾਰਦਾ ਈ...ਤੂੰ ਆਪ ਦੱਸ ਮੈਂ ਕੀ ਕਰਾਂ ਇਹਨਾਂ ਦਾ...ਤੂੰ ਹੀ ਸਮਝਾ, ਮੇਰੀ ਖਲਾਸੀ ਕਰਨ...ਇਥੋਂ ਦਫ਼ਾ ਹੋਣ...ਪਲੀਜ਼, ਆਪਣੇ ਆਪਣੇ ਘਰਾਂ ਨੂੰ ਜਾਣ...।" ਸੋਢੀ ਦੇ ਕਮਰੇ ਅੰਦਰ ਪੈਰ ਧਰਦਿਆਂ ਹੀ ਲਖਦੀਪ ਇੱਕੋ ਸਾਹੀ ਸਾਰਾ ਕੁਝ ਕਹਿ ਗਿਆ।

ਉਹ ਸਮਝ ਰਿਹਾ ਸੀ ਕਿ ਜਿਵੇਂ ਸੋਢੀ ਦੇ ਆਉਣ ਉਪਰ ਸਵੇਰ ਤੋਂ ਉਸਦੇ ਘਰ ਆਈ ਮੁਸੀਬਤ ਟੱਲ ਜਾਵੇਗੀ।

ਸੋਢੀ ਨੇ ਸਾਰੇ ਕਮਰੇ ਵਿਚ ਨਿਗਾਹ ਘੁੰਮਾਈ, ਮੁਸਕਰਾਇਆ,ਇਸ਼ਾਰਿਆਂ ਵਿਚ ਹੀ ਸਾਰਿਆਂ ਦਾ ਹਾਲ ਚਾਲ ਪੁੱਛਿਆ। ਉਸਨੂੰ ਪਤਾ ਸੀ ਕਿ ਉਸਦੇ ਕਹਿਣ ਜਾਂ ਸਮਝਾਣ ਨਾਲ ਤਹਿਸੀਲਦਾਰ ਉਪਰ ਕੋਈ ਅਸਰ ਨਹੀਂ ਹੋਣਾ। ਜਦੋਂ ਉਸਦਾ ਮਨ ਕਰੇਗਾ ਉਹ ਆਪੇ ਚਲਾ

ਜਾਵੇਗਾ। ਇਹ ਗੱਲ ਲਖਦੀਪ ਵੀ ਚੰਗੀ ਤਰ੍ਹਾਂ ਜਾਣਦਾ ਸੀ। ਇਹ ਕੋਈ ਪਹਿਲੀ ਵਾਰ ਥੋੜ੍ਹੀ ਸੀ ਕਿ ਲਖਦੀਪ ਤਹਿਸੀਲਦਾਰ ਦੀ ਇਸ ਤਰ੍ਹਾਂ ਦੀ ਸ਼ਿਕਾਇਤ ਲਗਾ ਰਿਹਾ ਸੀ।

ਸਿਰ ਦੇ ਵਾਲ ਖਿਲਾਰੀ, ਉਲਝੀ ਹੋਈ ਦਾੜ੍ਹੀ ਤੇ ਅਧਮੋਇਆਂ ਵਾਂਗ ਬੈੱਡ 'ਤੇ ਪਿਆ ਤਹਿਸੀਲਦਾਰ, ਲਖਦੀਪ ਦੀਆਂ ਸ਼ਿਕਾਇਤਾਂ ਸੁਣ ਕੇ ਹਲਕਾ ਹਲਕਾ ਮੁਸਕਰਾ ਰਿਹਾ ਸੀ।

ਸੇਵਾ ਸਿੰਘ ਵੀ ਕੁਰਸੀ ਵਿਚ ਧਸਿਆ ਪਿਆ ਸੀ। ਨਸ਼ੇ ਨਾਲ ਉਸਦੇ ਡੇਲੇ ਵੀ ਬਾਹਰ ਨੂੰ ਨਿਕਲੇ ਪਏ ਸਨ।

ਸਾਰੇ ਕਮਰੇ ਵਿਚ ਦਾਰੂ ਦੀ ਹਬਾੜ ਤੇ ਸਿਗਰਟਾਂ ਦੇ ਧੂੰਏਂ ਨੇ ਅਜੀਬ ਜਿਹਾ ਮਾਹੌਲ ਸਿਰਜਿਆ ਹੋਇਆ ਸੀ। ਥਾਂ ਥਾਂ 'ਤੇ ਪਲਾਸਟਿਕ ਦੇ ਪਾਟੇ ਹੋਏ ਰੰਗ ਬਿਰੰਗੇ ਨਿੱਕੇ ਵੱਡੇ ਲਿਫਾਫੇ ਪਏ ਸਨ। ਜਿਹਨਾਂ ਵਿਚ ਮੂੰਗਫਲੀ ਤੇ ਚਿਪਸ ਦੇ ਨਾਲ ਉਹ ਵੀ ਲਿਫਾਫੇ ਵੀ ਸਨ ਜਿਨ੍ਹਾਂ ਵਿਚੋਂ ਨਿਰੋਧ ਕੱਢ ਕੇ ਵਰਤੇ ਲਏ ਗਏ ਸਨ। ਕੁਝ ਅਣਵਰਤੇ ਨਿਰੋਧ ਵੀ ਇਧਰ ਉਧਰ ਪਏ ਸਨ। ਫਰਸ਼ ਉਪਰ ਪੀਤੀਆਂ ਹੋਈਆਂ ਸਿਗਰਟਾਂ ਦੇ ਬਿੰਡੂ। ਖੁੱਲ੍ਹੀ ਪਈ ਮਾਚਿਸ। ਬਿਖਰੀਆਂ ਹੋਈਆਂ ਤੀਲੀਆਂ। ਐਸ਼ ਟਰੇਅ। ਮੀਟ ਤੇ ਮੱਛੀ ਦੀ ਤਰੀ ਨਾਲ ਲਿਬੜੇ ਤੇ ਮਚਕੋੜੇ ਹੋਏ ਅਖ਼ਬਾਰ ਦੇ ਟੁਕੜੇ। ਮੱਛੀ ਦੇ ਕੰਡੇ। ਮੁਰਗੇ ਤੇ ਬੱਕਰੇ ਦੀਆਂ ਬਚੀਆਂ ਖੁਚੀਆਂ ਹੱਡੀਆਂ। ਮੂੰਗਫਲੀ ਦੇ ਛਿਲਕੇ। ਬੀਅਰ ਦੀਆਂ ਖਾਲੀ ਬੋਤਲਾਂ। ਸਾਹਮਣੇ ਟੀਵੀ ਦੀ ਸਕਰੀਨ ਉਪਰ ਇਕ ਬਲਿਊ ਫਿਲਮ ਦਾ ਰੁਕਿਆ ਹੋਇਆ ਦ੍ਰਿਸ਼। ਜਿਸ ਵਿਚ ਨੰਗਮਨੂੰਗੇ ਹੋਏ ਇਕ ਗੋਰਾ ਆਦਮੀ ਤੇ ਔਰਤ ਇੰਜ ਹਿਲ ਰਹੇ ਸਨ ਜਿਵੇਂ ਨਸ਼ੇ ਨਾਲ ਗੜੁੱਚ ਨੱਚ ਰਹੇ ਹੋਣ। ਇਹ ਸਾਰਾ ਕੁਝ ਦੇਖ ਕੇ ਸੋਢੀ ਨੇ ਅੰਦਾਜਾ ਲਗਾ ਲਿਆ ਕਿ ਸਾਰਾ ਦਿਨ ਇਸ ਕਮਰੇ ਵਿਚ ਕੀ ਕੀ ਵਾਪਰਿਆ ਹੋਵੇਗਾ।

"ਆਹ ਵੇਖ ਸੋਢੀ, ਇਹ ਕੋਈ ਭਲੇ ਮਨੁੱਖਾਂ ਦਾ ਤਰੀਕਾ ਐ ਘਰ ਆਏ ਮਹਿਮਾਨਾਂ ਦੀ ਖ਼ਾਤਰਦਾਰੀ ਕਰਨ ਦਾ...ਬਈ, ਤੂੰ ਸਾਡਾ ਵੱਡਾ ਭਾਅ ਐਂ...ਅਸੀਂ ਤੇਰੇ ਮਹਿਮਾਨ ਆਂ...ਤੇ ਮਹਿਮਾਨ ਰੱਬ ਦਾ ਰੂਪ ਹੁੰਦੇ ਆ...ਰੱਬਾਂ ਦੀ ਪੂਜਾ ਕਰ...ਸੇਵਾ ਕਰ...ਸਾਨੂੰ ਤਲੀਆਂ 'ਤੇ ਬਿਠਾ...ਪਰ ਸੋਢੀ ਏਨ੍ਹੇ ਸਾਡੀ ਸੇਵਾ ਤਾਂ ਕੀ ਕਰਨੀ ਆ ਸਗੋਂ ਸਾਡੇ ਕੋਲੋਂ ਆਪਣੀ ਸੇਵਾ ਵੀ ਢੰਗ ਨਾਲ ਨਈਂ ਕਰਵਾਉਂਦਾ...ਏਹਦੇ ਨਾਲੋਂ ਤਾਂ ਲੰਡਨ ਵਾਲੇ ਅੰਗਰੇਜ਼ ਚੰਗੇ ਸਨ...ਉਹ ਤਾਂ ਏਨੀ ਸੇਵਾ ਕਰਦੇ ਆ, ਬਈ ਬੰਦੇ ਦਾ ਰੱਜ ਕਰਾ ਦਿੰਦੇ ਆ... ਸੋਢੀ ਵੀਰ, ਹੋਇਆ ਇੰਝ ਕਿ ਪਿਛਲੇ ਸਾਲ ਲੰਡਨ 'ਚ ਰਹਿੰਦੇ ਮੇਰੇ ਵੱਡੇ ਸਾਲੇ ਦੇ ਮੁੰਡੇ ਦਾ ਵਿਆਹ ਸੀ...ਉਹ ਕਹਿੰਦਾ ਜੀਜਾ ਜੀ ਤੁਸੀਂ ਜ਼ਰੂਰ ਆਉਣੈ, ਅਸੀਂ ਤੁਹਾਡੀ ਤੇ ਭੈਣਜੀ ਹੁਰਾਂ ਦੀ ਟਿਕਟ ਤੇ ਰਾਹਦਾਰੀ ਭੇਜ ਰਹੇ ਹਾਂ...ਪਹਿਲਾਂ ਤਾਂ ਮੇਰਾ ਮਨ ਨਾ ਮੰਨੇ ਪਰ ਉਹਨਾਂ ਦੇ ਬਹੁਤਾ ਜ਼ੋਰ ਭਰਨ 'ਤੇ ਅਸੀਂ ਲੰਡਨ ਪਹੁੰਚ ਗਏ...ਪੂਰਾ ਮਹੀਨਾ ਰਿਹਾ ਮੈਂ ਲੰਡਨ...ਚਿੱਟੀਆਂ ਚਿੱਟੀਆਂ ਗੋਰੀਆਂ ਵੇਖ ਕੇ ਮੇਰੇ ਮੂੰਹ 'ਚ ਤਾਂ ਪਾਣੀ ਭਰ ਜਾਂਦਾ...ਪਰ ਮੇਰਾ ਵੱਸ ਕੋਈ ਨਾ ਚਲਦਾ...ਇਕ ਦਿਨ ਮੈਂ ਸਾਲੇ ਨੂੰ ਇਹ ਕਹਿ ਕਿ ਅੱਜ ਮੈਂ 'ਕੱਲਾ ਹੀ ਘੁੰਮੂੰ ਲੰਡਨ ਦੀਆਂ ਗੱਲੀਆਂ 'ਚ...ਮੈਂ ਚਲਾ ਗਿਆ ਗੋਰੀਆਂ ਗਸ਼ਤੀਆਂ ਦੇ ਅੱਡੇ ਉਪਰ...ਅੱਡੇ ਦੀ ਮਾਲਕਨ ਨੇ ਪਹਿਲਾਂ ਤਾਂ ਮੈਨੂੰ ਵੇਖ ਕੇ ਨੱਕ ਮੂੰਹ ਮਾਰਿਆ...ਜਦੋਂ ਮੈਂ ਪੌਂਡਾਂ ਦਾ ਥੱਬਾ ਵਿਖਾਇਆ ਤਾਂ ਝੱਟ ਹੀ ਕਹਿੰਦੀ- ਵਿਚ੍ਹ ਟਾਇਪ ਤੇ ਔਫ ਵਿਚ੍ਹ ਗਰਲ ਏਜ ਯੂ ਵਾਂਟ੍ਹ..? ਮੈਂ ਕਿਹਾ-ਸਾਰੀਆਂ ਵਿਖਾ...ਲੱਖੇ ਭਾਅ, ਲੱਗੀਆਂ ਸਾਰੀਆਂ ਗੋਰੀਆਂ ਮੇਰੇ ਅੱਗੇ ਕੈਟ ਵਾਕ੍ਹ ਕਰਨ...ਅਖੀਰ, ਮੈਂ ਸਭ ਤੋਂ ਵੱਧ ਉਮਰ ਦੀ ਗੋਰੀ ਵੱਲ਼ ਇਸ਼ਾਰਾ ਕੀਤਾ...ਮੇਰੀ ਪਸੰਦ ਵੇਖ ਕੇ ਅੱਡੇ ਦੀ ਮਾਲਕਣ ਹੈਰਾਨ...ਕਹਿੰਦੀ-ਕੀ ਗੱਲ ਪੈਸੇ ਘੱਟ ਐ ਤੇਰੇ ਕੋਲ...ਮੈਂ ਕਿਹਾ -ਪੈਸੇ ਤਾਂ ਮੈਂ ਬਾਕੀਆਂ ਨਾਲੋਂ ਵੱਧ ਦਊਂਗਾ ਪਰ ਚਾਹੀਦੀ ਮੈਨੂੰ ਇਹੋ ਹੀ ਹੈ...ਉਹ ਕਹਿੰਦੀ-ਤੂੰ ਕੋਈ ਘੱਟ ਉਮਰ ਦੀ ਕੁੜੀ ਕਿਉਂ ਨਈਂ ਪਸੰਦ ਕੀਤੀ...ਮੈਂ ਕਿਹਾ-ਮੈਡਮ, ਤੁਸੀਂ ਸਾਡੇ ਉਪਰ ਦੋ ਸੌ ਸਾਲ



ਰਾਜ ਕੀਤਾ ਐ ਨਾ ?...ਸਾਨੂੰ ਗ਼ੁਲਾਮ ਬਣਾ ਕੇ ਰੱਖਿਐ ਸੀ ਨਾ...? ਉਹ ਅੱਗੋਂ ਕੁਛ ਨਈਂ ਬੋਲੀ...ਮੈਂ ਕਿਹਾ- ਹੋ ਗਈ ਨਾ ਬੋਲਤੀ ਬੰਦ ਮੈਡਮ...ਸੱਤ ਸਮੁੰਦਰ ਪਾਰ ਕਰਕੇ ਮੈਂ ਤੁਹਾਡੀ ਮਾਂ .........ਆਇਆਂ...ਆਈ ਸਮਝ...ਉਹ ਗੋਰੀ ਅੱਗੋਂ ਦੰਦ ਕੱਢਕੇ ਹੱਸਦੀ ਰਹੀ...ਕਹਿੰਦੀ- ਜਿਵੇਂ ਤੇਰੀ ਮਰਜ਼ੀ...ਤੇ ਸੋਢੀ ਵੀਰ, ਇਧਰ ਇਕ ਸਾਡਾ ਏਹ ਲੱਖਾ ਭਾਅ ਐ...ਸਾਡੀ ਕਦਰ ਨਹੀਂ ਕਰਦਾ... ਸਵੇਰੇ ਚਾਰ ਬੀਅਰ ਦੀਆਂ ਬੋਤਲਾਂ ਲੈ ਕੇ ਇਸਦੇ ਕੁੱਲੇ ਵੜਿਆ ਸੀ...ਦੋ ਕਿਲੋ ਚਿਕਨ...ਢਾਈ ਕਿੱਲੋ ਸੰਗਾੜਾ ਵੱਖਰੀ...ਮੈਂ ਕਿਹਾ ਕਿ ਅੱਜ ਦਾ ਦਿਨ ਆਪਣੇ ਲੱਖੇ ਭਾਅ ਕੋਲ ਬਿਤਾਉਨਿਆਂ ਪਰ ਜਨਾਬ ਦੇ ਨੱਕ 'ਤੇ ਮੱਖੀ ਨਈਂ ਬੈਠਦੀ...ਗੱਲ ਗੱਲ 'ਤੇ ਸਾਡੀ ਬੇਇੱਜਤੀ ਕਰਦੈ...ਸਾਨੂੰ ਘਰੋਂ ਜਾਣ ਲਈ ਵਾਰ ਵਾਰ ਕਹਿੰਦੈ...ਸੋਢੀ, ਏਹਦਾ ਤਾਂ ਉਹ ਹਾਲ ਕਿ ਕੋਈ ਫਿਰੇ ਨੱਥ ਪੁਆਣ ਤੇ ਕੋਈ ਸਾਲਾ ਨੱਕ ਵਢਾਉਣ ਨੂੰ...ਸਮਝਾ ਏਸ ਨੂੰ ਕੁਛ...ਏਦਾਂ ਦੇ ਰੱਜੇ ਪੁੱਜੇ ਪਰਾਹੁਣੇ ਕਿਸੇ ਦੇ ਘਰ ਘੱਟ ਵੱਧ ਹੀ ਆਉਂਦੇ ਨੇ...ਜਿਹੜੇ ਆਪਣੇ ਖਾਣ ਪੀਣ ਦਾ ਸਮਾਨ ਆਪ ਲੈ ਕੇ ਆਉਣ...ਆਪਣੇ ਨਾਲ ਨਾਲ ਘਰਾਤੀਆਂ ਨੂੰ ਵੀ ਗੱਫੇ ਲਗਾਉਂਦੇ ਆ...।" ਤਹਿਸੀਲਦਾਰ ਨੇ ਹੱਸਦਿਆਂ ਹੋਇਆਂ ਲਖਦੀਪ ਦੀ ਸ਼ਿਕਾਇਤ ਨੂੰ ਨਜ਼ਾਇਜ ਠਹਿਰਾਣ ਦੀ ਕੋਸ਼ਿਸ਼ ਕੀਤੀ। ਉਹ ਲਖਦੀਪ ਨੂੰ ਪਿਆਰ ਨਾਲ ਲੱਖਾ ਭਾਅ ਹੀ ਕਹਿੰਦਾ।

ਪਾਸਾ ਪਰਤੀ ਲੇਟੇ ਲਖਦੀਪ ਨਾਲ, ਸੋਢੀ ਵੀ ਬੂਟ ਉਤਾਰ ਕੇ ਉਸੇ ਬੈੱਡ 'ਤੇ ਲੇਟ ਗਿਆ।

"ਸੇਵੇ, ਪਲੀਜ਼ ਯਾਰ, ਲੈ ਜਾ ਏਸਨੂੰ...ਬਹੁਤ ਹੋ ਗਿਐ...ਅਗਲੀ ਵਾਰ ਵੀ ਆਉਣ ਦੀ ਗੁੰਜ਼ਾਇਸ਼ ਰਹਿਣ ਦਿਉ...ਯਾਰ, ਮੇਰਾ ਵੀ ਆਂਢ ਗੁਆਂਢ ਐ...ਮੁਹੱਲੇਦਾਰੀ ਐ...ਅੱਗੇ ਈ ਜਦੋਂ ਕਦੇ ਸੁਰਿੰਦਰ ਆਉਂਦੀ ਏ ਤਾਂ ਆ ਸਾਲੀ ਸਾਹਮਣੇਂ ਵਾਲੀ ਪੰਡਤਾਇਣ ਉਸ ਨਾਲ ਸ਼ਿਕਾਇਤ ਕਰਦੀ ਰਹਿੰਦੀ ਆ -ਭੈਣਜੀ, ਤੁਹਾਡੇ ਘਰੋਂ ਜਾਣ ਦੀ ਦੇਰ ਹੁੰਦੀ ਏ...ਪਿੱਛੋਂ ਤੁਹਾਡੇ ਘਰ 'ਚ ਭਾਂਤ ਭਾਂਤ ਦੇ ਲੋਕ ਆਉਂਦੇ ਨੇ...ਦਾਰੂਆਂ ਦੇ ਦਰਿਆ ਵਗਦੇ ਨੇ...ਮੀਟ ਮੱਛੀਆਂ ਨੂੰ ਤੜਕੇ ਲਗਦੇ ਨੇ...ਮਸਾਲੇ ਵੀ ਏਨੇ ਭੁਜਦੇ ਨੇ ਕਿ ਪੰਡਤ ਜੀ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਏ...ਉਪਰੋਂ ਉਹ ਹੈਗੇ ਵੀ ਦਮੇ ਦੇ ਮਰੀਜ਼...ਉਧਰ ਲਖਦੀਪ ਭਾਜੀ ਕੈਸਟ ਪਲੇਅਰ ਦੀ ਆਵਾਜ਼ ਉੱਚੀ ਕਰ ਦਿੰਦੇ ਨੇ...ਫਿਰ ਨਚਦੇ ਨੇ...ਰੌਲਾ ਪਾਉਂਦੇ ਨੇ...ਭੈਣ ਜੀ! ਹੋਰ ਵੀ ਬਹੁਤ ਕੁਛ ਹੁੰਦਾ ਏ...ਅਸੀਂ ਬਾਲ ਬੱਚਿਆਂ ਵਾਲੇ ਆਂ ਕਲ੍ਹ ਨੂੰ ਕਿਤੇ ਕੋਈ ਉੱਨੀ ਇੱਕੀ ਨਾ ਹੋ ਜਾਵੇ...ਭੈਣਜੀ, ਭਾਜੀ ਉਪਰ ਕੁਝ ਨਜ਼ਰ ਰੱਖਿਆ ਕਰੋ...ਜਲਦੀ ਜਲਦੀ ਚੱਕਰ ਮਾਰ ਜਾਇਆ ਕਰੋ...ਤੇ ਇਧਰ, ਆ ਮੇਰੇ ਯਾਰ ਮੇਰੀ ਮਿੱਟੀ ਪਲੀਦ ਕਰਨ 'ਤੇ ਉਮਦਾ ਨੇ...।" ਲਖਦੀਪ ਉਹਨਾਂ ਦੋਨਾਂ ਵੱਲ ਦੇਖਦਾ ਹੋਇਆ ਕੁਝ ਤਲਖੀ ਵਿਚ ਬੋਲਿਆ।

ਸੇਵਾ ਸਿੰਘ ਕੁਰਸੀ 'ਤੇ ਬੈਠਾ ਊਂਗ ਰਿਹਾ ਸੀ। ਉਸਨੇ ਇਸ਼ਾਰੇ ਨਾਲ ਤਹਿਸੀਲਦਾਰ ਨੂੰ ਤੁਰਣ ਲਈ ਕਿਹਾ ਪਰ ਤਹਿਸੀਲਦਾਰ ਨੇ ਫੇਰ ਮੁੰਡੀ ਨਾ ਵਿਚ ਹਿਲਾਅ ਦਿੱਤੀ।

"ਚਲੋ ਇੰਜ ਕਰੋ...ਇਹ ਚਾਰ ਬੀਅਰਾਂ ਹੁਣ ਆਖਰੀ ਹੋਣਗੀਆਂ...ਇਸ ਤੋਂ ਬਾਅਦ ਫੇਰ ਨਿਕਲਦਿਆਂ ਆਪੋ ਆਪਣੇ ਘਰਾਂ ਨੂੰ...ਯਾਰ, ਮੈਂ ਵੀ ਲਗਾਲਾਂਗਾ ਇਕ ਬੀਅਰ...ਕਿਉਂ ਤਹਿਸੀਲਦਾਰਾ ਠੀਕ ਹੈ ਨ?" ਤਹਿਸੀਲਦਾਰ ਨੂੰ ਅੱਖ ਮਾਰਦਿਆਂ ਸੋਢੀ ਨੇ ਕਿਹਾ।

"ਡਨ," ਤਹਿਸੀਲਦਾਰ ਤੁਰੰਤ ਬੋਲਿਆ।

ਅਸਲ ਵਿਚ ਸੋਢੀ ਏਸ ਮਹਿਫਿਲ ਵਿਚ ਹੁਣੇ ਹੀ ਸ਼ਾਮਲ ਹੋਇਆ ਸੀ। ਉਹ ਚਾਹੁੰਦਾ ਸੀ ਕਿ ਅੰਤਮ ਪੜਾਅ ਵੱਲ ਜਾ ਰਹੀ ਮਹਿਫਿਲ ਦਾ ਫਾਇਦਾ ਉਠਾ ਲਿਆ ਜਾਵੇ। ਉਹ ਸ਼ਹਿਰ ਦੀ ਇਕ ਮਸ਼ਹੂਰ ਅਖ਼ਬਾਰ ਦਾ ਸੀਨੀਅਰ ਪੱਤਰਕਾਰ ਹੈ। ਕਦੇ ਕਦੇ ਇਹਨਾਂ ਦੀ ਮਹਿਫਲ ਵਿਚ

ਹਾਜ਼ਰੀ ਲਗਵਾ ਜਾਂਦਾ ਹੈ।ਮਹਿਕਮੇ ਵਿਚੋਂ ਕਈ ਤਰ੍ਹਾਂ ਦੀਆਂ ਖ਼ਬਰਾਂ ਕਢਾਉਣ ਵਾਸਤੇ ਉਸਦੀ ਇਹਨਾਂ ਨਾਲ ਪਿਛਲੇ ਕਾਫੀ ਸਾਲਾਂ ਤੋਂ ਦੋਸਤੀ ਚਲਦੀ ਆ ਰਹੀ ਹੈ।

ਲਖਦੀਪ, ਸੇਵਾ ਸਿੰਘ ਤੇ 'ਤਹਿਸੀਲਦਾਰ' ਕਿਸੇ ਵੇਲੇ ਆਪਣੇ ਇਲਾਕੇ ਦੇ ਤਹਿਸੀਲਦਾਰ ਦੇ ਦਫਤਰ ਵਿਚ ਇੱਕਠੇ ਨੌਕਰੀ ਕਰਦੇ ਸਨ।ਲਖਦੀਪ ਦੋਨਾਂ ਕੋਲੋਂ ਉਮਰ ਵਿਚ ਦਸ ਬਾਰਾਂ ਸਾਲ ਵੱਡਾ ਹੈ।ਉਹ ਦੋ ਕੁ ਸਾਲ ਪਹਿਲਾਂ ਸੇਵਾਮੁਕਤ ਹੋ ਗਿਆ ਸੀ ਪਰ ਸੇਵਾ ਸਿੰਘ ਤੇ ਤਹਿਸੀਲਦਾਰ ਅਜੇ ਨੌਕਰੀ ਕਰਦੇ ਹਨ। ਹਾਲਾਂਕਿ ਲਖਦੀਪ ਅਹੁਦੇ ਵਿਚ ਵੱਡਾ ਸੀ ਪਰ ਤਿੰਨਾਂ ਦੀ ਆਪਸ ਵਿਚ ਪਹਿਲਾਂ ਵੀ ਬਹੁਤ ਬਣਦੀ ਸੀ ਤੇ ਲੱਖਦੀਪ ਦੇ ਸੇਵਾਮੁਕਤ ਹੋਣ ਤੋਂ ਵੀ ਬਾਅਦ ਵੀ।

ਲਖਦੀਪ ਚਾਰ ਕਮਰਿਆਂ ਦੇ ਫਲੈਟ ਵਿਚ ਰਹਿੰਦਾ ਹੈ। ਵੱਡੀ ਕੁੜੀ ਵਿਆਹ ਤੋਂ ਬਾਅਦ ਅਮਰੀਕਾ 'ਚ ਵੱਸ ਗਈ ਹੈ। ਛੋਟਾ ਮੁੰਡਾ ਪੜ੍ਹਾਈ ਕਰਨ ਆਸਟਰੇਲੀਆ ਗਿਆ ਹੋਇਆ ਹੈ। ਵੱਡਾ ਮੁੰਡਾ ਸ਼ਹਿਰ ਤੋਂ ਦੋ ਢਾਈ ਸੌ ਮੀਲ ਦੂਰ ਪੈਂਦੇ ਇਕ ਪਿੰਡ ਦੀ ਸਰਕਾਰੀ ਡਿਸਪੈਂਸਰੀ ਵਿਚ ਡਾਕਟਰ ਲੱਗਿਆ ਹੋਇਆ ਹੈ।ਨੂਹ ਵੀ ਉੱਸੇ ਪਿੰਡ ਦੇ ਸਰਕਾਰੀ ਸਕੂਲ ਵਿਚ ਅਧਿਆਪਕ ਲੱਗੀ ਹੋਈ ਹੈ। ਲਖਦੀਪ ਦਾ ਆਪਣੇ ਪੁੱਤਰ ਤੇ ਨੂਹ ਕੋਲ ਜ਼ਿਆਦਾ ਮਨ ਨਹੀਂ ਲਗਦਾ।ਉਹ ਕਦੇ ਕਦੇ ਉਹਨਾਂ ਕੋਲ ਚਲਾ ਜਾਂਦਾ ਪਰ ਕੁਝ ਦਿਨ ਬਿਤਾ ਕੇ ਪਰਤ ਆਉਂਦਾ। ਡੇਢ ਦੋ ਸਾਲਾਂ ਦੇ ਪੋਤਰੇ ਦੀ ਦੇਖ ਭਾਲ ਲਈ ਲਖਦੀਪ ਦੀ ਪਤਨੀ ਦੀ ਇਕ ਲੱਤ ਇਸ ਸ਼ਹਿਰ ਰਹਿੰਦੀ ਹੈ ਤੇ ਦੂਸਰੀ ਆਪਣੇ ਪੁੱਤਰ ਤੇ ਨੂਹ ਕੋਲ।ਇਸੇ ਕਰਕੇ ਤਹਿਸੀਲਦਾਰ ਹੁਰਾਂ ਨੂੰ ਲਖਦੀਪ ਦੇ ਘਰ ਮਹਿਫਲ ਜਮਾਉਣ ਵਿਚ ਕੋਈ ਬਹੁਤੀ ਮੁਸ਼ਕਿਲ ਨਹੀਂ ਆਉਂਦੀ। ਜਦੋਂ ਵੀ ਮਾਹੌਲ ਬਣਦਾ ਉਹ ਪੁੱਛ ਲੈਂਦੇ, "ਲੱਖੇ ਭਾਅ ਜੇ ਦੇਸ਼ ਆਜ਼ਾਦ ਐ ਅੱਜ ਤਾਂ ਆ ਜਾਈਏ...ਕੁਛ ਘੜੀਆਂ ਜਸ਼ਨ ਮਨਾਉਣੇ ਸਨ...।" ਅੱਗੋਂ ਲਖਦੀਪ ਵੀ ਮਨ੍ਹਾ ਨਹੀਂ ਕਰਦਾ।

ਵੈਸੇ ਤਾਂ ਤਹਿਸੀਲਦਾਰ ਦੀ ਉਪਰਲੀ ਕਮਾਈ ਰੋਜ਼ ਹੀ ਹੁੰਦੀ ਪਰ ਜਿਸ ਦਿਨ ਕਮਾਈ ਨਾਲ ਉਸ ਦਾ ਖੀਸਾ ਚੰਗੀ ਤਰ੍ਹਾਂ ਭਰ ਜਾਂਦਾ ਤਾਂ ਉਸ ਦਿਨ ਸ਼ਾਮ ਨੂੰ ਦੋਸਤਾਂ ਮਿੱਤਰਾਂ ਉਪਰ ਸਾਰੇ ਪੈਸੇ ਖਰਚ ਕਰ ਦਿੰਦਾ।ਜਿਹੜੇ ਬਚ ਜਾਂਦੇ, ਉਹ ਰਾਹ ਜਾਂਦੇ ਗਰੀਬੜਿਆਂ ਵਿਚ ਵੰਡ ਦਿੰਦਾ।

"ਆਹ ਦੋ ਨੰਬਰ ਦੀ ਕਮਾਈ ਘਰ ਨਹੀਂ ਲੈ ਕੇ ਜਾਣੀ ਚਾਹੀਦੀ...ਇਹ ਤੁਹਾਡੀ ਔਲਾਦ ਨੂੰ ਖਾ ਜਾਂਦੀ ਉ...ਮੈਂ ਤਾਂ ਘਰ ਉਹੀ ਲੈ ਕੇ ਜਾਦਾਂ ਜਿਹੜੀ ਹੱਕ ਹਲਾਲ ਦੀ ਹੁੰਦੀ ਆ...।" ਤਹਿਸੀਲਦਾਰ ਕੁਝ ਇਸੇ ਤਰ੍ਹਾਂ ਦਾ ਜਵਾਬ ਦਿੰਦਾ ਜਦੋਂ ਵੀ ਦੋਸਤ ਉਸਨੂੰ ਸਮਝਾਉਂਦੇ ਕਿ ਉਹ ਸਾਰੇ ਪੈਸੇ ਯਾਰਾਂ ਦੋਸਤਾਂ ਉਪਰ ਕਿਉਂ ਰੋੜ੍ਹਦਾ ਹੈ।

"ਯਾਰ, ਜੇ ਤੇਰੀ ਆਹ ਸੋਚ ਐ ਤਾਂ ਫਿਰ ਪੈਸੇ ਕਿਉਂ ਖਾਂਦੈਂ...?" ਕਈ ਵਾਰ ਸੇਵਾ ਸਿੰਘ ਵਰਗੇ ਉਸਨੂੰ ਪੁੱਛਦੇ।

"ਯਾਰ! ਮੈਂ ਤਾਂ ਖਾਂਦਾ ਨਈਂ...ਜੋ ਚੜ੍ਹਾਵਾ ਤਹਿਸੀਲਦਾਰ ਨੂੰ ਚੜਦੈ ਉਸ ਵਿਚੋਂ ਸਾਡਾ ਹਿੱਸਾ ਇਮਾਨਦਾਰੀ ਨਾਲ ਸਾਡੇ ਕੋਲ ਰੋਜ਼ ਦੀ ਰੋਜ਼ ਪਹੁੰਚ ਜਾਂਦੈ...।" ਤਹਿਸੀਲਦਾਰ ਉਪਰਲੀ ਕਮਾਈ ਬਾਰੇ ਦੱਸਦਾ।

"ਯਾਰ, ਰੱਜ ਕੇ ਖਾਓ-ਪੀਓ...ਐਸ਼ ਕਰੋ...ਤਹਿਸੀਲਦਾਰ ਦੀ ਮਹਿਫਲ ਐ..ਕਿਸੇ ਐਰੇ ਗੈਰੇ ਦੀ ਨਈਂ...ਆਪਾਂ ਕਹਿਣ ਨੂੰ ਹੀ ਕਲਰਕ ਹਾਂ, ਉਂਝ ਅਸੀਂ ਕਿਸੇ ਤਹਿਸੀਲਦਾਰ ਕੋਲੋਂ ਘੱਟ ਨਈਂ ਹੈਗੇ...ਆ ਜਿਹੜਾ ਆਪਣਾ ਤਹਿਸੀਲਦਾਰ ਸਾਹਬ ਨਈਂ ਹੈਗਾ ਕੀ ਨਾਂ ਐ ਸਾਲੇ ਦਾ... ਹਾਂ ਯਾਦ ਆ ਗਿਆ, ਵੀ.ਕੇ. ਅਗਰਵਾਲ...ਮੈਂ ਇਸ ਨੂੰ ਚੰਗੀ ਤਰ੍ਹਾਂ ਜਾਣਦਾਂ...ਸਾਲਾ ਰੋਜ਼ ਜੇਬਾਂ ਭਰ ਕੇ ਘਰ ਜਾਂਦਾ ਈ...ਨਾ ਸਾਲਾ ਮੀਟ ਖਾਂਦਾ ਈ...ਨਾ ਦਾਰੂ ਪੀਂਦਾ ਈ...ਮੀਟ



ਪਚਦਾ ਨਈਂ ਤੇ ਦਾਰੂ ਪੀਣੀ ਤਾਂ ਦੂਰ ਦੀ ਗੱਲ ਐ, ਜੇ ਸੁੰਘ ਵੀ ਲਏ ਤਾਂ ਇਸ ਦਾ ਸਿਰ ਚਕਰਾਣ ਲੱਗ ਪੈਂਦਾ ਈ...ਬੱਸ ਮੂੰਗੀ ਦੀ ਦਾਲ ਹੀ ਸੂਟ ਕਰਦੀ ਉ ਏਸਨੂੰ...ਨਾ ਰੰਡੀਬਾਜੀ ਕਰਦਾ ਈ ਤੇ ਨਾ ਹੀ ਕੋਈ ਇਸਦੀ ਸਹੇਲੀ ਉ...ਭਾਈ ਸਾਹਬ, ਰੰਡੀਬਾਜੀ ਕਰਨਾ ਜਾਂ ਸਹੇਲੀ ਬਣਾਉਣਾ ਕੋਈ ਸੌਖਾ ਕੰਮ ਹੈ ? ਬੰਦੇ ਦੇ ਗੋਡਿਆਂ 'ਚ ਜਾਨ ਹੋਣੀ ਚਾਹੀਦੀ ਐ...ਇਸ਼ਕ ਕਰਨਾ ਕੋਈ ਹਾਰੀ ਸਾਰੀ ਦੇ ਵੱਸ ਦੇ ਗੱਲ ਹੈ...? ਸ਼ੇਰ ਜਿੰਨਾ ਜਿਗਰਾ ਚਾਹੀਦੈ...ਇਹ ਤਾਂ ਕਮੀਨਾ ਬਾਣੀਆ ਐ...ਜੂਠ ਕਿਸੇ ਪਾਸੇ ਦੀ...ਕਿਸਮਤ ਚੰਗੀ ਆ ਤਹਿਸੀਲਦਾਰ ਬਣ ਗਿਐ...ਨਾ ਕੋਈ ਸਾਲੇ ਦਾ ਯਾਰ ਦੋਸਤ ਐ...ਨਾ ਕੋਈ ਆੜੀ...ਵੈਸੇ ਵੀ ਏਹੋ ਜਿਹੇ ਸੁੰਨ ਵੱਟਿਆਂ ਦਾ ਦੋਸਤ ਮਿੱਤਰ ਬਣਦਾ ਵੀ ਕੌਣ ਐ?...ਪੂਰਾ ਹੀਜੜਾ...ਸਾਲਾ ਸ਼ਕਲੋਂ ਹੀ ਨਾਮਰਦ ਲਗਦੈ...ਆਹ ਕਾਹਦੀ ਅਫਸਰੀ ਐ...ਕਾਹਦੀ ਜ਼ਿੰਦਗੀ ਆ...ਇਕ ਦਮ ਬੋਰ...ਤੇ ਏਧਰ ਆਪਾਂ ਨੂੰ ਵੇਖੋ...ਰੋਜ਼ ਰਾਜਿਆਂ ਵਾਂਗ ਮਹਿਫਲਾਂ ਲਗਾਉਂਦੇਆਂ...ਐਸ਼ ਕਰਦੇ ਆਂ...ਯਾਰੀਆਂ ਪਾਲਦੇ ਆਂ...ਸਹੇਲੀਆਂ ਰੱਖਦਿਆਂ ਆਂ...ਤੇ ਰੰਡੀਬਾਜੀ ਵੀ ਰੱਜ ਕੇ ਕਰੀਦੀ ਆ...ਮੈਨੂੰ ਤਾਂ ਲਗਦੈ ਅਗਰਵਾਲ ਦੇ ਜੋ ਬੱਚੇ ਐ ਨਾ...ਉਹ ਵੀ ਸਾਡੇ ਵਰਗੇ ਕਿਸੇ ਅਸਲੀ ਤਹਿਸੀਲਦਾਰ ਦੀ ਮਿਹਰਬਾਨੀ ਦਾ ਫੱਲ ਨੇ... ਸੱਚ ਦੱਸਾਂ, ਇਹ ਜਿਹੜੇ ਸਾਲੇ ਆਪਣੇ ਆਪ ਨੂੰ ਵੱਡੇ ਸਮਝਦੇ ਆ ਨਾ...ਅੰਦਰੋਂ ਇੰਨੇ ਗਰੀਬ ਤੇ ਕਮਜ਼ੋਰ ਹੁੰਦੇ ਆ ਬਈ ਸੇਵਿਆ, ਪੁੱਛ ਕੁਝ ਨਾ...ਇਹ ਤਾਂ ਫੁੱਲੇ ਹੋਏ ਗੁਬਾਰੇ ਨੇ...ਇਹਨਾਂ ਵਿਚ ਹਵਾ ਈ ਹਵਾ ਐ...ਸੂਈ ਚੋਭੋ ਤਾਂ ਸਾਲੀ ਹਵਾ ਪੀਪਨੀਆਂ ਵਜਾਉਂਦੀ ਨਿਕਲ ਜਾਂਦੀ ਆ...ਤੇ ਆਪ ਇਹ ਇਧਰ ਉਧਰ ਉਛਲਦੇ ਕੁਦਦੇ ਰਹਿੰਦੇ ਆ...ਅਸਲੀ ਤਹਿਸੀਲਦਾਰ ਤਾਂ ਅਸੀਂ ਹਾਂ...ਇਕ ਦਮ ਕੱੜਕ ਤੇ ਹੰਢਣਸਾਰ...ਕਿਉਂ ਮੈਂ ਗਲਤ ਕਹਿੰਨਾ...ਹੈਂ ਨਾ ਅਸੀਂ ਅਸਲੀ ਤਹਿਸੀਲਦਾਰ...'ਤਹਿਸੀਲਦਾਰ ਦਿਲਾਵਰ ਸਿੰਘ ਕਲੇਰ'...।" ਉਸਦੀ ਇਸੇ ਰੱਟ ਕਰਕੇ ਸਾਰੇ ਦੋਸਤਾਂ ਨੇ ਦਿਲਾਵਰ ਸਿੰਘ ਦਾ ਨਾਂ 'ਤਹਿਸੀਲਦਾਰ' ਹੀ ਪਕਾ ਦਿੱਤਾ ਸੀ।ਉਹ ਵੈਸੇ ਵੀ ਆਪਣੇ ਆਪ ਨੂੰ ਤਹਿਸੀਲਦਾਰ ਅਖਵਾਉਣ ਵਿਚ ਫ਼ਖ਼ਰ ਮਹਿਸੂਸ ਕਰਦਾ।

ਜਦੋਂ ਤੋਂ ਸੂਬੇ ਦੇ ਮੁੱਖ ਮੰਤਰੀ ਨੇ ਸਨਅਤੀ ਖੇਤਰ ਵਿਚ ਪੂੰਜੀ ਨਿਵੇਸ਼ ਕਰਨ ਵਾਸਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਕੰਪਨੀਆਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਸਨ, ਤਦ ਤੋਂ ਇਸ ਸ਼ਹਿਰ ਦੇ ਨਜ਼ਦੀਕ ਪੈਂਦੇ ਪਿੰਡਾਂ ਦੀ ਚਾਂਦੀ ਹੋ ਗਈ ਹੈ। ਜਿਹਨਾਂ ਕਿਸਾਨਾਂ ਦੇ ਘਰ ਪਹਿਲਾਂ ਟੁੱਟਿਆ ਜਿਹਾ ਸਕੂਟਰ ਵੀ ਨਹੀਂ ਹੁੰਦਾ ਸੀ, ਹੁਣ ਉਹ ਮਰਸਡੀਜ਼ ਗੱਡੀਆਂ ਉਪਰ ਸ਼ਹਿਰ ਵਿਚ ਦੁੱਧ ਵੇਚਣ ਤੇ ਖੇਤਾਂ ਵਿਚੋਂ ਘਾਹ ਪੱਠੇ ਲੈਣ ਜਾਂਦੇ ਹਨ। ਰੋਜ਼ ਸੈਕੜਿਆਂ ਦੀ ਗਿਣਤੀ ਵਿਚ ਪਲਾਟਾਂ ਦੀ ਖਰੀਦੋਫਰੋਖਤ ਹੁੰਦੀ ।ਰਜਿਸਟਰੀਆਂ ਹੁੰਦੀਆਂ।ਸਣੇ ਤਹਿਸੀਲਦਾਰ ਦੇ ਸਾਰੇ ਲੋਕ ਐਸ਼ ਕਰਦੇ।

ਜਦੋਂ ਦੀ ਤਹਿਸੀਲਦਾਰ ਦੀ ਬਦਲੀ ਰੈਵੀਨਿਉ ਡਿਪਾਰਟਮੈਂਟ ਵਿਚ ਹੋਈ ਸੀ, ਉਸ ਦਿਨ ਤੋਂ ਇਸ ਤਰ੍ਹਾਂ ਦੀਆਂ ਮਹਿਫਲਾਂ ਕੁਝ ਜ਼ਿਆਦਾ ਵੱਧ ਗਈਆਂ ਸਨ।

"ਸੋਢੀ! ਆ ਬੀਅਰਾਂ ਵਾਲੀ ਰੱਟ ਤਾਂ ਇਸਨੇ ਐਵੇਂ ਝੂਠੀ ਮੂਠੀ ਲਾਈ ਹੋਈ ਆ...ਅਸਲ ਗੱਲ ਤਾਂ ਕੁਝ ਹੋਰ ਐ...ਯਾਰ, ਸਵੇਰ ਦਾ ਤਿੰਨ ਗਸ਼ਤੀਆਂ ਨਾਲ ਖੇਹ ਖਾ ਚੁੱਕੇ ਐ...ਹੁਣ ਇਹ ਕਹਿ ਰਿਹੈ ਕਿ ਇਕ ਹੋਰ ਨੂੰ ਬੁਲਾ ਦੇ..ਸੋਢੀ, ਤੂੰ ਆਪ ਦੱਸ ਜੇ ਕਿਸੇ ਦਿਨ ਕੁਝ ਹੋ ਹਾ ਗਿਆ, ਮੈਂ ਤਾਂ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਈਂ ਰਹਿਣਾ...ਆਂਢ ਗੁਆਂਢ ਨੂੰ ਕੀ ਕਹਾਂਗਾ...ਜੇ ਇਹਨਾਂ ਨੂੰ ਐਨੀ ਅੱਗ ਲੱਗੀ ਹੁੰਦੀ ਆ ਤਾਂ ਕਿਸੇ ਹੋਟਲ ਹਾਟਲ 'ਚ ਜਾਇਆ ਕਰਨ...ਮੇਰੇ ਇਥੇ ਜ਼ਰੂਰ ਗੰਦ ਘੋਲਣਾ ਹੁੰਦੈ...ਆ ਤਹਿਸੀਲਦਾਰ ਤਾਂ ਸਾਲਾ ਸਵੇਰੇ ਹੀ ਆਣ ਵੜਿਆ ਸੀ...ਆਪਣੇ ਨਾਲ ਦੋ ਗਸ਼ਤੀਆਂ ਨੂੰ ਲਈ ਆਇਆ...ਇਕ ਨੂੰ ਘਰਵਾਲੀ ਬਣਾ

ਲਿਆਇਆ ਤੇ ਦੂਸਰੀ ਨੂੰ ਜੀਨ ਪੁਆ ਕੇ ਘਰਵਾਲੀ ਦੀ ਕੁੜੀ...ਮੈਂ ਕਿਹਾ-ਸਾਲਿਆ ਵੇਲਾ ਕੁਵੇਲਾ ਤਾਂ ਵੇਖ ਲਿਆ ਕਰ....ਅੱਗੋਂ ਕਹਿੰਦਾ-ਲੱਖੇ ਭਾਅ, ਸਵੇਰੇ ਸਵੇਰੇ ਆਂਢ ਗੁਆਂਢ ਵੀ ਸ਼ੱਕ ਨਈਂ ਕਰਦਾ...ਸਾਰੇ ਸਮਝਦੇ ਆ ਵਿਚਾਰੇ ਕਿਸਮਤ ਦੇ ਮਾਰੇ ਪਰਾਹੁਣੇ ਆਏ ਹੋਣੇ ਨੇ...ਗਏ ਹੋਣੇ ਨੇ ਹਰੀਦੁਆਰ ਕਿਸੇ ਬੁੜੇ ਜਾਂ ਬੁੜੀ ਦੇ ਫੁੱਲ ਤਾਰਣ...ਵਾਪਸ ਮੁੜਦੇ ਹੋਏ ਇਥੇ ਰਹਿੰਦੇ ਆਪਣੇ ਕਿਸੇ ਰਿਸ਼ਤੇਦਾਰ ਕੋਲ ਆਏ ਹੋਣੇ ਨੇ...ਕੁਝ ਦੇਰ ਬਾਅਦ ਪਿਛਲੇ ਦਰਵਾਜ਼ੇ ਰਾਹੀਂ ਛੁਪਲੇ ਪੈਰੀਂ ਸੇਵਾ ਵੀ ਆਣ ਵੜਿਆ...ਪਹਿਲਾਂ ਉਹਨਾਂ ਨਾਲ ਖੇਹ ਖਾਧੀ...ਫਿਰ ਬਾਰਾਂ ਕੁ ਵਜੇ ਸੇਵਾ ਉਹਨਾਂ ਨੂੰ ਬਸੇ ਚੜ੍ਹਾ ਆਇਆ...ਦੋ ਢਾਈ ਵਜੇ ਸੇਵਾ ਇਕ ਹੋਰ ਗਸ਼ਤੋਲ ਨੂੰ ਆਪਣੀ ਭੈਣ ਬਣਾ ਕੇ ਲੈ ਆਇਆ...ਫੇਰ ਉਸਦੇ ਨਾਲ ਲੱਗੇ ਰਹੇ ਖੇਡਾਂ ਖੇਡਣ...ਪੰਜ ਕੁ ਵਜੇ ਉਸਨੂੰ ਸਕੂਟਰ ਉਪਰ ਲੋਕਲ ਬਸ ਅੱਚੇ 'ਤੇ ਛੱਡ ਆਇਆ... ਸੋਢੀ, ਮੇਰੀ ਗੁਆਂਢਣ ਦੀਆਂ ਤਾਂ ਵੈਸੇ ਵੀ ਦਸ ਅੱਖਾਂ ਤੇ ਦਸ ਕੰਨ ਨੇ...ਸਾਲੀ ਦਰਵਾਜ਼ੇ ਨਾਲ ਲੱਗੀ ਸੁਣਦੀ ਰਹਿੰਦੀ ਆ...ਬੱਸ ਦੇਖਣਾ ਇਸ ਵਾਰ ਇਹ ਮੈਨੂੰ ਸੁਰਿੰਦਰ ਕੋਲੋਂ ਛਿੱਤਰ ਪੱਕੇ ਮਰਵਾਉਣਗੇ...ਕੁਛ ਕਰ ਯਾਰ ਇਹਨਾਂ ਨੂੰ ਭਜਾ ਇਥੋਂ...।" ਲੱਖੇ ਨੇ ਆਪਣਾ ਪੱਖ ਰੱਖਦਿਆਂ ਸੋਢੀ ਵੱਲ ਤਕਦਿਆਂ ਕਿਹਾ।

"ਸੋਢੀ ਵੀਰੇ, ਅਸੀਂ ਕੋਈ 'ਕਲਿਆਂ ਨੇ ਮਜ਼ੇ ਲਏ ਆ...ਭਾਅ ਵੀ ਤਾਂ ਬਰਾਬਰ ਦਾ ਹਿੱਸੇਦਾਰ ਐ...ਉਹ ਵੀ ਮੁਫਤ ਦਾ...ਹੁਣ ਜੇ ਮੈਂ ਇਕ ਹੋਰ ਨੂੰ ਸੱਦਣ ਵਾਸਤੇ ਕਹਿ ਰਿਹਾਂ ਤਾਂ ਮੈਂ ਕਿਹੜਾ 'ਕੱਲੇ ਨੇ ਲੱਡੂ ਖਾਣੇ ਨੇ...ਹਾਂ ਸੱਚ, ਲੱਖੇ ਭਾਅ...ਹੁਣ ਤਾਂ ਸੋਢੀ ਵੀਰ ਵੀ ਆ ਗਿਆ ਈ...ਉਹ ਕੀ ਕਹੂਗਾ ਕਿ ਤਹਿਸੀਲਦਾਰ ਨੇ ਉਸਦੀ ਸੇਵਾ ਨਈਂ ਕੀਤੀ...ਸੋਢੀ ਵੀਰ ਬੋਲ ਨਾ ਲੱਖੇ ਨੂੰ....ਸਮਝਾ ਏਸਨੂੰ...ਕਹਿ ਨਾ ਕਿ ਬੁਲਾ ਦੇਵੇ ਕਿਸੇ ਨੂੰ...ਨਈਂ ਮੰਨਦਾ ਤਾਂ ਕਲ੍ਹ ਇਸਦੀ ਖ਼ਬਰ ਲਗਾਦੇ ਆਪਣੀ ਅਖ਼ਬਾਰ ਵਿਚ ਕਿ ਕਲ੍ਹ ਇਲਾਕੇ ਦੇ ਇਕ ਤਹਿਸੀਲਦਾਰ ਨੂੰ ਲੱਖੇ ਨੇ ਆਪਣੇ ਘਰੋਂ ਬੇਆਬਰੂ ਕਰਕੇ ਕੱਢਿਆ...।" ਬੋਲਦਾ ਹੋਇਆ ਤਹਿਸੀਲਦਾਰ ਨਿਮਾ ਨਿਮਾ ਮੁਸਕਰਾਅ ਰਿਹਾ ਸੀ। ਉਸਨੂੰ ਉਮੀਦ ਸੀ ਕਿ ਲੱਖਦੀਪ ਸੋਢੀ ਦੀ ਗੱਲ ਨਹੀਂ ਮੋੜੇਗਾ।

ਸੋਢੀ ਨੇ ਹਾਂ ਵਿਚ ਸਿਰ ਹਿਲਾਇਆ।

ਤਹਿਸੀਲਦਾਰ ਦੀਆਂ ਅੱਖਾਂ ਨੀਂਦ ਨਾਲ ਲੱਦੀਆਂ ਪਈਆਂ ਸਨ। ਕੁਝ ਦੇਰ ਬਾਅਦ ਹੀ ਉਹ ਘੁਰਾੜੇ ਮਾਰਨ ਲੱਗ ਪਿਆ। ਸੇਵਾ ਪਹਿਲਾਂ ਹੀ ਕੁਰਸੀ ਵਿਚ ਧੱਸਿਆ ਹੋਇਆ ਸੀ।

ਲੱਖੇ ਨੇ ਇਸ਼ਾਰੇ ਰਾਹੀਂ ਸੋਢੀ ਨੂੰ ਦੂਸਰੇ ਕਮਰੇ ਵਿਚ ਚਲਣ ਲਈ ਕਿਹਾ। ਦੋਨੋਂ ਛੁਪਲੇ ਪੈਰੀਂ ਉੱਠੇ ਤੇ ਦੂਸਰੇ ਕਮਰੇ ਦਾ ਏ.ਸੀ. ਚਲਾ ਕੇ ਬੈਠ ਗਏ।

ਲੱਖੇ ਨੇ ਬੀਅਰ ਦੀ ਬੋਤਲ ਖੋਲ੍ਹ ਕੇ ਉਸਦੇ ਹੱਥ ਫੜਾ ਦਿੱਤੀ।

"ਚੱਲ ਕਰ ਦੇ ਕੰਮ ਤਹਿਸੀਲਦਾਰ ਦਾ...ਯਾਰ ਵੀ ਸੁਆਦ ਚੱਖ ਲੈਣਗੇ...ਬੜੀ ਦੇਰ ਹੋ ਗਈ ਮੀਟ ਮੱਛੀ ਖਾਧਿਆਂ...ਸਾਲੀ ਰੋਜ਼ ਘਰ ਦੀ ਦਾਲ ਖਾ ਖਾ ਕੇ ਮੂੰਹ ਦਾ ਸੁਆਦ ਬਿਮਾਰਾਂ ਵਰਗਾ ਹੋਇਆ ਪਿਆ ਈ...ਬੁਲਾ ਲੈ ਕਿਸੇ ਨੂੰ...।" ਸੋਢੀ ਨੇ ਲੱਖੇ ਨੂੰ ਅੱਖ ਮਾਰਦਿਆਂ ਕਿਹਾ।

ਲਖਦੀਪ ਉੱਠਿਆ। ਉਸਨੇ ਮੁਬਾਇਲ ਵਿਚੋਂ ਕੋਈ ਨੰਬਰ ਲੱਭਿਆ।

"ਹਾਂ ਸੁਖਜੀਤ...ਮੈਂ ਬੋਲ ਰਿਹਾਂ...ਤਹਿਸੀਲਦਾਰ ਨਈਂ ਮੰਨਦਾ ਪਿਆ...ਕਹਿੰਦਾ, ਇਕ ਹੋਰ ਚਾਹੀਦੀ ਆ...ਯਾਰ, ਜਿਤਨੀ ਜਲਦੀ ਹੋ ਸਕੇ ਭੇਜ ਕਿਸੇ ਨੂੰ...ਪਰ ਭੇਜੀਂ ਕਿਸੇ ਨਵੀਂ ਨੂੰ...ਹੈਂ! ਕੀ ਕਿਹਾ...ਹੈਗੀ ਆ ਇਕ...ਠੀਕ ਹੈ...ਹਾਂ...ਹਾਂ...ਪੈਸੇ ਤਾਂ ਚੰਗੇ ਦੇ ਦਊਗਾ...ਪਰ ਭੇਜੀਂ ਕੋਈ ਧੱਕੜ...ਐਵੇਂ ਪਿਛਲੀ ਵਾਰ ਵਾਂਗ ਕੋਈ ਲਕੋਰੀਏ ਦੀ ਮਾਰੀ ਨਾ ਭੇਜ ਦੇਵੀਂ...ਇਥੇ ਇਕ ਨਈਂ ਪੂਰੇ ਚਾਰ ਚਾਰ ਤਹਿਸੀਲਦਾਰ ਹਾਬੜੇ ਬੈਠੇ ਆ...ਛੇਤੀ ਛੇਤੀ ਭੇਜਦੇ...ਓ.ਕੇ. ਦੈੱਨ...।" ਬੋਲ ਕੇ ਲੱਖੇ ਨੇ ਫੋਨ ਬੰਦ ਕਰ ਲਿਆ।



ਉਸਨੇ ਸੋਢੀ ਵੱਲ ਵੇਖਿਆ। ਸੋਢੀ ਨੇ ਵੀ ਮੁਸਕਰਾ ਕੇ ਸ਼ੁਕਰੀਆ ਅਦਾ ਕਰ ਦਿੱਤਾ।

"ਸੋਢੀ ਤੂੰ ਸਮਝਿਆ ਕਰ...ਏਸ ਤਹਿਸੀਲਦਾਰ ਨੇ ਮਰ ਜਾਣਾ ਈ...ਸਾਲਾ ਇਕੱਲੀ ਬੀਅਰ ਜਾਂ ਦਾਰੂ ਨਈਂ ਪੀਂਦਾ...'ਫੀਮ ਵੀ ਛੱਕੀ ਜਾਂਦਾ ਈ...ਸੁੱਖਾ ਵੀ ਦਹੀ ਵਾਂਗ ਪੀ ਜਾਂਦਾ ਈ...ਦੂਸਰੇ ਪਾਸੇ ਜਿਹੜੀ ਗਸ਼ਤੀ ਇਕ ਵਾਰ ਇਸ ਨਾਲ ਸੌਂ ਲੈਂਦੀ ਆ, ਉਹ ਦੋਬਾਰਾ ਇਸਦੀ ਸ਼ਕਲ ਨਹੀਂ ਵੇਖਣਾ ਚਾਹੁੰਦੀ...ਹਰ ਕੋਈ ਇੱਕੋ ਗੱਲ ਕਹਿੰਦੀ ਆ ਕਿ ਅਸੀਂ ਕਿਸੇ ਕੁੱਤੇ ਦੇ ਸੱਦਣ ਉਪਰ ਤਾਂ ਦੋਬਾਰਾ ਜਾ ਸਕਦੀਆਂ ਪਰ ਇਸ ਤਹਿਸੀਲਦਾਰ ਕੋਲ ਨਹੀਂ ਜਾਣਾ ਭਾਵੇਂ ਪੈਸੇ ਪੰਜ ਗੁਣਾ ਕਿਉਂ ਨਾ ਦੇਵੇ...ਇਹ ਤਾਂ ਜਾਨਵਰਾਂ ਤੋਂ ਵੀ ਕਿਤੇ ਵੱਧ ਖ਼ਤਰਨਾਕ ਹੈ...ਸੋਢੀ, ਤੂੰ ਆਪ ਦੱਸ ਮੈਂ ਏਹਦੇ ਵਾਸਤੇ ਹਰ ਵਾਰ ਨਵੀਂ ਗਸ਼ਤੀ ਦਾ ਪ੍ਰਬੰਧ ਕਿਥੋਂ ਕਰਾਂ?...ਜਿੰਨੀਆਂ ਕੁ ਮੇਰੇ ਸੰਪਰਕ ਵਿਚ ਸੀਗੀਆਂ ਮੈਂ ਬੁਲਾ ਦਿੱਤੀਆਂ...ਪਿਛਲੇ ਦੋ ਮਹੀਨਿਆਂ 'ਚ ਤੀਹ ਗਸ਼ਤੀਆਂ ਨਾਲ ਮੂੰਹ ਕਾਲਾ ਕਰ ਚੁੱਕਾ ਈ...?" ਲੱਖੇ ਨੇ ਸੋਢੀ ਅੱਗੇ ਪੀਨਟਸ ਦੀ ਪਲੇਟ ਰੱਖਦਿਆਂ ਕਿਹਾ।

"ਉਹ ਦੋਬਾਰਾ ਕਿਉਂ ਨਹੀਂ ਆਉਂਦੀਆਂ...?" ਸੋਢੀ ਨੇ ਉਤਸੁਕ ਹੋ ਕੇ ਪੁੱਛਿਆ।

"ਪਤਾ ਨਹੀਂ ਕਿਉਂ ਨਹੀਂ ਆਉਂਦੀਆਂ ਪਰ ਇਕ ਧੱਗੜ ਗਸ਼ਤੀ ਸੀ, ਜਿਹੜੀ ਮੇਰੇ ਜ਼ਿਆਦਾ ਕਹਿਣ ਉਪਰ ਦੂਸਰੀ ਵਾਰ ਤਾਂ ਆ ਗਈ ਪਰ ਉਸ ਦਿਨ ਵੀ ਇਸਨੂੰ ਵਿਚ ਵਿਚਾਲੇ ਛੱਡ ਕੇ ਤੁਰ ਗਈ...ਪੈਸੇ ਵੀ ਨਈਂ ਲਏ...ਉਹ ਤਾਂ ਇਸਦਾ ਨਾਂ ਵੀ ਨਈਂ ਸੀ ਸੁਣਨਾ ਚਾਹੁੰਦੀ...ਬਾਅਦ ਵਿਚ ਮੈਂ ਉਸ ਨੂੰ ਇਸਦਾ ਕਾਰਨ ਪੁੱਛਿਆ ਸੀ...ਉਹ ਕਹਿੰਦੀ ਸੀ- ਲਖਦੀਪ ਜੀ, ਇਸਨੇ ਮੇਰੇ ਇਕਲੇ ਨਾਲ ਹੀ ਨਈਂ ਬਾਕੀਆਂ ਨਾਲ ਵੀ ਮਾੜੀ ਕੀਤੀ ਆ...ਸਾਰੀਆਂ ਕਹਿੰਦੀਆਂ ਨੇ ਕਿ ਇਹ ਸਾਲਾ ਬੰਦਾ ਨਹੀਂ ਹੈਗਾ...ਸਾਡੇ ਨਾਲ ਜਾਨਵਰਾਂ ਵਰਗਾਂ ਸਲੂਕ ਕਰਦੈ...ਮਾਂ ਭੈਣ ਦੀਆਂ ਗਾਹਲਾਂ ਕੱਢਦੈ...ਵਾਰ ਵਾਰ ਪੁਛਦੈ-ਤੁਹਾਡੀ ਜਾਤ ਕੀ ਐ?...ਤੁਸੀਂ ਜੱਟ ਹੁੰਦੇ ਹੋ ?...ਤੁਸੀਂ ਬਾਣੀਏ ਹੁੰਦੇ ਹੋ ?...ਤੁਹਾਡੇ ਪਿਉ ਦਾ ਨਾਂ ਸੁਲੱਖਣ ਸਿੰਘ ਬਰਾੜ ਹੈ ਨਾ?...ਤੁਹਾਡੇ ਪਿਉ ਦਾ ਨਾਂ ਲਾਲਾ ਧਰਮ ਚੰਦ ਬਾਂਸਲ ਹੈ ਨਾ?...ਮੈਂ ਵੀ ਕਿਸੇ ਜੱਟ ਤੋਂ ਘੱਟ ਨਈਂ ਆਂ...ਮੈਨੂੰ ਦਿਲਾਵਰ ਸਿੰਘ ਕਲੇਰ ਐਵੇਂ ਨਹੀਂ ਕਹਿੰਦੇ...ਮੈਂ ਤਾਂ ਤੁਹਾਡੇ ਸਾਰਿਆਂ ਵੱਡਿਆਂ ਦੀਆਂ ਮਾਂਵਾਂ...ਭੈਣਾਂ...ਚਾਚੀਆਂ...ਫੁਫੀਆਂ...ਤਾਈਆਂ...ਮਾਈਆਂ...ਤਾਈਆਂ...ਸਾਰੀਆਂ...ਰੱਖ ਦੇਣੀਆਂ ਨੇ...ਹਰਾਮਜਾਦੀਏ, ਆਪਣੇ ਪਿਉ ਨੂੰ ਪੁੱਛੀਂ?...ਉਸਨੇ ਕਿਸੇ ਬਸੰਤ ਕੌਰ ਕਲੇਰ ਨਾਲ ਮੂੰਹ ਕਾਲ ਕੀਤਾ ਸੀ ਨ...ਪੁੱਛੀਂ ਉਸ ਹਰਾਮਜ਼ਾਦੇ ਨੂੰ...ਦੋ ਗੰਨਿਆਂ ਪਿੱਛੇ ਉਸਨੇ ਮੇਰੀ ਮਾਂ ਨੂੰ ਕਮਾਦ ਵੱਲ ਘਸੀਟਿਆ ਸੀ ਨਾ...? ਉਹ ਵੀ ਮੇਰੇ ਸਾਹਮਣੇ...ਕੁੱਤੀਏ, ਆਪਣੇ ਕੰਜਰ ਪਿਉ ਨੂੰ ਪੁੱਛੀਂ...ਉਸਨੇ ਕਦੇ ਆਪਣੀ ਧੀ ਦੀ ਉਮਰ ਦੀ ਕੁੜੀ ਦੀ ਇਜੱਤ ਨੂੰ ਹੱਥ ਪਾਇਆ ਸੀ ਨਾ...ਕਿਉਂਕਿ ਉਸਨੇ ਆਪਣੇ ਨਿੱਕੇ ਭਰਾ ਵਾਸਤੇ ਉਸਦੀ ਦੁਕਾਨ ਵਿਚੋਂ ਇਕ ਪਤੰਗ ਚੋਰੀ ਕਰ ਲਈ ਸੀ...ਹੈਂ! ਤੁਸੀਂ ਆਪਣੇ ਆਪ ਨੂੰ ਸਮਝਦੇ ਕੀ ਓਂ...ਮੈਂ ਤਾਂ ਗਿਣ ਗਿਣ ਕੇ ਬਦਲੇ ਲਊਂ...ਲਖਦੀਪ ਜੀ, ਇਹ ਤਹਿਸੀਲਦਾਰ ਹੋਰ ਵੀ ਬਹੁਤ ਬਕਵਾਸ ਕਰਦੈ...ਵਿਚੇ ਹੀ ਪਾਗਲਾਂ ਵਾਂਗ ਉੱਚੀ ਉੱਚੀ ਹੱਸਣ ਲੱਗ ਪੈਂਦੈ ਤੇ ਹੱਸਦਾ ਹੱਸਦਾ ਰੋਣ...ਸਾਨੂੰ ਤਾਂ ਇਸ ਕੋਲੋਂ ਡਰ ਵੀ ਬਹੁਤ ਲਗਦੈ...ਉਹ ਠੀਕ ਹੈ, ਪੈਸੇ ਜ਼ਿਆਦਾ ਦਿੰਦੈ...ਪਰ ਅਸੀਂ ਵੀ ਇਨਸਾਨ ਆਂ...ਸਾਨੂੰ ਵੀ ਤਕਲੀਫ਼ ਹੁੰਦੀ ਐ...ਦੁਖ ਹੁੰਦੈ...।" ਲੱਖੇ ਨੇ ਤਹਿਸੀਲਦਾਰ ਬਾਰੇ ਹੋਰ ਚਾਨਣਾ ਪਾਇਆ।

"ਤਹਿਸੀਲਦਾਰ, ਕਿਹਨਾਂ 'ਚੋਂ ਆ...?" ਸੋਢੀ ਨੇ ਲੱਖੇ ਨੂੰ ਪੁੱਛਿਆ।

"ਵੈਸੇ ਤਾਂ ਗੱਲ ਨਹੀਂ ਹੋਈ ਇਸ ਬਾਰੇ...ਕਦੇ ਕਦੇ ਆਪ ਹੀ ਦਾਰੂ ਪੀ ਕੇ ਕਹਿਣ ਲੱਗ ਪੈਂਦੈ ਕਿ ਅਸੀਂ 'ਕਲੇਰ' ਜੱਟ ਹੁੰਨੇ ਆਂ...ਉਹ ਵਖਰੀ ਗੱਲ ਐ ਸਾਡੇ ਜਠੇਰਿਆਂ ਨੂੰ ਸ਼ਰੀਕੇ ਵਿਚੋਂ ਛੇਕ ਦਿੱਤਾ ਗਿਆ ਸੀ ਕਿਉਂਕਿ ਸਾਡੇ ਖਾਨਦਾਨ ਵਿਚ ਕਿਸੇ ਕੁੜੀ ਨੇ ਕਿਸੇ ਨੀਚ ਜਾਤੀ

ਦੇ ਬੰਦੇ ਨਾਲ ਘਰੋਂ ਦੌੜ ਕੇ ਵਿਆਹ ਕਰਵਾ ਲਿਆ ਸੀ...ਉਸ ਵੇਲੇ ਦੇ ਧਰਮ ਦੇ ਠੇਕੇਦਾਰਾਂ ਨੇ ਸਾਡੇ ਪਰਿਵਾਰ ਨੂੰ ਜਾਤ ਨਿਕਾਲਾ ਦੇ ਦਿੱਤਾ...ਤੇ ਹੁਣ ਕਈ ਸੌ ਸਾਲਾਂ ਤੋਂ ਸਾਨੂੰ ਵੀ ਲੋਕ ਸਾਲੇ ਛੁਟਜਾਤੀਆ ਕਹੀ ਜਾਂਦੇ ਆ...ਫਿਰ ਸਾਡੇ ਲੋਕਾਂ ਨੂੰ ਮੌਜੂਦਾ ਸਰਕਾਰਾਂ ਨੇ ਪੱਕੇ ਤੌਰ 'ਤੇ ਦਲਿਤ ਬਣਾ ਦਿੱਤਾ...ਸਾਨੂੰ ਰਾਖਵੇਂਕਰਨ ਦੀਆਂ ਸਹੂਲਤਾਂ ਦਿਲਵਾ ਦਿੱਤੀਆਂ...ਤੇ ਚਲ ਮੇਰੇ ਭਾਈ ਅਸੀਂ ਬਣ ਗਏ ਸਰਕਾਰੀ ਪੰਡਤ...ਸਰਕਾਰੀ ਪੰਡਤ ਦਾ ਮਤਲਬ ਤਾਂ ਭਾਅ ਤੂੰ ਸਮਝਦਾ ਹੀ ਹੋਵੇਂਗਾ...ਸੋਢੀ, ਇਹੋ ਜਿਹੀਆਂ ਗੱਲਾਂ ਕਰਦਾ ਈ ਤਹਿਸੀਲਦਾਰ ਮੇਰੇ ਨਾਲ ...।" ਲੱਖੇ ਦੀਆਂ ਤਹਿਸੀਲਦਾਰ ਬਾਰੇ ਗੱਲਾਂ ਸੁਣ ਕੇ ਸੋਢੀ ਕੁਝ ਦੇਰ ਲਈ ਚੁੱਪ ਹੋ ਗਿਆ।

ਇਸ ਤੋਂ ਪਹਿਲਾਂ ਕਿ ਸੋਢੀ ਕੁਝ ਬੋਲਦਾ, ਤਹਿਸੀਲਦਾਰ ਫਿਰ ਆਪਣੀ ਦਾਹੜੀ ਨੂੰ ਸਹਿਲਾਉਂਦਾ ਤੇ ਉਭਾਸੀਆਂ ਮਾਰਦਾ ਹੋਇਆ, ਉਹਨਾਂ ਦੇ ਕਮਰੇ ਵਿਚ ਨਮੂਦਾਰ ਹੋ ਗਿਆ।

"ਭਾਅ! ਬੁਲਾ ਦੇ ਯਾਰ...ਫਿਰ ਆਪਾਂ ਚਲੀਏ...ਤੇਰੀ ਭਰਜਾਈ ਉਡੀਕਦੀ ਹੋਣੀ ਆ...ਬੱਚੇ ਵੀ ਪਾਪਾ ਪਾਪਾ ਕਰਦੇ ਹੋਣਗੇ...ਲੈ, ਸਾਢੇ ਸੱਤ ਹੋ ਗਏ ਈ...ਮਿਲਾ ਯਾਰ ਫੋਨ ਸੁਖਜੀਤ ਨੂੰ...।" ਤਹਿਸੀਲਦਾਰ ਨੇ ਦੀਵਾਰ 'ਤੇ ਲੱਗੀ ਘੜੀ ਨੂੰ ਵੇਖਦਿਆਂ ਕਿਹਾ।

"ਰੁੱਕ ਜਾ ਥੋੜ੍ਹੀ ਦੇਰ...ਬੜੀ ਅੱਗ ਲੱਗੀ ਐ... ਸਵੇਰ ਦੀ ਬੁੱਝੀ ਨਈਂ..ਸਬਰ ਕਰ ਥੋੜਾ...ਆਉਂਦੀ ਐ ਕੁਝ ਦੇਰ 'ਚ...।" ਬੋਲਦਾ ਹੋਇਆ ਲਖਦੀਪ ਬੈੱਡ ਤੋਂ ਉੱਠ ਪਿਆ।

ਦੋਨੋਂ ਉੱਠ ਕੇ ਪਹਿਲੇ ਵਾਲੇ ਕਮਰੇ ਵਿਚ ਆ ਗਏ।

ਤਹਿਸੀਲਦਾਰ ਤੇ ਸੇਵੇ ਨੇ ਫਰਿਜ਼ ਵਿਚੋਂ ਇਕ ਇਕ ਬੋਤਲ ਬੀਅਰ ਦੀ ਹੋਰ ਕੱਢ ਕੇ ਖੋਲ੍ਹ ਲਈ।

ਅਜੇ ਉਹ ਗੱਲਬਾਤ ਸ਼ੁਰੂ ਕਰਨ ਹੀ ਲੱਗੇ ਸਨ ਕਿ ਫਲੈਟ ਦੀ ਘੰਟੀ ਵੱਜੀ। ਲੱਖਾ ਸਾਰਿਆਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦਾ ਹੋਇਆ ਦਰਵਾਜ਼ੇ ਵੱਲ ਗਿਆ।

ਕੁਝ ਦੇਰ ਬਾਅਦ ਇਕ ਬਹੁਤ ਸੋਹਣੀ ਤੇ ਗੱਠੀਲੀ, ਚਾਲੀ ਕੁ ਸਾਲ ਦੀ ਔਰਤ ਉਸਦੇ ਪਿੱਛੇ ਪਿੱਛੇ ਤੁਰੀ ਆਈ। ਉਸਨੇ ਆ ਕੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾਈ।

"ਬਈ, ਆ ਮਨਜੀਤ ਐ...ਸੁਖਜੀਤ ਨੇ ਭੇਜਿਐ ਏਸਨੂੰ...।" ਲੱਖੇ ਨੇ ਔਰਤ ਬਾਰੇ ਸਾਰਿਆਂ ਨੂੰ ਦੱਸਿਆ।

ਲੱਖੇ ਨੇ ਝੱਟ ਹੀ ਉਸਨੂੰ ਵੀ ਇਕ ਬੀਅਰ ਖੋਲ੍ਹ ਕੇ ਫੜਾ ਦਿੱਤੀ।

ਫਿਰ ਉਸਨੇ ਵੀ. ਡੀ. ਸੀ. ਦਾ ਰਿਮੋਟ ਕੰਟਰੋਲ ਫੜ੍ਹ ਕੇ ਪੌਜ਼ ਬਟਨ ਨੂੰ ਦਬਾਅ ਦਿੱਤਾ। ਜਿਸ ਨਾਲ ਰੁੱਕੇ ਹੋਏ ਗੋਰਾ ਆਦਮੀ ਤੇ ਔਰਤ ਦੇ ਦ੍ਰਿਸ਼ ਵਿਚ ਫਿਰ ਜਾਨ ਆ ਗਈ। ਉਹ ਨੱਚਣ ਤੋਂ ਹੱਟ ਕੇ ਫਿਰ ਆਪਣੇ ਪੁਰਾਣੇ ਕੰਮ ਵਿਚ ਰੁੱਝ ਗਏ।

ਮਨਜੀਤ, ਟੀਵੀ ਵੱਲ ਨਿਗ੍ਹਾ ਮਾਰਕੇ ਮੁਸਕਰਾਈ। ਉਸਨੇ ਬੋਤਲ ਹੱਥ 'ਚ ਫੜ੍ਹ ਲਈ।

ਸਾਰੇ ਚੁੱਪਚਾਪ ਟੀਵੀ ਵੇਖਣ ਲੱਗ ਪਏ।

"ਮਨਜੀਤ ਲਗਾ ਲੈ ਦੋ ਘੁੱਟ...ਸਰੂਰ ਆਜੂਗਾ ਥੋੜ੍ਹਾ।" ਲੱਖਾ ਬੋਲਿਆ।

ਤਹਿਸੀਲਦਾਰ ਨੇ ਚੋਰੀ ਨਾਲ ਲੱਖੇ ਵੱਲ ਵੇਖਿਆ। ਲੱਖੇ ਨੇ ਮਨਜੀਤ ਵੱਲ ਵੇਖਿਆ।

"ਸਰ, ਸੁਖਜੀਤ ਮੰਮੀ ਦੇ ਜ਼ਿਆਦਾ ਜ਼ੋਰ ਭਰਣ ਉਪਰ ਮੈਂ ਇਸ ਵੇਲੇ ਆਈ ਸੀ...ਮੈਨੂੰ ਨੌਂ ਵਜੇ ਤੀਕ ਘਰ ਪਹੁੰਚਣਾ ਹੈ...ਬੱਚੇਆਂ ਦੇ ਪਾਪਾ ਬਾਹਰ ਗਏ ਹੋਏ ਆ...ਉਹਨਾਂ ਅੱਜ ਹਫਤੇ ਬਾਅਦ ਘਰ ਪਹੁੰਚਣੈ...ਪਲੀਜ਼ ਗੁੱਸਾ ਨਾ ਕਰਿਉ...ਜੋ ਵੀ ਕਰਨੈ ਜਲਦੀ ਕਰ ਲਉ...।" ਮਨਜੀਤ ਨੇ ਲੱਖੇ ਵੱਲ ਵੇਖ ਕੇ ਕਿਹਾ।

ਲੱਖੇ ਨੇ ਤਹਿਸੀਲਦਾਰ ਨੂੰ ਅੱਖ ਨਾਲ ਉਸਨੂੰ ਦੂਸਰੇ ਕਮਰੇ 'ਚ ਲਿਜਾਉਣ ਦਾ



ਇਸ਼ਾਰਾ ਕੀਤਾ।

ਤਹਿਸੀਲਦਾਰ ਉੱਠਿਆ ਤੇ ਦੂਸਰੇ ਕਮਰੇ ਵੱਲ ਤੁਰਿਆ।

ਮਨਜੀਤ ਨੇ ਲੱਖੇ ਵੱਲ ਵੇਖਿਆ।

ਲੱਖੇ ਨੇ ਇਸ਼ਾਰੇ ਵਿਚ ਉਸਨੂੰ ਵੀ ਜਾਣ ਲਈ ਕਿਹਾ।

ਮਨਜੀਤ ਦੇ ਕਮਰੇ ਅੰਦਰ ਵੜਦਿਆਂ ਹੀ ਤਹਿਸੀਲਦਾਰ ਨੇ ਦਰਵਾਜ਼ਾ ਬੰਦ ਕਰ ਲਿਆ।

ਸੇਵਾ ਤੇ ਸੋਢੀ ਨੇ ਲੱਖੇ ਵੱਲ ਵੇਖ ਕੇ ਇਕ ਫਰਜ਼ੀ ਜਿਹੀ ਮੁਸਕਰਾਹਟ ਭਰੀ।

"ਪੁਰਜਾ ਤਾਂ ਸੁਖਜੀਤ ਨੇ ਠੀਕ ਹੀ ਭੇਜਿਐ...।" ਸੋਢੀ ਨੇ ਗੁੜਕਦਿਆਂ ਕਿਹਾ।

"ਹਾਂ, ਉਹ ਤਾਂ ਹੈ...ਸੁਖਜੀਤ ਮਾਲ ਹਮੇਸ਼ਾ ਏ-ਵਨ ਭੇਜਦੀ ਆ...ਇਕ ਦਮ ਕੜੱਕ...।" ਸੇਵਾ ਪਹਿਲੀ ਵਾਰ ਕੁਝ ਬੋਲਿਆ।

"ਆ ਵੇਖ ਲੈ ਸੋਢੀ...ਸੁੰਨਵੱਟੇ ਵੀ ਬੋਲ ਪਏ ਈ...।" ਲਖਦੀਪ ਹੱਸਦਾ ਹੋਇਆ ਬੋਲਿਆ।

ਫਿਰ ਤਿੰਨੋਂ ਟੀਵੀ ਉਪਰ ਚਲ ਰਹੀ ਰਾਸ ਲੀਲਾ ਨੂੰ ਵੇਖਣ ਲੱਗੇ।

ਦੋ ਮਿੰਟਾਂ ਬਾਅਦ ਹੀ ਅਚਾਨਕ ਦਰਵਾਜ਼ਾ ਖੁੱਲ੍ਹਿਆ। ਪਹਿਲਾਂ ਤਹਿਸੀਲਦਾਰ ਬਾਹਰ ਨਿਕਲਿਆ। ਪਿੱਛੇ ਪਿੱਛੇ ਮਨਜੀਤ ਵੀ ਨਿਕਲ ਆਈ। ਉਸ ਦੀਆਂ ਨਜ਼ਰਾਂ ਝੁਕੀਆਂ ਹੋਈਆਂ ਸਨ।

ਉਹਨਾਂ ਤਿੰਨਾਂ ਨੇ ਦੋਨਾਂ ਨੂੰ ਹੈਰਾਨੀ ਭਰੀਆਂ ਨਜ਼ਰਾਂ ਨਾਲ ਵੇਖਿਆ।

"ਚਲੋ ਇਕ ਇਕ ਹਜ਼ਾਰ ਹਜ਼ਾਰ ਰੁਪਏ ਦਿਉ ਮੈਨੂੰ..!" ਤਹਿਸੀਲਦਾਰ ਨੇ ਤਿੰਨਾਂ ਵੱਲ ਵੇਖਦਿਆਂ ਕਿਹਾ।

ਉਹਨਾਂ ਤਿੰਨਾਂ ਨੂੰ ਸਮਝ ਨਹੀਂ ਲੱਗ ਰਹੀ ਸੀ ਕਿ ਮਾਜ਼ਰਾ ਕੀ ਹੈ।

ਉਹਨਾਂ ਦੇ ਚਿਹਰਿਆਂ 'ਤੇ ਕਈ ਸਾਰੇ ਪ੍ਰਸ਼ਨ ਚਿੰਨ ਉਗ ਆਏ ਸਨ।

"ਯਾਰ, ਕਲ੍ਹ ਦੇ ਵਾਪਸ ਦੇ ਦਿਆਂਗਾ...ਤੁਹਾਨੂੰ ਮੇਰੇ 'ਤੇ ਇੰਨਾ ਵੀ ਵਿਸ਼ਵਾਸ ਨਹੀਂ...?" ਤਹਿਸੀਲਦਾਰ ਨੇ ਸਾਰਿਆਂ ਵੱਲ ਥੋੜ੍ਹੀ ਤਲਖੀ ਨਾਲ ਵੇਖਿਆ।

ਉਹਨਾਂ ਨੇ ਜਲਦੀ ਨਾਲ ਹਜ਼ਾਰ ਹਜ਼ਾਰ ਰੁਪਏ ਦਾ ਨੋਟ ਤਹਿਸੀਲਦਾਰ ਨੂੰ ਫੜਾ ਦਿੱਤਾ।

ਤਹਿਸੀਲਦਾਰ ਨੇ ਕੁਝ ਰੁਪਏ ਆਪਣੇ ਹੱਥ ਵਿਚ ਪਹਿਲਾਂ ਹੀ ਫੜੇ ਹੋਏ ਸਨ। ਉਸਨੇ ਸਾਰੇ ਰੁਪਏ ਮਨਜੀਤ ਨੂੰ ਫੜਾ ਦਿੱਤੇ। ਮਨਜੀਤ ਨੇ ਪੈਸੇ ਲਏ ਤੇ ਪਰਸ ਵਿਚ ਪਾ ਲਏ।

"ਅੱਛਾ ਮਨਜੀਤ, ਤੂੰ ਚੱਲ...ਦੇਰ ਹੋ ਰਹੀ ਐ...ਫਿਰ ਆਟੋ ਨਹੀਂ ਮਿਲਣਾ...।" ਬੋਲਦੇ ਹੋਏ ਤਹਿਸੀਲਦਾਰ ਮਨਜੀਤ ਨੂੰ ਬਾਹਰਲੇ ਦਰਵਾਜ਼ੇ ਤੀਕ ਛੱਡਣ ਚਲਾ ਗਿਆ।

ਵਾਪਸ ਕਮਰੇ ਆਇਆ ਤਾਂ ਤਿੰਨੋਂ ਉਸ ਵੱਲ ਅਜੀਬ ਨਜ਼ਰਾਂ ਨਾਲ ਵੇਖ ਰਹੇ ਸਨ।

"ਹੋਇਆ ਕੀ ਹੈ..?" ਸੋਢੀ ਬੋਲਿਆ।

"ਹੋਣਾ ਕੀ ਸੀ...ਮਨਜੀਤ ਤਾਂ ਕਲੇਰਾਂ ਦੀ ਕੁੜੀ ਨਿਕਲ ਆਈ...!" ਬੋਲਦਾ ਹੋਇਆ ਤਹਿਸੀਲਦਾਰ ਸ਼ੀਸ਼ੇ ਸਾਹਮਣੇ ਖੜ੍ਹੋ ਕੇ ਪੱਗ ਬੰਨਣ ਲੱਗ ਪਿਆ।

# ਪੰਜਾਬੀ ਕਹਾਣੀ : ਮੁੱਢ ਅਤੇ ਹਾਸਿਲ/ਡਾ. ਰਮਿੰਦਰ ਕੌਰ

ਸਾਡੀ ਪੰਜਾਬੀ ਕਹਾਣੀ ਅੰਗਰੇਜ਼ੀ ਰਾਜ ਦੇ ਆਉਣ ਨਾਲ ਪੈਦਾ ਹੋਈ । ਇਸ ਦਾ ਉਦਭਵ ਇਕ ਸਭਿਆਚਾਰਕ ਭੇੜ ਹੋਇਆ ।ਅੰਗਰੇਜ਼ ਆਪਣੀ ਰਾਜਸੀ ਤਾਕਤ ਦੇ ਨਾਲ-ਨਾਲ ਇਥੇ ਆਪਣਾ ਸਭਿਆਚਾਰਕ-ਗਲਬਾ ਬਿਠਾਉਣ ਲਈ ਵੀ ਯਤਨਸ਼ੀਲ ਸਨ ।ਇਸ ਕਰਕੇ ਉਨ੍ਹਾਂ ਨੇ ਆਪਣੀ ਸਭਿਆਚਾਰਕ ਉੱਚਤਾ ਦੀ ਮਿੱਥ ਸਥਾਪਤ ਕਰਨ ਦੀ ਯੋਜਨਾ ਬਣਾਈ ।ਇਸ ਮਕਸਦ ਲਈ ਥਾਂ-ਥਾਂ ਈਸਾਈ ਮਿਸ਼ਨਰੀ ਕੇਂਦਰ ਸਥਾਪਤ ਕੀਤੇ ਗਏ । ਇਹ ਈਸਾਈ ਕੇਂਦਰ ਯੋਜਨਾਬੱਧ ਨੀਤੀ ਤਹਿਤ ਪੱਛਮੀ ਸਭਿਆਚਾਰ ਦੀ ਉੱਚਤਾ ਨੂੰ ਪ੍ਰਚਾਰ ਰਹੇ ਸਨ ।ਨਾਲ ਹੀ ਇਹ ਗੁਲਾਮ ਕੌਮਾਂ ਦੇ ਧਰਮ, ਸਭਿਆਚਾਰ ਤੇ ਇਤਿਹਾਸ ਨੂੰ ਦੋਮ-ਦਰਜਾ ਸਿੱਧ ਕਰ ਰਹੇ ਸਨ । ਇਹ ਅੰਗਰੇਜ਼ਾਂ ਦੀ ਭਾਰਤੀਆਂ ਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾਉਣ ਦੀ ਰਣਨੀਤੀ ਸੀ ।ਅਜੇਹੀ ਨੀਤੀ ਉਨ੍ਹਾਂ ਦੇ ਰਾਜ ਦੀ ਉਮਰ ਨੂੰ ਲੰਮਿਆਂ ਕਰਨ ਵਿਚ ਸਹਾਈ ਹੋ ਸਕਦੀ ਸੀ । ਨਵੇਂ ਪੈਦਾ ਹੋਏ ਸਰਕਾਰੀ ਅਦਾਰਿਆਂ ਵਿਚ ਨੌਕਰੀਆਂ ਪ੍ਰਾਪਤ ਕਰਨ ਵਾਲਿਆਂ ਉੱਤੇ ਵੀ ਈਸਾਈ ਮੱਤ ਅਪਨਾਉਣ ਦਾ ਦਬਾਅ ਪਾਇਆ ਜਾ ਰਿਹਾ ਸੀ ।ਈਸਾਈ ਮੱਤ ਧਾਰਨ ਕਰਨ ਵਾਲਿਆਂ ਨੂੰ ਕਈ ਕਿਸਮ ਦੇ ਲਾਭ ਦਿੱਤੇ ਜਾ ਰਹੇ ਸਨ ।ਅਜਿਹਾ ਪ੍ਰਚਾਰ ਭਾਰਤੀਆਂ ਨੂੰ ਸਭਿਅਕ ਬਨਾਉਣ ਦੀ ਕੋਸ਼ਿਸ਼ ਵਜੋਂ ਵੀ ਪੇਸ਼ ਕੀਤਾ ਜਾ ਰਿਹਾ ਸੀ ।

ਈਸਾਈ ਮਿਸ਼ਨਰੀਆਂ ਨੇ ਟ੍ਰੈਕਟਾਂ ਤੇ ਚੁਪੱਤਰਿਆਂ ਦੇ ਰੂਪ ਵਿਚ ਕਈ ਕਹਾਣੀਆਂ ਪ੍ਰਕਾਸ਼ਿਤ ਕੀਤੀਆਂ ।ਇਸ ਦੀ ਇਕ ਪ੍ਰਤੀਨਿਧ ਮਿਸਾਲ 'ਰੇਲ ਗੱਡੀ' ਕਹਾਣੀ ਹੈ ।ਇਸ ਕਹਾਣੀ ਵਿਚ 'ਰੇਲ ਗੱਡੀ' ਇਕ ਬਹੁ-ਅਰਥਕ ਰੂਪਕ ਹੈ ।ਰੇਲ ਗੱਡੀ ਚਲਦੇ ਜੀਵਨ ਦਾ ਵੀ ਪ੍ਰਗਟਾਅ ਹੈ ਤੇ ਹਰ ਵਰਤਾਰੇ ਦੇ ਗਤੀਸ਼ੀਲ ਹੋਣ ਦਾ ਵੀ ।ਸ਼ੁਰੂ ਵਿਚ ਭਾਰਤੀ ਲੋਕ ਅੰਗਰੇਜ਼ਾਂ ਵੱਲੋਂ ਚਲਾਈ ਗੱਡੀ ਵਿਚ ਬੈਠਣ ਤੋਂ ਸੰਕੋਚ ਕਰਦੇ ਸਨ । ਭਾਰਤੀ ਸਮਾਜ ਜਾਤਾਂ ਤੇ ਧਰਮਾਂ ਵਿਚ ਵੰਡਿਆ ਹੋਇਆ ਸੀ।ਇਥੇ ਉੱਚ ਜਾਤ ਵਾਲਿਆਂ ਨੂੰ ਨੀਵੀਂ ਜਾਤ ਵਾਲਿਆਂ ਨਾਲ ਬੈਠਣਾ ਮਨਜ਼ੂਰ ਨਹੀਂ ਸੀ ।ਪਰ ਰੇਲ ਵਿਚ ਇਕ ਸਵਾਰੀ ਵਜੋਂ ਸਭ ਨੂੰ ਬਰਾਬਰ ਬੈਠਣਾ ਪੈਂਦਾ ਸੀ ।'ਰੇਲ ਗੱਡੀ' ਕਹਾਣੀ ਦੇ ਮੁੱਖ ਪਾਤਰ ਗੋਬਿੰਦ ਰਾਮ ਨੂੰ ਕਿਸੇ ਦੂਜੀ ਥਾਂ ਛੇਤੀ ਪਹੁੰਚਣ ਦੀ ਲੋੜ ਬਣ ਜਾਂਦੀ ਹੈ ।ਉਸ ਸਮੇਂ ਜਲਦੀ ਪਹੁੰਚਣ ਲਈ ਰੇਲ ਸਭ ਤੋਂ ਵਿਕਸਿਤ ਤੇ ਨਵਾਂ ਸਾਧਨ ਸੀ ।ਇਸ ਕਰਕੇ ਕੇਂਦਰੀ ਪਾਤਰ ਨੂੰ ਮਜ਼ਬੂਰੀ ਵੱਸ ਰੇਲ ਗੱਡੀ ਵਿਚ ਚੜ੍ਹਨਾ ਪੈਂਦਾ ਹੈ ।ਇਸ ਤਰ੍ਹਾਂ ਅੰਗਰੇਜ਼ਾਂ ਦੀ ਆਮਦ ਨਾਲ ਸ਼ੁਰੂ ਹੋਈ ਰੇਲ ਜਾਤ-ਬਿਰਾਦਰੀ ਦੀਆਂ ਵੰਡੀਆਂ ਨੂੰ ਤੋੜਨ ਵਿਚ ਸਹਾਈ ਸਿੱਧ ਹੁੰਦੀ ਹੈ ।ਗੱਡੀ ਵਿਚ ਬੈਠਾ ਤਾਰਾ ਚੰਦ ਨਾਂ ਦਾ ਈਸਾਈ ਪ੍ਰਚਾਰਕ ਆਪਣੀ ਗੱਲਬਾਤ ਰਾਹੀਂ ਹੋਰਨਾਂ ਸਵਾਰੀਆਂ ਨੂੰ ਈਸਾਈ ਮੱਤ ਦੀ ਉੱਚਤਾ ਦਾ ਵਿਖਿਆਨ ਦੇਂਦਾ ਹੈ । ਤਾਰਾ ਚੰਦ ਆਪਣੇ ਜੀਵਨ ਤੋਂ ਨਿਰਾਸ਼ ਹੋਇਆ ਈਸਾਈ ਮਤ ਦਾ ਰਾਹ ਫੜ ਲੈਂਦਾ ਹੈ ।ਇਸ ਰਾਹ 'ਤੇ ਚਲਦਾ ਇਹ ਸੁੱਖੀ ਤੇ ਸੰਤੁਸ਼ਟ ਵਿਖਾਈ ਦੇਂਦਾ ਹੈ ।ਇਹ ਪਾਤਰ ਕਹਾਣੀ ਵਿਚ ਈਸਾਈ ਮੱਤ ਦੇ ਸਮਰਥਕ ਤੇ ਪ੍ਰਚਾਰਕ ਵਜੋਂ ਪੇਸ਼ ਹੈ ।ਇਹ ਕਹਾਣੀ ਈਸਾਈ ਮੱਤ ਦੇ ਪ੍ਰਭਾਵ ਦੀ ਗੱਡੀ ਚਲ ਪੈਣ ਦਾ ਪ੍ਰਗਟਾਵਾ ਹੈ ।ਹਕੂਮਤੀ ਧਿਰ ਵੱਲੋਂ ਰਚਨਾਵਾਂ ਨੂੰ ਆਪਣੇ ਹਿੱਤ ਲਈ ਵਰਤਿਆ ਜਾ ਰਿਹਾ ਸੀ । ਅੰਗਰੇਜ਼ਾਂ ਦੀ ਆਮਦ ਦੇ ਸਿੱਟੇ ਵਜੋਂ ਨਵੀਂ ਉਦਯੋਗਿਕ ਸਭਿਅਤਾ ਦੇ ਸੰਦਾਂ-ਸਾਧਨਾਂ ਨੇ ਆਪਣੀ ਬਰਤਰੀ ਦਾ ਪ੍ਰਭਾਵ ਬਣਾਇਆ । ਇਹ ਨਵੀਂ ਸਭਿਅਤਾ ਦਾ ਤੱਥ ਤੇ ਸੱਚ ਸੀ ।ਇਸ ਤਰ੍ਹਾਂ ਬੜੇ ਯੋਜਨਾਬੱਧ ਤਰੀਕੇ ਨਾਲ ਭਾਰਤੀਆਂ ਦੇ ਸਮਾਜਕ ਵਰਤਾਰੇ ਨੂੰ ਨਖਿੱਧ ਸਿੱਧ ਕੀਤਾ ਜਾ ਰਿਹਾ ਸੀ । ਇਹ ਗੁਲਾਮ ਕੌਮਾਂ ਉੱਤੇ ਸਿੱਧਾ ਸਭਿਆਚਾਰਕ ਹਮਲਾ ਸੀ।



ਇਸ ਸਭਿਆਚਾਰਕ ਹਮਲੇ ਤੋਂ ਦੋ ਤਰਫ਼ੀ ਰੁਝਾਣ ਸਾਹਮਣੇ ਆਇਆ । ਇਕ ਪੱਖ ਅਜਿਹੇ ਪ੍ਰਚਾਰ ਤੋਂ ਪ੍ਰਭਾਵਿਤ ਹੋਣ ਦਾ ਸੀ ।ਦੂਜਾ ਪੱਖ ਇਸ ਦੇ ਪ੍ਰਤਿਕਰਮ ਵਜੋਂ ਸੁਚੇਤ ਹੋਣ ਦਾ ਸੀ। ਇਸ ਦੇ ਸਿੱਟੇ ਵਜੋਂ ਸਿੰਘ 'ਸਭਾ ਲਹਿਰ' (1872) ਦੇ 'ਚੀਫ਼ ਖ਼ਾਲਸਾ ਦੀਵਾਨ' (1882) ਵਰਗੀਆਂ ਸਭਾਵਾਂ ਦਾ ਗਠਨ ਹੋਇਆ । ਇਹ ਸਭਾਵਾਂ ਅੰਗਰੇਜ਼ੀ ਰਾਜ ਦੇ ਵਿਰੋਧੀ ਤਾਂ ਨਹੀਂ ਸਨ ਪਰ ਇਹ ਵੱਧ ਰਹੇ ਈਸਾਈ ਪ੍ਰਭਾਵ ਤੋਂ ਸੁਚੇਤ ਜ਼ਰੂਰ ਸਨ ।ਉਂਜ ਵੀ ਉਸ ਸਮੇਂ ਸਿੱਧਾ ਵਿਰੋਧ ਸੰਭਵ ਨਹੀਂ ਸੀ। ਕਿਉਂਕਿ, ਅੰਗਰੇਜ਼ਾਂ ਨੇ ਇਕ ਵਾਰ ਪੰਜਾਬੀਆਂ ਨੂੰ ਰਣ-ਮੈਦਾਨ ਵਿਚ ਹਰਾ ਦਿੱਤਾ ਸੀ ।'1857' ਦਾ ਅੰਦੋਲਨ ਅਤੇ 'ਕੂਕਾ ਲਹਿਰ' ਵੀ ਅੰਗਰੇਜ਼ੀ ਰਾਜ ਅਗੇ ਟਿਕ ਨਾ ਸਕੇ ।ਇਸ ਦੇ ਸਿੱਟੇ ਵਜੋਂ ਟੇਢੇ ਢੰਗ ਨਾਲ ਆਪਣੇ ਸਭਿਆਚਾਰਕ ਪਲੇਟਫਾਰਮ ਤੋਂ ਜਾਗ੍ਰਿਤ ਹੋਣਾ ਹੀ ਕਾਰਗਰ ਸੀ ।ਇਹ ਜਾਗ੍ਰਤੀ ਰਾਜਨੀਤਕ ਤੌਰ 'ਤੇ ਹਾਰ ਕੇ ਵੀ ਸਭਿਆਚਾਰਕ ਤੌਰ 'ਤੇ ਨਾ ਹਾਰਨ ਦਾ ਉਪਰਾਲਾ ਸੀ। ਜਿਵੇਂ ਈਸਾਈ ਕੇਂਦਰ ਵੱਖ-ਵੱਖ ਟ੍ਰੈਕਟਾਂ ਤੇ ਚੁਪੱਤਰਿਆਂ ਰਾਹੀਂ ਈਸਾਈ ਮੱਤ ਦਾ ਪ੍ਰਚਾਰ ਕਰ ਰਹੇ ਸਨ ਤਿਵੇਂ ਸਾਡੇ ਲੇਖਕ ਵੀ ਅਖ਼ਬਾਰਾਂ ਤੇ ਰਸਾਲਿਆਂ ਰਾਹੀਂ ਆਪਣੇ ਧਰਮ ਤੇ ਇਤਿਹਾਸ ਦੀ ਵਡਿਆਈ ਕਰਨ ਲੱਗੇ ।ਅਜਿਹੀ ਜਾਗ੍ਰਿਤੀ ਦਾ ਮੋਢੀ ਤੇ ਸਭ ਤੋਂ ਵੱਡਾ ਬੁਲਾਰਾ ਭਾਈ ਵੀਰ ਸਿੰਘ ਸੀ ।ਇਸ ਨੇ ਸਿੱਖ ਧਰਮ ਤੇ ਸਿੱਖ ਇਤਿਹਾਸ ਦੇ ਪੈਂਤੜੇ ਤੋਂ ਨਾਵਲ, ਨਾਟਕ ਤੇ ਕਹਾਣੀ ਰਾਹੀਂ ਸਿੱਖਾਂ ਅਤੇ ਸਿੱਖੀ ਨੂੰ ਆਦਰਸ਼ਕ ਮਾਡਲ ਵਜੋਂ ਪੇਸ਼ ਕੀਤਾ ।ਇਸ ਦੇ ਸਾਥੀ ਲੇਖਕਾਂ ਭਾਈ ਮੋਹਨ ਸਿੰਘ ਵੈਦ ਤੇ ਚਰਨ ਸਿੰਘ ਸ਼ਹੀਦ ਨੇ ਅਜਿਹੀ ਮਿੱਥ ਨੂੰ ਹੋਰ ਵਿਸਥਾਰ ਦਿੱਤਾ ।ਵੈਦ ਤੇ ਸ਼ਹੀਦ ਨੇ ਆਪਣੇ ਧਰਮ ਤੇ ਇਤਿਹਾਸ ਦੇ ਨਾਲ-ਨਾਲ ਸਮਾਜਕ ਖੇਤਰ ਵਿਚ ਪੰਜਾਬੀਆਂ ਦੀ ਚੜ੍ਹਤ ਜਾਂ ਉਤੱਮਤਾ ਪੇਸ਼ ਕੀਤੀ । ਇਸ ਤਰ੍ਹਾਂ ਹੋਰ ਸਾਹਿਤ ਰੂਪਾਂ ਵਾਂਗ ਪੰਜਾਬੀ ਕਹਾਣੀ ਵੀ ਇਕ ਪ੍ਰਚਾਰ ਮਾਧਿਅਮ ਦੇ ਨਿਸ਼ਚਤ ਉਦੇਸ਼ ਕਾਰਣ ਪੈਦਾ ਹੋਈ ।ਈਸਾਈ ਮਿਸ਼ਨਰੀਆਂ ਦੇ ਯਤਨਾਂ ਨਾਲ ਨਾਵਲ, ਨਾਟਕ ਤੇ ਕਹਾਣੀ ਵਰਗੇ ਦੇ ਬਿਰਤਾਂਤਕ ਖ਼ਾਕੇ ਸਾਹਮਣੇ ਆ ਚੁੱਕੇ ਸਨ ।ਸ਼ੁਰੂ ਵਿਚ ਈਸਾਈ ਮਿਸ਼ਨਰੀਆਂ ਨੇ ਪੱਛਮ ਦੇ ਆਧੁਨਿਕ ਸਾਹਿਤ ਰੂਪਾਂ ਦੇ ਅਨੇਕਾਂ ਅਨੁਵਾਦ ਤੇ ਖੁੱਲ੍ਹੇ ਅਨੁਵਾਦ ਪ੍ਰਕਾਸ਼ਿਤ ਕੀਤੇ ।ਸਾਡੇ ਲੇਖਕਾਂ ਦਾ ਅਜੇਹੇ ਰੂਪਾਂ ਜਾਂ ਖ਼ਾਕਿਆਂ ਨੂੰ ਅਪਨਾ ਲੈਣਾ ਸੁਭਾਵਕ ਤੇ ਸੰਭਵ ਹੀ ਸੀ ।

ਅੰਗਰੇਜ਼ਾਂ ਦੇ ਦਖ਼ਲ ਕਾਰਣ ਨਵੀਂ ਸਭਿਅਤਾ ਦੀ ਆਮਦ ਨਾਲ ਨਵੀਂ ਮਸ਼ੀਨਰੀ (ਕਾਗਜ਼, ਛਾਪਾਖਾਨਾ ਤੇ ਟਾਈਪ ਵਗੈਰਾ) ਸਾਹਮਣੇ ਆਈ ।ਇਸ ਨਾਲ ਲਿਖਤਾਂ ਜਾਂ ਰਚਨਾਵਾਂ ਨੂੰ ਛਾਪਣ-ਛਪਵਾਉਣ ਦੀ ਨਵੀਂ ਸਹੂਲਤ ਪੈਦਾ ਹੋਈ ।ਅੰਗਰੇਜ਼ਾਂ ਨੇ ਇਥੇ ਹਰ ਮਹਿਕਮੇ ਨੂੰ ਨਵਾਂ ਸੰਸਥਾਈ ਰੂਪ ਦਿੱਤਾ ।ਸਭ ਮਹਿਕਮਿਆਂ ਨੂੰ ਆਧੁਨਿਕ ਰੂਪ ਵਿਚ ਲਿਖਤੀ ਤੌਰ 'ਤੇ ਨਿਯਮਬੱਧ ਕੀਤਾ ।ਇਨ੍ਹਾਂ ਵੱਖ-ਵੱਖ ਮਹਿਕਮਿਆਂ ਵਿਚ ਕੰਮ ਕਰਨ ਵਾਲੀ ਨਵੀਂ ਪੜ੍ਹੀ-ਲਿਖੀ ਸ਼੍ਰੇਣੀ ਪੈਦਾ ਹੋਈ ।ਇਹ ਨਵੀਂ ਸ਼੍ਰੇਣੀ ਅੰਗਰੇਜ਼ੀ ਰਾਜ ਦੀ ਉਪਜ ਵੀ ਸੀ ਤੇ ਲੋੜ ਵੀ । ਇਸ ਪੜ੍ਹੀ-ਲਿਖੀ ਸ਼੍ਰੇਣੀ ਦੇ ਸਾਹਿਤਕ ਸੁਆਦ ਵੀ ਨਵੇਂ ਸਨ ।ਜਿਥੇ ਪਰੰਪਰਾ ਵਿਚ ਕਿੱਸੇ-ਕਹਾਣੀਆਂ ਸੁਣਨ ਵਾਲੀ ਅਨਪੜ੍ਹ ਤੇ ਸਰੋਤਾ ਸ਼੍ਰੇਣੀ ਸੀ, ਉਥੇ ਨਵੇਂ ਹਾਲਾਤ ਨਾਲ ਖ਼ੁਦ ਪੜ੍ਹ-ਲਿਖ ਸਕਣ ਵਾਲੀ ਪਾਠਕ ਸ਼੍ਰੇਣੀ ਸਾਹਮਣੇ ਆਈ । ਇਸ ਪਾਠਕ ਸ਼੍ਰੇਣੀ ਦੀ ਲੋੜ ਵਜੋਂ ਨਵੇਂ ਸਾਹਿਤ ਰੂਪਾਂ ਦਾ ਪੈਦਾ ਹੋਣਾ ਸੁਭਾਵਕ ਹੀ ਸੀ ।ਇਸ ਕਰਕੇ ਪੱਛਮ ਵਿਚ ਬਹੁਤ ਪਹਿਲੇ ਪੈਦਾ ਹੋ ਚੁੱਕੇ ਆਧੁਨਿਕ ਸਾਹਿਤ ਰੂਪਾਂ ਨੇ ਪ੍ਰਵੇਸ਼ ਕੀਤਾ । ਇਹ ਨਵੇਂ ਸਾਹਿਤ-ਰੂਪ ਸਾਡੇ ਪਾਠਕਾਂ ਦੀ ਸਾਹਿਤਕ ਖ਼ੁਰਾਕ ਬਣਨ ਲੱਗੇ । ਇਸ ਸਥਿਤੀ ਵਿਚ ਈਸਾਈ ਮਿਸ਼ਨਰੀ ਆਪਣੇ ਮਕਸਦ ਦੀ ਪੂਰਤੀ ਲਈ ਜੋ ਨਵੇਂ ਸਾਹਿਤ-ਰੂਪ ਪੇਸ਼ ਕਰ ਰਹੇ ਸਨ, ਜਵਾਬ ਵਿਚ ਸਾਡੇ ਲੇਖਕ ਵੀ ਅਜਿਹੇ ਸਾਹਿਤ ਰੂਪਾਂ ਨੂੰ ਵਰਤਣ ਲੱਗੇ ।

ਪੰਜਾਬੀ ਕਹਾਣੀ ਭਾਵੇਂ ਪੱਛਮੀ ਸਾਹਿਤ ਰੂਪ ਦੇ ਪ੍ਰਭਾਵ ਵਜੋਂ ਸਾਹਮਣੇ ਆਈ ਪਰ ਇਸ ਨਵੇਂ ਰੂਪ ਦੀਆਂ ਰਚਨਾਤਮਕ ਜੜ੍ਹਾਂ ਆਪਣੇ ਵਿਰਸੇ ਵਿਚ ਵੀ ਦੂਰ ਤੱਕ ਫੈਲੀਆਂ ਨਜ਼ਰ ਆਉਂਦੀਆਂ

ਹਨ ।ਉਂਜ ਵੀ ਕੋਈ ਨਵਾਂ ਰੂਪ ਜਾਂ ਖ਼ਿਆਲ ਆਪਣੀ ਪਰੰਪਰਾ ਦੇ ਬਿਲਕੁਲ ਹੀ ਉਲਟ, ਓਪਰਾ ਜਾਂ ਵੱਖਰਾ ਨਹੀਂ ਹੋ ਸਕਦਾ ।ਇਸ ਦਾ ਬੀਤੇ ਜਾਂ ਵਿਰਸੇ ਨਾਲ ਸੰਵਾਦ ਦਾ ਰਿਸ਼ਤਾ ਹੁੰਦਾ ਹੈ ।ਜਿਸ ਚੀਜ਼ ਨੂੰ ਅਸੀਂ ਆਧੁਨਿਕ ਕਹਿੰਦੇ ਹਾਂ, ਇਹ ਪਰੰਪਰਾ ਤੋਂ ਰੂਪਾਂਤਰਣ ਹੁੰਦੀ ਹੈ ।ਸਾਡੀ ਆਧੁਨਿਕ ਕਹਾਣੀ ਦਾ ਗਹਿਰਾ ਸੰਬੰਧ ਸਾਡੀ ਮੌਖਿਕ ਭਾਵ ਮੂੰਹੋਂ-ਮੂੰਹ ਜਾਂ ਜ਼ੁਬਾਨੀ ਰੂਪ ਵਿਚ ਚਲਦੀ ਆ ਰਹੀ ਬਾਤਾਂ ਤੇ ਕਥਾਵਾਂ ਦੀ ਰਵਾਇਤ ਨਾਲ ਵੀ ਹੈ ।ਘਰਾਂ ਵਿਚ ਵੱਡੇ-ਵਡੇਰੇ ਅਕਸਰ ਹੀ ਆਪਣੇ ਪਰਿਵਾਰ ਦੇ ਛੋਟਿਆਂ ਨੂੰ ਬਾਤਾਂ ਸੁਣਾਉਂਦੇ ਸਨ ।ਅਜੇ ਵੀ ਇਹ ਰਵਾਇਤ ਜ਼ਿੰਦਾ ਹੈ ਭਾਵੇਂ ਕਿ ਪਹਿਲਾਂ ਨਾਲੋਂ ਛੋਟੇ ਰੂਪ ਵਿਚ ।ਬਾਤਾਂ ਦੀਆਂ ਕਈ ਕਿਸਮਾਂ ਸਨ ।ਇਨ੍ਹਾਂ ਵਿਚ ਮਨੋਰੰਜਨ, ਸਿਖਿਆ, ਉਪਦੇਸ਼ ਤੇ ਵਿਹਾਰਕ ਗਿਆਨ ਵਰਗੇ ਕਈ ਉਦੇਸ਼ ਸ਼ਾਮਿਲ ਸਨ ।ਬਾਤਾਂ ਦੇ ਵਿਸ਼ੇ ਜੰਗਲੀ ਜਾਨਵਰਾਂ, ਪਸ਼ੂ, ਪੰਛੀਆਂ, ਰਾਜਕੁਮਾਰਾਂ, ਦੈਂਤਾਂ ਤੇ ਚੋਰ-ਡਾਕੂਆਂ ਨਾਲ ਸੰਬੰਧਿਤ ਸਨ । ਇਹ ਕਥਾਵਾਂ ਅਨੇਕਾਂ ਸਾਹਿਤਕ ਕਲਾਤਮਕ ਗੁਣਾਂ ਨਾਲ ਭਰਪੂਰ ਸਨ ।ਇਨ੍ਹਾਂ ਵਿਚ ਲਮਕਾਅ, ਲਟਕਾਅ, ਰਹੱਸ, ਉਹਲਾ ਤੇ ਉਦੇਸ਼ ਆਦਿ ਕਈ ਸਾਹਿਤਕ ਮੋਟਿਫ਼ ਵੇਖੇ ਜਾ ਸਕਦੇ ਹਨ ।ਬਾਤਾਂ ਦੀ ਪਰੰਪਰਾ ਦਾ ਮੁੱਢ ਅਸਲ ਵਿਚ ਮਨੁੱਖ ਦੇ ਜਨਮ ਕਾਲ ਨਾਲ ਹੀ ਜੁੜਿਆ ਨਜ਼ਰ ਆਉਂਦਾ ਹੈ ।ਇਨ੍ਹਾਂ ਦੀ ਪਰੰਪਰਾ ਲਿਖਤ ਭਾਸ਼ਾ ਤੋਂ ਵੀ ਪ੍ਰਾਚੀਨ ਹੈ ।ਮੁੱਢ ਕਦੀਮ ਤੋਂ ਹੀ ਮਨੁੱਖ ਆਪਣੇ ਚਾਰ-ਚੁਫ਼ੇਰੇ ਦੇ ਅਨੁਭਵ ਦਾ ਮੌਖ਼ਿਕ ਪ੍ਰਗਟਾਵਾ ਕਰਦਾ ਰਿਹਾ ਹੈ ।ਅਜੇਹਾ ਪ੍ਰਗਟਾਅ ਬਾਅਦ ਵਿਚ ਭਾਸ਼ਾ ਰਾਹੀਂ ਲਿਖਤ ਸਾਹਿਤ ਵਿਚ ਪ੍ਰਵੇਸ਼ ਕਰਦਾ ਹੈ ।ਭਾਸ਼ਾ ਦੀ ਉਤਪਤੀ ਤੋਂ ਪਹਿਲਾਂ ਚਿੱਤਰ-ਕਲਾ, ਨ੍ਰਿਤ-ਕਲਾ ਤੇ ਨਾਟ-ਕਲਾ ਵਿਚ ਵੀ ਕਹਾਣੀ ਦਾ ਕੋਈ ਨਾ ਕੋਈ ਮੋਟਿਫ਼ ਮੌਜੂਦ ਹੁੰਦਾ ਸੀ ।ਮਨੁੱਖ ਜਾਂ ਸਮਾਜ ਨੂੰ ਸੰਬੋਧਿਤ ਹਰ ਕਲਾ ਜਾਂ ਕਾਵਿ ਵਿਚ ਕੋਈ ਨਾ ਕੋਈ ਬਿਰਤਾਂਤਕ ਤੱਥ ਜਾਂ ਤੱਤ ਵੇਖਿਆ ਜਾ ਸਕਦਾ ਹੈ ।ਕਿਤੇ ਇਹ ਬਿਰਤਾਂਤ ਤੱਤ ਰੂਪ ਵਿਚ ਮੌਜੂਦ ਸੀ, ਕਿਤੇ ਤੰਦ ਰੂਪ ਵਿਚ ਤੇ ਕਿਤੇ ਨਿਰੰਤਰ ਇਕ ਤਾਣੀ ਜਾਂ ਧਾਰਾ ਰੂਪ ਵਿਚ ।ਪਰ ਇਹ ਹਰ ਕਲਾਕ੍ਰਿਤ ਦਾ ਅਨਿਖੜ ਖਾਸਾ ਸੀ ।ਕਹਾਣੀ ਅੰਸ਼ ਜਾਂ ਬਿਰਤਾਂਤ ਬਿਨਾਂ ਕਿਸੇ ਕਲਾ-ਕ੍ਰਿਤ ਦੀ ਹੋਂਦ ਸੰਭਵ ਹੀ ਨਹੀਂ ਹੈ ।

ਸਾਡੇ ਮੁੱਢਲੇ ਲਿਖਤ ਰੂਪਾਂ ਵਿਚ ਕਥਾ ਜਾਂ ਕਹਾਣੀ ਦਾ ਅੰਸ਼ ਸਹਿਜੇ ਹੀ ਵੇਖਿਆ ਜਾ ਸਕਦਾ ਹੈ ।ਸਾਡੀ ਲਿਖਤ ਦੀਆਂ ਪੁਰਾਤਨ ਰਚਨਾਵਾਂ ਜਿਵੇਂ ਵੇਦਾਂ ਤੇ ਪੁਰਾਣਾਂ ਵਿਚ ਅਜੇਹਾ ਪ੍ਰਭਾਵ ਜਾਂ ਤੱਤ ਵੀ ਮੌਜੂਦ ਹੈ ।ਵੇਦ ਤੋਂ ਭਾਵ 'ਜਾਣਨ' ਜਾਂ ਸਮਝਣ ਤੋਂ ਹੈ ।ਵੇਦਾਂ ਵਿਚ ਪਹਿਲਾਂ ਹਿੱਸਾ 'ਮੰਤਰ' ਹੈ ਤੇ ਦੂਜਾ 'ਬ੍ਰਾਹਮਣ' ।'ਉਪਨਿਸ਼ਦ' ਵੇਦਾਂ ਦਾ ਤੀਜਾ ਭਾਗ ਹਨ ।ਇਨ੍ਹਾਂ ਵਿਚ ਰਹੱਸਵਾਦੀ ਪ੍ਰਸ਼ਨਾਂ ਦੇ ਜਵਾਬ ਹਨ ।ਇਨ੍ਹਾਂ ਦਾ ਖਾਸਾ ਗੋਸ਼ਟਿ ਤੇ ਸੰਵਾਦ ਰੂਪੀ ਹੈ ।ਉਪਨਿਸ਼ਦ ਦਾ ਸ਼ਬਦੀ ਅਰਥ 'ਨਿਕਟ ਬੈਠਣਾ' ਹੈ ।ਇਹ ਗੁਰ-ਚੇਲੇ ਦੇ ਨਿਕਟ ਤੇ ਨਿੱਠ ਕੇ ਵਿਚਾਰਿਆ ਖਰਲ ਗਿਆਨ ਹੈ ।ਵੇਦ ਧਾਰਮਿਕ-ਸਮਾਜਕ ਸਿਖਿਆ ਨਾਲ ਸੰਬੰਧਤ ਹੋ ਕੇ ਵੀ ਆਪਣੇ ਵਿਚ ਕਥਾ ਜਾਂ ਬਿਰਤਾਂਤ ਦੇ ਬੀਜ ਸਮੋਈ ਬੈਠੇ ਸਨ ।ਇਨ੍ਹਾਂ ਵਿਚ ਕਈ ਕਥਾ ਟੋਟਕਿਆਂ ਰਾਹੀਂ ਗੱਲ ਕਹੀ ਗਈ ਹੈ। ਇਨ੍ਹਾਂ ਦੇ ਰਚੈਤਾ ਰਿਸ਼ੀਆਂ-ਮੁਨੀਆਂ ਵਜੋਂ ਸਾਹਿਤ ਆਚਾਰੀਆਂ ਵੀ ਸਨ ।ਪੁਰਾਣ ਪਰੰਪਰਾ ਵਿਚ ਕਹਾਣੀ ਤੱਤ ਹੋਰ ਵਧੇਰੇ ਨਿੱਖਰਦਾ ਹੈ ।ਸਾਡੇ ਸੰਸਾਰ ਪ੍ਰਸਿੱਧ ਮਹਾਂਕਾਵਿ ਰਾਮਾਇਣ ਤੇ ਮਹਾਂਭਾਰਤ ਵਿਚ ਅਨੇਕਾਂ ਕਥਾ-ਕਹਾਣੀਆਂ ਦੀ ਮਿਸ਼ਰਤ ਮਾਲਾ ਇਕ ਬਿਰਤਾਂਤ ਵਿਚ ਪਰੋਈ ਨਜ਼ਰ ਆਉਂਦੀ ਹੈ ।ਇਹ ਦੋਨੋਂ ਮਹਾਂ ਕਾਵਿ ਵੱਖ-ਵੱਖ ਅੰਤਰ-ਪਾਠਾਂ ਤੇ ਉਪ- ਬਿਰਤਾਤਾਂ ਨਾਲ ਭਰਪੂਰ ਕਾਵਿ-ਰੂਪ ਹਨ ।ਇਨ੍ਹਾਂ ਵਿਚ ਕਈ ਰਾਜਾਂ, ਜਾਤਾਂ ਤੇ ਧਿਰਾਂ ਦੀ ਆਪਸੀ ਸਾਂਝ ਤੇ ਟੱਕਰ ਪੇਸ਼ ਹੋਈ ਹੈ ।ਇਸ ਤੋਂ ਅਗਲੀ ਪ੍ਰਤਿਨਿਧ ਮਿਸਾਲ ਪੰਚਤੰਤਰ ਤੇ ਜਾਤਕ ਕਹਾਣੀਆਂ ਹਨ ।ਇਹ ਉਪਦੇਸ਼ਾਤਮਕ ਤੇ ਨੀਤੀ ਕਹਾਣੀਆਂ ਦੇ ਸੰਗ੍ਰਹਿ ਹਨ ।ਸੂਫ਼ੀ ਫਕੀਰਾਂ ਨਾਲ ਸੰਬੰਧਿਤ ਲਿਖੇ 'ਮਸਲਿਆਂ' ਵਿਚ ਵੀ ਕਹਾਣੀ ਤੱਤ ਵੇਖਿਆ ਜਾ ਸਕਦਾ ਹੈ ।'ਮਸਲੇ' ਤੋਂ ਭਾਵ ਵਿਚਾਰ ਯੋਗ ਬਾਤ ਹੈ ।'ਮਸਲੇ *ਹਜ਼ਰਤ ਰਸੂਲ ਦੇ', 'ਮਸਲੇ ਮੂਸੇ ਪੈਗੰਬਰ ਦੇ', 'ਮਸਲਾ ਹਸਨ ਹੁਸੈਨ ਕਾ'* ਅਤੇ *'ਮਸਲੇ ਸ਼ੇਖ ਫਰੀਦ'* ਅਜੇਹੀ ਮਿਸਾਲ ਹੈ ।ਇਨ੍ਹਾਂ ਵਿਚ ਇਸਲਾਮੀ ਜਾ ਸੂਫ਼ੀ ਧਾਰਾ ਦੇ ਕਿਸੇ ਪੀਰ-ਪੈਗੰਬਰ ਜਾਂ ਮਹਾਂ-ਪੁਰਸ਼ ਦੇ ਸਤਿ-ਕਰਮੀ ਵਿਚਾਰਾਂ ਪ੍ਰਤੀ ਵਿਸ਼ਵਾਸ ਪਰਪੱਕ ਕੀਤਾ ਗਿਆ ਹੈ ।ਇਨ੍ਹਾਂ ਵਿਚ ਕਿਸੇ ਅਕੀਦੇ, ਵਿਚਾਰ ਜਾਂ ਸੰਕਲਪ ਦੀ ਵਿਆਖਿਆ ਹੈ ।ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਨਮ ਸਾਖੀਆਂ ਵਿਚ ਇਕ ਵਿਸ਼ੇਸ਼ ਕਥਾ ਪ੍ਰਗਟ ਹੁੰਦੀ ਹੈ ।ਇਨ੍ਹਾਂ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੀ ਦਿੱਬਤਾ ਨੂੰ ਪਰਪੱਕ ਕੀਤਾ ਗਿਆ ਹੈ ।ਜਨਮ ਸਾਖੀਆਂ ਤੋਂ ਬਾਅਦ ਗੁਰ-ਬਿਲਾਸ ਵਿਚ ਯੋਧੇ ਸਿੱਖ ਦਾ ਬਿੰਬ ਉੱਘੜਦਾ ਹੈ ।ਵਾਰਾਂ, ਜੰਗਨਾਮਿਆਂ ਅਤੇ ਕਿੱਸਿਆਂ ਵਿਚ ਵੀ ਇਕ ਮੁੱਖ ਕਹਾਣੀ ਨਜ਼ਰ ਆਉਂਦੀ ਹੈ ।ਸਾਡੇ ਇਨ੍ਹਾਂ ਸਾਰੇ ਮੱਧਕਾਲੀ ਕਾਵਿ-ਰੂਪਾਂ ਵਿਚ ਦੋ-ਧਿਰੀ ਕਥਾ ਪੇਸ਼ ਹੋਈ ਹੈ ।



ਇਸ ਤਰ੍ਹਾਂ ਕਹਾਣੀ ਦਾ ਸੰਬੰਧ ਮਨੁੱਖ ਦੇ ਹਰ ਕਾਲ-ਖੰਡ ਜਾਂ ਇਤਿਹਾਸ ਨਾਲ ਜੁੜਿਆ ਨਜ਼ਰ ਆਉਂਦਾ ਹੈ ।ਮਨੁੱਖ ਆਪਣੇ ਅਨੁਭਵ ਨੂੰ ਬਦਲਦੇ ਸੰਦਰਭ ਵਿਚ ਕਈ ਕਲਾ-ਰੂਪਾਂ ਵਿਚ ਪ੍ਰਗਟਾਉਂਦਾ ਰਿਹਾ ਹੈ ।ਸਮੇਂ ਤੇ ਹਾਲਾਤ ਦੀ ਤਬਦੀਲੀ ਦੇ ਨਾਲ-ਨਾਲ ਰਚਨਾਵਾਂ ਦੇ ਰੂਪ ਤਾਂ ਬਦਲਦੇ ਰਹੇ ਪਰ ਇਸ ਵਿਚ ਕਹਾਣੀ ਤੱਤ ਨਿਰੰਤਰ ਕਿਸੇ ਨਾ ਕਿਸੇ ਸ਼ਕਲ ਵਿਚ ਸਮਾਇਆ ਨਜ਼ਰ ਆਉਂਦਾ ਹੈ ।ਮੱਧ ਕਾਲ ਤਕ ਕਹਾਣੀ ਭਾਵੇਂ ਨਹੀਂ ਲਿਖੀ ਜਾਂਦੀ ਸੀ ਪਰ ਇਹ ਇਕ ਸੂਤਰ ਵਜੋਂ ਹਰ ਰਚਨਾ ਵਿਚ ਮੌਜੂਦ ਸੀ ।ਹਰ ਸਾਹਿਤ ਰੂਪ ਤੇ ਸਭਿਆਚਾਰ ਦੀਆਂ ਜੜ੍ਹਾਂ ਆਪਣੇ ਸਥਾਨਕ ਵਾਤਾਵਰਨ ਨਾਲ ਪਰਨਾਈਆਂ ਹੁੰਦੀਆਂ ਹਨ ।ਹਰੇਕ ਸਭਿਆਚਾਰ ਦਾ ਆਪਣੀ ਸਭਿਅਤਾ ਨਾਲ ਅਨਿੱਖੜ ਸੰਬੰਧ ਹੁੰਦਾ ਹੈ ।ਸਾਹਿਤ ਜਾਂ ਸਭਿਆਚਾਰ ਨੂੰ ਬਾਹਰੋਂ ਜਾਗ ਤਾਂ ਲੱਗਦੀ ਹੈ ਪਰ ਇਸ ਦੀਆਂ ਤੰਦਾਂ ਜਾਂ ਜੜ੍ਹਾਂ ਸਦਾ ਆਪਣੇ ਪਰੰਪਰਕ ਜਖ਼ੀਰੇ ਨਾਲ ਬੱਝੀਆਂ ਰਹਿੰਦੀਆਂ ਹਨ ।ਭਾਰਤ ਤੇ ਪੰਜਾਬ ਵਿਚ ਅਨੇਕਾਂ ਹਮਲਾਵਰ ਤੇ ਸੌਦਾਗਰ ਆਉਂਦੇ ਰਹੇ ।ਇਸ ਨਾਲ ਬਾਹਰ ਦੇ ਸਾਹਿਤਕ ਤੇ ਸਭਿਆਚਾਰਕ ਪ੍ਰਭਾਵ ਪੈਣੇ ਸੁਭਾਵਕ ਹੀ ਸਨ ।ਬਾਹਰੋਂ ਆਈਆਂ ਹਕੂਮਤਾਂ ਤੇ ਸੌਦਾਗਰਾਂ ਨਾਲ ਕਈ ਸਾਹਿਤ ਰੂੜ੍ਹੀਆਂ ਭਾਰਤੀ ਕਥਾ ਪਰੰਪਰਾ ਵਿਚ ਪ੍ਰਵੇਸ਼ ਕਰਦੀਆਂ ਹਨ ।ਵੱਖ-ਵੱਖ ਕੌਮਾਂ, ਧਰਮਾਂ ਤੇ ਨਸਲਾਂ ਦੇ ਮਿਲਣ ਦੀ ਆਪਣੀ ਕ੍ਰਿਆ-ਪ੍ਰਤਿਕ੍ਰਿਆ ਵਿਚ ਕਈ ਸਾਹਿਤਕ ਤੇ ਸਭਿਆਚਾਰਕ ਤਬਦੀਲੀਆਂ ਵਾਪਰਦੀਆਂ ਹਨ ।ਪਰ ਇਸ ਸਾਰੀ ਅੰਤਰ-ਕ੍ਰਿਆ ਤੇ ਤਬਦੀਲੀ ਦੇ ਬਾਵਜੂਦ ਹਰ ਨਵੇਂ ਸਾਹਿਤ ਰੂਪ ਦਾ ਅੰਦਰਲਾ ਖਮੀਰ ਆਪਣੇ ਧੁਰ-ਮੂਲ ਨਾਲ ਵੀ ਜੁੜਿਆ ਰਹਿੰਦਾ ਹੈ ।ਅੰਗਰੇਜ਼ੀ ਹਕੂਮਤ ਦੇ ਆਉਣ ਨਾਲ ਵੀ ਅਜੇਹਾ ਵਾਪਰਿਆ ।ਅੰਗਰੇਜ਼ ਹਾਕਮ ਵੀ ਸਨ ਤੇ ਸੌਦਾਗਰ ਵੀ ।ਇਨ੍ਹਾਂ ਦੀ ਸੰਸਾਰ ਉੱਤੇ ਕਈ ਪੱਖਾਂ ਤੋਂ ਨਵੀਨ ਧਾਂਕ ਸੀ ।ਇਸ ਕਰਕੇ ਇਨ੍ਹਾਂ ਦੇ ਦਖ਼ਲ ਨਾਲ ਸਾਡੇ ਵਿਚ ਚੌਤਰਫ਼ੀ ਹਿਲਜੁਲ ਹੋਈ ।ਉਂਜ ਵੀ ਕੁਦਰਤ ਵਾਂਗ ਸਮਾਜ ਤੇ ਜੀਵਨ ਇਕ ਗਤੀਸ਼ੀਲ ਵਰਤਾਰਾ ਹੈ ।ਹਰ ਚੀਜ਼ ਗਤੀ ਵਿਚ ਨਵਾਂ ਰੂਪ ਲੈਂਦੀ ਹੈ ।ਹਾਂ, ਜਦੋਂ ਕੋਈ ਬਾਹਰੀ ਤਾਕਤ ਦਖ਼ਲ ਦੇਂਦੀ ਹੈ ਤਾਂ ਤਬਦੀਲੀ ਦੀ ਰਫ਼ਤਾਰ ਵਧੇਰੇ ਤੇਜ਼, ਤਟਫ਼ਟ ਤੇ ਤਿੱਖੇ ਰੂਪ ਵਾਲੀ ਹੋ ਜਾਂਦੀ ਹੈ ।ਅਜਿਹੀ ਤੇਜ਼ੀ ਸਾਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਪੈਦਾ ਹੋਏ ਆਧੁਨਿਕ ਸਾਹਿਤ ਰੂਪਾਂ ਵਿਚ ਵਾਪਰੀ ਦਿੱਸਦੀ ਹੈ ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਸਾਡੇ ਆਧੁਨਿਕ ਸਾਹਿਤ ਰੂਪਾਂ ਦਾ ਜਨਮ ਕਰਮ-ਪ੍ਰਤਿਕਰਮ ਵਜੋਂ ਹੋਇਆ ।ਇਸ ਦੁਵੱਲੀ ਪ੍ਰਕਿਰਿਆ ਵਿਚ ਪੰਜਾਬੀ ਕਹਾਣੀ ਆਪਣੇ ਸਮੇਂ ਦੇ ਪ੍ਰਚਾਰ ਮਾਧਿਆਮ ਵਜੋਂ ਵਰਤੀ ਗਈ ।ਨਿਰਸੰਦੇਹ ਇਹ ਕਹਾਣੀ ਬਾਹਰੋਂ ਆਏ ਪੱਛਮੀ ਰੂਪ ਦਾ ਸਿੱਟਾ ਸੀ ਪਰ ਇਸ ਦੀ ਰੂਪ-ਰਚਨਾ ਵਿਚ ਆਪਣੇ ਸਾਹਿਤਕ ਵਿਰਸੇ ਦਾ ਖੂਨ ਸੀ ।ਇਹ ਕਹਾਣੀ ਰੂਪ ਕਿਵੇਂ ਆਪਣੇ ਸੁਭਾਅ ਤੇ ਸਰੂਪ ਦੇ ਪੱਖ ਤੋਂ ਅੱਗੇ ਵੱਧਦਾ ਜਾਂ ਵਿਕਾਸ ਕਰਦਾ ਹੈ, ਇਸ ਦਾ ਸੰਬੰਧ ਇਕ ਤਾਂ ਕਹਾਣੀ ਦੇ ਆਧੁਨਿਕ ਵਿਧਾ-ਸ਼ਾਸਤਰ ਨਾਲ ਹੈ ਤੇ ਦੂਜਾ ਆਪਣੇ ਸਾਹਿਤਕ ਪਿਛੋਕੜ ਨਾਲ ।

ਪੰਜਾਬੀ ਕਹਾਣੀ ਇਕ ਨਿਸ਼ਚਤ ਉਦੇਸ਼ ਲੈ ਕੇ ਉਦੈ ਹੋਈ ।ਅਕਸਰ ਹੀ ਉਦੇਸ਼ ਪ੍ਰੇਰਕ ਰਚਨਾਵਾਂ ਦਾ ਇਕ ਵਿਸ਼ੇਸ਼ ਖਾਸਾ ਹੁੰਦਾ ਹੈ ।ਅਜਿਹੀਆਂ ਰਚਨਾਵਾਂ ਵਿਚ ਮੁੱਖ ਪਾਤਰ ਨਾਇਕ ਵਜੋਂ ਸਾਹਮਣੇ ਆਉਂਦਾ ਹੈ ।ਇਸ ਕਿਸਮ ਦੀਆਂ ਕਹਾਣੀਆਂ ਵਿਚ ਘਟਨਾਵਾਂ ਨੂੰ ਇਕ ਖਾਸ ਵਿਉਂਤ ਤਹਿਤ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚੋਂ ਅਕਸਰ ਹੀ ਮੌਕਾ-ਮੇਲ ਦਾ ਪ੍ਰਭਾਵ ਝਲਕਦਾ ਹੈ ।ਸ਼ੁਰੂ ਵਿਚ ਈਸਾਈ ਮਿਸ਼ਨਰੀਆਂ ਦੀ ਪ੍ਰਚਾਰਕ ਨੀਤੀ ਦੇ ਪ੍ਰਤਿਕਰਮ ਵਿਚ ਲਿਖੀਆਂ ਕਹਾਣੀਆਂ ਦਾ ਸਰੂਪ ਉਪਦੇਸ਼ਾਤਮਕ ਹੀ ਸੀ ।ਈਸਾਈ ਮਿਸ਼ਨਰੀ ਅਤੇ ਸਾਡੇ ਪੰਜਾਬੀ ਲੇਖਕ ਅਸਲ ਵਿਚ ਕਹਾਣੀ ਜਾਂ ਹੋਰ ਆਧੁਨਿਕ ਸਾਹਿਤ ਰੂਪਾਂ ਨੂੰ ਆਪਣੇ ਪ੍ਰਚਾਰ ਲਈ ਇਕ ਹਥਿਆਰ ਵਜੋਂ ਵਰਤ ਰਹੇ ਸਨ ।ਪ੍ਰਥਮ ਸਥਾਨ ਉਦੇਸ਼ ਨੂੰ ਸੀ ।ਕਹਾਣੀ-ਰੂਪ ਇਕ ਸਾਧਨ ਵਜੋਂ, ਦੂਸਰੇ ਸਥਾਨ 'ਤੇ ਸੀ ।ਸਾਡੇ ਇਹ ਸਾਹਿਤ ਰੂਪ ਭਾਵੇਂ ਉਦੇਸ਼ ਪ੍ਰੇਰਿਤ ਹੀ ਸਨ ਪਰ ਸਹਿਜੇ-ਸਹਿਜੇ ਇਨ੍ਹਾਂ ਵਿਚੋਂ ਆਧੁਨਿਕ ਸਾਹਿਤ ਰੂਪਾਂ ਵਾਲੀ ਖ਼ਸਲਤ ਉਭਰਨ ਤੇ ਨਿਖਰਨ ਲੱਗੀ।ਜਿਵੇਂ-ਜਿਵੇਂ ਧਾਰਮਿਕ ਤੇ ਫਿਰ ਰਾਜਸੀ ਪਲੇਟਫਾਰਮ ਤੇ ਆਦਰਸ਼ ਬਦਲਦੇ ਗਏ ਤਿਵੇਂ ਦੀ ਵਿਸ਼ੇਗਤ ਤਬਦੀਲੀ ਸਾਡੇ ਕਹਾਣੀਕਾਰਾਂ ਵਿਚ ਵੀ ਨਜ਼ਰ ਆਉਂਦੀ ਹੈ ।ਵੱਡੇ ਸਮਾਜਕ ਸਰੋਕਾਰਾਂ ਵਾਲੇ ਗਲਪ ਵਿਚ 'ਜੀਵਨ ਕਿਵੇਂ ਦਾ ਹੋਵੇ' ਉੱਤੇ ਬਲ ਦਿੱਤਾ ਜਾਂਦਾ ਹੈ ।ਅਜਿਹੇ ਸਮੇਂ 'ਜੀਵਨ ਹੈ ਕੀ' ਨੂੰ ਵੇਖਣ ਜਾਂ ਪਰਖਣ ਦਾ ਨਾ ਸਮਾਂ ਹੁੰਦਾ ਹੈ ਅਤੇ ਨਾ ਹੀ ਇਸਦਾ ਸਾਰਥਕ ਮਹੱਤਵ ਬਣਦਾ ਹੈ ।ਜਦ ਵਿਦੇਸ਼ੀ ਹਾਕਮਾਂ ਦੇ ਮਨੋਰਥ ਹਿੱਤ ਉੱਠੀਆਂ ਲਹਿਰਾਂ ਸਾਡੇ ਸੰਸਕ੍ਰਿਤੀ ਦੇ ਔਗੁਣ ਦਰਸਾ ਰਹੀਆਂ ਸਨ ਤਾਂ ਅਜਿਹੇ ਸਮੇਂ ਸਾਡਾ ਆਪਣੇ ਵਿਰਸੇ ਨੂੰ ਗੁਣਾਂ ਭਰਪੂਰ ਦਰਸਾਉਣਾ ਹੀ ਹਾਲਾਤ ਦੀ ਮੁੱਖ ਲੋੜ ਸੀ ।ਪਰ ਜਿਵੇਂ-ਜਿਵੇਂ ਇਸ ਕਿਸਮ ਦਾ ਮਾਹੌਲ ਤੇ ਮਕਸਦ ਨਾ ਰਿਹਾ ਤਿਵੇਂ-ਤਿਵੇਂ ਸਾਡੇ ਆਧੁਨਿਕ ਸਾਹਿਤ ਰੂਪ ਵੀ ਜੀਵਨ ਦੇ ਹੋਰ ਪੱਖਾਂ ਤੇ ਵਿਸ਼ਿਆਂ ਦੇ ਰੂ-ਬਰੂ ਹੋਣ ਲੱਗੇ ।

ਸਾਡੀ ਸੁਤੰਤਰਤਾ ਦੀ ਮੁੱਢਲੀ ਜਾਗ੍ਰਿਤੀ ਦਾ ਮੁੱਢ ਧਾਰਮਿਕ ਲਹਿਰਾਂ ਤੋਂ ਹੀ ਬੱਝਾ।ਇਸ ਸਮੇਂ ਦੇ ਵੱਡੇ ਰਚਨਾਕਾਰ ਭਾਈ ਵੀਰ ਸਿੰਘ ਹਨ ।ਜਿਉਂ ਹੀ ਵੀਹਵੀਂ ਸਦੀ ਦੇ ਸ਼ੁਰੂ ਦੇ ਦਹਾਕਿਆਂ ਵਿਚ ਆਜ਼ਾਦੀ ਦਾ ਰਾਜਸੀ ਅੰਦੋਲਨ ਭਖ ਗਿਆ ਤਾਂ ਤਿਉਂ ਹੀ ਸਾਹਿਤ ਰਚਨਾਵਾਂ ਵਿਚ ਵੀ ਰਾਸ਼ਟਰੀ ਸਰੋਕਾਰ ਪੇਸ਼ ਹੋਣ ਲੱਗੇ ।ਮਨੁੱਖ ਨੂੰ ਜਾਤ-ਬਰਾਦਰੀ ਤੇ ਧਰਮ ਦੇ ਦਾਇਰੇ ਤੋਂ ਹਟ ਕੇ ਵੇਖਿਆ ਜਾਣ ਲੱਗਾ ।ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਅਜਿਹੇ ਸਮੇਂ ਦੇ ਸਭ ਤੋਂ ਵੱਡੇ ਲੇਖਕ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਆਪਣੀਆਂ ਸਾਹਿਤਕ ਕ੍ਰਿਤਾਂ ਵਿਚ ਪ੍ਰੀਤ ਫ਼ਲਸਫ਼ੇ ਦਾ ਧਾਰਨੀ ਸੀ । ਇਸ ਲਈ ਉਸ ਨੇ ਆਪਣਾ ਸਾਹਿਤਕ ਰਸਾਲਾ 'ਪ੍ਰੀਤਲੜੀ' (1935) ਵੀ ਇਕ ਸਾਧਨ ਵਜੋਂ ਵਰਤਿਆ ।ਗੁਰਬਖ਼ਸ਼ ਸਿੰਘ ਨੇ ਮਨੁੱਖ ਦੀ ਪ੍ਰੀਤ ਭੁੱਖ ਉੱਤੇ ਧਿਆਨ ਕੇਂਦਰਿਤ ਕੀਤਾ ।ਨਿਰਸੰਦੇਹ ਇਹ ਮਨੁੱਖ ਦੇ ਵਜੂਦ ਨੂੰ ਪਹਿਲ ਦੇਣ ਦਾ ਸਾਹਿਤਕ ਉਪਰਾਲਾ ਸੀ ।ਨਾਵਲਾਂ ਦੇ ਨਾਲ-ਨਾਲ ਉਸ ਦੀਆਂ ਕਹਾਣੀਆਂ ਵੀ ਇਸ ਰਵਿਸ਼ 'ਤੇ ਟਿਕੀਆਂ ਵਿਖਾਈ ਦੇਂਦੀਆਂ ਹਨ ।ਸਮੇਂ ਦੀ ਹਰਕਤ ਜਾਂ ਵੱਤ ਮੁਤਾਬਕ ਹੀ ਲੇਖਕ ਅਤੇ ਸਾਹਿਤ ਰੂਪ ਪ੍ਰਵਾਨਿਤ ਹੁੰਦੇ ਹਨ ।ਹਾਲਾਤ ਦੇ ਵੇਗ ਤੋਂ ਉਲਟ ਨਾ ਹੀ ਕੁਝ ਉੱਗਦਾ ਜਾਂ ਪੈਦਾ ਹੁੰਦਾ ਹੈ ਤੇ ਨਾ ਹੀ ਉਸਨੂੰ ਸਵੀਕ੍ਰਿਤੀ ਮਿਲਦੀ ਹੈ ।ਸਮਾਜ ਅਤੇ ਜੀਵਨ ਇਕ ਪਰਿਵਰਤਨਸ਼ੀਲ ਵਰਤਾਰਾ ਹੈ ।ਅਕਸਰ ਹੀ ਕੁਝ ਸਮੇਂ ਤੋਂ ਬਾਅਦ ਇਕ ਪੱਖ ਤੋਂ ਹਟ ਕੇ ਹੋਰਨਾਂ ਪੱਖਾਂ ਨੂੰ ਜਾਣਨ ਦੀ ਰੁਚੀ ਪ੍ਰਬਲ ਹੋ ਜਾਂਦੀ ਹੈ ।ਸਾਡੇ ਆਧੁਨਿਕ ਸਾਹਿਤ ਰੂਪ ਸਹੀ ਮਾਅਨਿਆਂ ਵਿਚ ਧਾਰਮਿਕ ਪੁਨਰ-ਸੁਰਜੀਤੀ ਅਤੇ ਸੁਤੰਤਰਤਾ ਦੀਆਂ ਲਹਿਰਾਂ ਦੇ ਮਾਂਦ ਪੈ ਜਾਣ ਤੋਂ ਬਾਅਦ ਹੀ ਆਪਣੇ ਅਸਲ ਖਾਸੇ ਵੱਲ ਪਰਤਦੇ ਹਨ ।

ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਅੰਜੂ-ਗਾੜ੍ਹੂ' ਵਿਚ ਅੰਜੂਗਾੜ੍ਹੂ ਵਰਗੇ, ਬੇ-ਆਸਰੇ ਰੂਪ ਵਿਚ ਰੁਲਦੇ, ਬਾਲ-ਪਾਤਰ ਦੀ ਤਸਵੀਰ ਪੇਸ਼ ਹੋਈ ਹੈ ।ਅੰਜੂਗਾੜ੍ਹੂ ਸਾਧਾਰਨ ਪਾਤਰ



ਵੀ ਹੈ ਤੇ ਸਾਧਾਰਣ ਸਥਿਤੀ ਵਿਚ ਵੀ ।ਇਸ ਤਰ੍ਹਾਂ ਕਹਾਣੀ ਆਪਣੇ ਪਰਿਭਾਸ਼ਕ ਗੁਣ ਸਾਧਾਰਣਤਾ ਵੱਲ ਤੁਰਦੀ ਹੈ ।ਨਾਲ ਇਸ ਵਿਚ ਪਾਤਰ ਦੇ ਯਤੀਮ ਤੇ ਤਰਸਮੁਖੀ ਹੋਣ ਦਾ ਪ੍ਰਭਾਵ ਵੀ ਮਿਲਦਾ ਹੈ ।ਇਸ ਕਿਸਮ ਦੇ ਸਾਹਿਤਕ ਮੋਟਿਫ਼ (ਮਤਰੇਈ ਮਾਂ, ਯਤੀਮ, ਸੌਤੇਲੀ ਔਲਾਦ) ਮੱਧਕਾਲੀ ਕਥਾ ਸਾਹਿਤ ਵਿਚ ਆਮ ਮਿਲਦੇ ਹਨ ।ਇਨ੍ਹਾਂ ਦਾ ਪ੍ਰਭਾਵ ਅੱਗੇ ਆਧੁਨਿਕ ਸਾਹਿਤ ਰੂਪਾਂ ਵਿਚ ਆਉਣਾ ਹੀ ਸੀ ਤੇ ਇਹ ਆਇਆ ।ਆਧੁਨਿਕ ਕਹਾਣੀ ਦੇ ਕੇਂਦਰ ਵਿਚ ਆਮ ਜਾਂ ਸਾਧਾਰਨ ਪਾਤਰ ਹੀ ਹੁੰਦੇ ਹਨ ।ਇਹ ਦੁੱਖਾਂ/ਥੁੜਾਂ/ਸਮੱਸਿਆਵਾਂ ਜਾਂ ਮੁਸ਼ਕਲਾਂ ਨੂੰ ਪ੍ਰਗਟਾਉਣ ਦੀ ਹੀ ਵਿਧਾ ਹੈ ।ਕਹਾਣੀ ਬਿਨਾਂ ਲੰਮੀ ਚੌੜੀ ਭੂਮਿਕਾ ਦੇ ਸਿੱਧੀ ਸਮੱਸਿਆ ਦੇ ਰੂ-ਬਰੂ ਹੁੰਦੀ ਹੈ ।ਇਹ ਸਮਝਾਉਣ ਜਾਂ ਵਿਆਖਿਆ ਦੀ ਸਰਲ ਭਾਸ਼ਾ ਨਹੀਂ ਹੈ ।ਇਹ ਉਚੇਚ ਨਾਲ ਸਮਝਣ ਵਾਲੀ ਭਾਸ਼ਾ ਹੈ ।ਇਸ ਵਿਚ ਗੱਲ ਦੱਸੀ ਨਹੀਂ ਸੁਝਾਈ ਹੁੰਦੀ ਹੈ ।ਇਹ ਸਮਾਜ ਦੀ ਦੁੱਖਦੀ ਰਗ ਉੱਤੇ ਟਕੋਰ ਲਾਉਣ ਵਾਲੀ ਵਿਧਾ ਹੈ । 'ਭਾਬੀ ਮੈਨਾ' ਕਹਾਣੀ ਵਿਚ ਇਕ ਨੌਜਵਾਨ ਵਿਧਵਾ ਦੇ ਜੀਵਨ ਰਾਹੀਂ ਹਿੰਦੂ ਸਮਾਜ ਦੀ ਸਥਿਤੀ ਉੱਤੇ ਵਿਅੰਗ ਕੀਤਾ ਗਿਆ ਹੈ ।ਆਧੁਨਿਕ ਸਾਹਿਤ ਰੂਪਾਂ ਵਿਚ ਉਦੇਸ਼ ਹੁੰਦਾ ਤਾਂ ਹੈ ਪਰ ਗੁੱਝਾ ।ਕਹਾਣੀ ਸਮਾਜ ਨੂੰ ਪੱਤਰਕਾਰੀ ਵਾਂਗ ਨਿੰਦਦੀ ਨਹੀਂ ਹੈ ।ਇਹ ਸਮਾਜ ਦੀ ਅੰਦਰਲੀ ਮੁਸ਼ਕਲ ਪੇਸ਼ ਕਰਦੀ ਹੈ ।ਜਿਥੇ ਨਿੰਦਾ ਹਮੇਸ਼ਾ ਸੱਤਹੀ ਹੁੰਦੀ ਹੈ ਉਥੇ ਕਿਸੇ ਬਣਤਰ ਦੀ ਅੰਦਰਲੀ ਸਮਝ ਹਮੇਸ਼ਾ ਵੱਡੀ ਚੀਜ਼ ।ਪੱਤਰਕਾਰੀ ਜਿਥੇ ਕੇਵਲ ਜਾਣਕਾਰੀ ਦੇਂਦੀ ਹੈ, ਉਥੇ ਸਾਹਿਤ ਨਾਲ ਸਮਝ ਵੀ ਦੇਂਦਾ ਹੈ ।ਇਸੇ ਵਿਚ ਹੀ ਸਾਹਿਤ ਜਾਂ ਕਹਾਣੀ ਦੀ ਪਾਇਦਾਰੀ ਜਾਂ ਸਦੀਵਤਾ ਹੁੰਦੀ ਹੈ ।

ਕਹਾਣੀ ਨੂੰ ਅੰਗਰੇਜ਼ੀ ਵਿਚ 'ਸ਼ਾਰਟ-ਸਟੋਰੀ' ਕਿਹਾ ਜਾਂਦਾ ਹੈ ।ਇਸ ਦਾ ਅਨੁਵਾਦ 'ਨਿੱਕੀ' ਜਾਂ 'ਛੋਟੀ ਕਹਾਣੀ' ਹੈ ।ਪਰ ਇਸ ਲਈ ਢੁਕਵਾਂ ਨਾਮ ਕਹਾਣੀ ਹੀ ਹੈ ।ਅੱਜ ਕਲ੍ਹ 'ਲੰਮੀ ਕਹਾਣੀ' ਅਤੇ 'ਨਾਵਲੀ ਕਹਾਣੀ' ਦੀ ਗੱਲ ਵੀ ਕੀਤੀ ਜਾਂਦੀ ਹੈ ।ਕਹਾਣੀ ਨਿੱਕੀ ਹੋ ਕੇ ਜਾਂ ਲੰਮੀ ਹੋ ਕੇ ਵੀ ਕਹਾਣੀ ਹੀ ਹੈ ।ਨਿੱਕੇ/ਵੱਡੇ ਜਾਂ ਲੰਮੇ ਹੋਣ ਦਾ ਸੰਬੰਧ ਇਸ ਦੇ ਆਕਾਰ ਨਾਲ ਤਾਂ ਹੋ ਸਕਦਾ ਹੈ ਪਰ ਇਸ ਦੇ ਵਿਧਾਗਤ ਖਾਸੇ ਨਾਲ ਨਹੀਂ ।ਕਹਾਣੀ ਭਾਵੇਂ ਜਿੰਨੀ ਮਰਜ਼ੀ ਲੰਮੀ ਲਿਖੀ ਗਈ ਹੋਵੇ ਪਰ ਉਸ ਦਾ ਅਸਲ ਚਰਿੱਤਰ ਆਪਣੀ ਵਿਧਾ ਮੁਤਾਬਕ ਹੀ ਹੋਵੇਗਾ ।ਕਹਾਣੀ ਦੇ ਥੀਮ ਵਿਚ ਵੱਖ-ਵੱਖ ਰੀਮ ਜਾਂ ਤੰਦਾਂ ਹੋ ਸਕਦੀਆਂ ਹਨ ।ਕਹਾਣੀ ਦੇ ਮੁੱਖ-ਬਿਰਤਾਂਤ ਨਾਲ ਕਈ ਉਪ-ਬਿਰਤਾਂਤ ਵੀ ਜੁੜੇ ਹੋ ਸਕਦੇ ਹਨ ।ਪਰ ਫਿਰ ਵੀ ਅਜੇਹੀ ਕਹਾਣੀ ਆਪਣੀ ਸੰਕੇਤਕ ਤੇ ਸੰਜਮੀ ਭਾਸ਼ਾ ਨਾਲ ਪਾਤਰਾਂ ਦੀਆਂ ਕੇਵਲ ਮਾਨਸਿਕ ਦੁਬਿਧਾਵਾਂ ਨੂੰ ਚਿਤਰਣ ਵਾਲਾ ਸਾਹਿਤ ਰੂਪ ਹੀ ਹੋਵੇਗੀ ।ਇਸ ਤਰ੍ਹਾਂ ਦੀ ਸਥਿਤੀ ਹੀ ਨਾਵਲੀ ਕਹਾਣੀ ਦੀ ਹੋਵੇਗੀ ।ਅਸਲ ਵਿਚ ਲੰਮੀ ਕਹਾਣੀ ਜਾਂ ਨਾਵਲੀ ਕਹਾਣੀ ਦੇ ਤਖ਼ੱਲਸ ਕਹਾਣੀ ਦੇ ਅਸਲ ਖ਼ਮੀਰ ਨੂੰ ਸਮਝੇ ਬਿਨ੍ਹਾਂ ਕੇਵਲ ਵੱਡੇ ਆਕਾਰ ਨੂੰ ਵੇਖ ਕੇ ਬੋਲੇ ਸਹਿਜ ਸੰਕਲਪ ਹਨ ।ਇਨ੍ਹਾਂ ਸੰਕਲਪਾਂ ਨੂੰ ਬਹੁਤਾ ਗੰਭੀਰ ਮੰਨ ਲੈਣ ਦੀ ਥਾਂ ਕੇਵਲ ਆਮ ਨਿਖੇੜੇ ਵਜੋਂ ਹੀ ਵੇਖਣਾ ਚਾਹੀਦਾ ਹੈ ।ਪ੍ਰੇਮ ਪ੍ਰਕਾਸ਼ ਦੀ ਕਹਾਣੀ "ਲੱਛਮੀ" ਆਕਾਰ ਵਜੋਂ ਚਾਰ-ਕੁ ਸਫ਼ੇ ਦੀ ਹੀ ਹੈ ।ਪਰ ਇਸ ਵਿਚ ਬਾਲ ਮਨਾਂ ਦੀ ਅਚੇਤ-ਸੁਚੇਤ ਮਨੋਸਥਿਤੀ 'ਤੇ ਜੰਮੀ ਹੋਈ ਜਾਤ-ਗੋਤ ਦੀ ਗਰਦ/ਧੂੜ ਦਾ ਚਿੱਤ੍ਰਣ ਇਕ ਕਹਾਣੀ ਰੂਪ ਵਜੋਂ ਕਮਾਲ ਦਾ ਹੈ ।ਵਰਿਆਮ ਸੰਧੂ ਦੀਆਂ ਕਹਾਣੀਆਂ ਦਸ-ਬਾਰਾਂ ਸਫ਼ੇ ਦੀਆਂ ਹੁੰਦੀਆਂ ਹਨ ।ਪ੍ਰੇਮ ਪ੍ਰਕਾਸ਼ ਦੀ ਕਹਾਣੀ "ਡੈੱਡ ਲਾਈਨ" ਵੀ ਆਮ ਤੋਂ ਕੁਝ ਲੰਮੇਰੀ ਹੈ ।ਪਰ ਕਹਾਣੀ ਆਪਣੇ ਅੰਦਰਲੇ ਵਿਹਾਰ ਜਾਂ ਖ਼ਮੀਰ ਕਰਕੇ ਕਹਾਣੀ ਹੀ ਹੁੰਦੀ ਹੈ ।ਕਹਾਣੀ ਦੀ ਸੰਖੇਪਤਾ ਸੰਬੰਧੀ ਕਈ ਟਿੱਪਣੀਆਂ ਮਿਲਦੀਆਂ ਹਨ ।ਜਿਵੇਂ ਕਹਾਣੀ ਇਕੋ ਬੈਠਕ ਵਿਚ ਪੜ੍ਹੇ ਜਾਣ ਵਾਲਾ ਸਾਹਿਤ ਰੂਪ ਹੈ ਜਾਂ ਇਸ ਦਾ ਸਫ਼ਰ ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤਕ ਦਾ ਹੁੰਦਾ ਹੈ ।ਇਹ ਕਹਾਣੀ ਦੇ ਰੂਪ ਸੰਬੰਧੀ ਆਮ ਰਾਵਾਂ ਹਨ ।ਇਨ੍ਹਾਂ ਦਾ ਮੁੱਲ ਆਪਣਾ ਹੈ ।ਕਹਾਣੀ ਦਾ ਅਸਲ ਛੋਟਾਪਣ ਇਸ ਦੀ ਗੱਲ ਕਹਿਣ ਦੀ ਅੰਦਾਜ਼-ਵਿਧੀ ਵਿਚ ਹੈ ।ਇਹ ਗੱਲ ਖੋਲ੍ਹਦੀ ਘੱਟ ਤੇ ਇਸ ਦਾ

ਸੰਕੇਤ ਵਧੇਰੇ ਦੇਂਦੀ ਹੈ ।ਇਹ ਬਿਨਾਂ ਕਿਸੇ ਲੰਮੀ ਚੌੜੀ ਪਿੱਠਭੂਮੀ ਦੇ ਫ਼ੌਰੀ ਰੂਪ ਵਿਚ ਆਪਣਾ ਅਸਲ ਆਰੰਭ ਕਰਦੀ ਹੈ ।ਇਸ ਦੀ ਸੁਰ ਸੂਖ਼ਮ ਤੇ ਧੀਮੀ ਵੀ ਹੁੰਦੀ ਹੈ ।ਇਹ ਸਹਿਜ ਦੇ ਸੁਹਜ ਵਾਲਾ ਰੂਪ ਹੈ ।ਕੋਈ ਨਿਰਣਾ ਦੇਣਾ ਕਹਾਣੀ ਦਾ ਧਰਮ ਨਹੀਂ ਹੈ ।ਇਹ ਆਪਣੇ ਰੂਪਕੀ ਸੁਭਾਅ ਕਰਕੇ ਕਹਾਣੀ ਹੀ ਹੈ ।ਇਸ ਨਾਲ ਬਾਕੀ ਤਖ਼ੱਲਸ ਬੇਲੋੜੇ ਹਨ ।ਨਾਵਲ ਜਿਵੇਂ ਆਪਣੇ ਵਿਧਾਗਤ ਖਾਸੇ ਕਰਕੇ ਨਾਵਲ ਹੈ ।ਮੜ੍ਹੀ ਦਾ ਦੀਵਾ ਅਤੇ ਬੁੱਢਾ ਤੇ ਸਮੁੰਦਰ ਵਰਗੇ ਨਾਵਲ ਆਕਾਰ ਵਿਚ ਬਹੁਤ ਛੋਟੇ ਹਨ ।ਪਰ ਇਹ ਸ਼ਾਹਕਾਰ ਨਾਵਲ ਹਨ ।ਇਨ੍ਹਾਂ ਨੂੰ ਛੋਟੇ ਨਾਵਲ ਨਹੀਂ ਨਾਵਲ ਹੀ ਕਿਹਾ ਜਾਂਦਾ ਹੈ । ਇਸ ਤਰ੍ਹਾਂ ਕਹਾਣੀਆਂ ਆਕਾਰ ਵਿਚ ਲੰਮੀਆਂ ਹੋ ਕੇ ਵੀ ਕਹਾਣੀਆਂ ਹੀ ਹਨ। ਕੁਝ ਵੱਖਰੀਆਂ ਵਿਸ਼ੇਸ਼ਤਾਵਾਂ ਕਰਕੇ ਕਹਾਣੀ ਲੰਮੀ ਜਾਂ ਨਾਵਲੀ ਹੋ ਕੇ ਵੀ ਕਹਾਣੀ ਹੀ ਰਹਿੰਦੀ ਹੈ।

ਕਹਾਣੀ ਵਕਤੀ ਨਹੀਂ ਦੀਰਘ-ਕਾਲੀ ਫ਼ਿਤਰਤ ਨੂੰ ਪਕੜਦੀ ਹੈ ।ਕਹਾਣੀਕਾਰ ਮਨੁੱਖ ਜਾਂ ਸਮਾਜ ਦੇ ਵਜੂਦ ਵਿਚ ਲਹਿ ਜਾਂ ਵੱਸ ਗਈ ਲੰਮੀ ਖ਼ਸਲਤ ਦੇ ਰੁਬਰੂ ਹੁੰਦੇ ਹਨ ।ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਮਨੁੱਖੀ ਫ਼ਿਤਰਤ ਦੇ ਕਈ ਲੱਛਣ ਵੇਖੇ ਜਾ ਸਕਦੇ ਹਨ ।ਮਨੁੱਖ ਵਿਚ ਸਾਂਝ ਪਾਲਣ, ਰਿਸ਼ਤੇ ਬਨਾਉਣ ਤੇ ਦੁੱਖ ਵੰਡਾਉਣ ਦੀ ਸੁਭਾਵਕ ਫ਼ਿਤਰਤ ਹੈ ।ਵਿਰਕ ਦੀਆਂ 'ਖੱਬਲ', 'ਦੁੱਧ ਦਾ ਛੱਪੜ' ਤੇ 'ਧਰਤੀ ਹੇਠਲਾ ਬਲਦ' ਕਹਾਣੀਆਂ ਮਨੁੱਖ ਦੀ ਟੁੱਟ ਕੇ ਵੀ ਨਾ ਟੁੱਟਣ ਦੀ ਸਮਰਥਾ ਅਤੇ ਨਾ ਜਰ ਜਾਂ ਸਹਿ ਸਕਣ ਵਾਲੀਆਂ ਘਟਨਾਵਾਂ ਨੂੰ ਵੀ ਸਹਿ ਜਾਣ ਦੀ ਸ਼ਕਤੀ ਦਾ ਪ੍ਰਤਿਨਿਧ ਨਮੂਨਾ ਹਨ ।ਜਦ ਕੋਈ ਸਾਹਿਤ ਰਚਨਾ ਜਾਂ ਕਹਾਣੀ ਵਕਤੀ ਜਾਂ ਫ਼ੌਰੀ ਘਟਨਾਵਾਂ ਤੋਂ ਉਪਰ ਸਮਾਜ ਜਾਂ ਮਨੁੱਖ ਵਿਚ ਪਈਆਂ ਦੀਰਘ ਕਾਲੀ ਖਸਲਤਾਂ ਨੂੰ ਪਕੜਦੀ ਹੈ ਤਾਂ ਇਸੇ ਵਿਚ ਹੀ ਉਸ ਦਾ ਦਾਰਸ਼ਨਿਕ ਵਜ਼ਨ ਬਣਦਾ ਹੈ ।ਇਹੀ ਗੁਣ ਹੀ ਰਚਨਾਵਾਂ ਨੂੰ ਕਲਾਸਕੀ ਬਣਾ ਦੇਂਦਾ ਹੈ ।

ਕਹਾਣੀ ਘਟਨਾਵਾਂ 'ਤੇ ਟਿਕੀ ਹੋ ਸਕਦੀ ਹੈ ।ਪਰ ਕਹਾਣੀ ਘਟਨਾਵਾਂ ਰਾਹੀਂ ਪਹੁੰਚਦੀ ਮਨੁੱਖੀ ਸੁਭਾਅ ਦੀ ਵਿਸ਼ੇਸ਼ ਬਣਤਰ ਤੱਕ ਹੈ ।ਕਈ ਵਾਰ ਘਟਨਾਵਾਂ ਤੋਂ ਬਿਨਾਂ ਵੀ ਕਹਾਣੀਕਾਰ ਅਜੇਹਾ ਕਰ ਵਿਖਾਉਂਦੇ ਹਨ ।ਸੰਤ ਸਿੰਘ ਦੀ ਕਹਾਣੀ "ਪੇਮੀ ਦੇ ਨਿਆਣੇ" ਘਟਨਾ ਨਹੀਂ ਘਟਨਾ ਵਾਪਰਨ ਦੇ ਡਰ ਦੀ ਮਨੋਸਥਿਤੀ 'ਤੇ ਟਿਕੀ ਹੋਈ ਹੈ ।ਇਸ ਕਹਾਣੀ ਵਿਚ ਬਿਨਾਂ ਕਿਸੇ ਘਟਨਾ ਦੇ ਵੀ ਬਾਲ ਮਨੋਸਥਿਤੀ ਉੱਤੇ ਪਈ ਸਾਡੀ ਲੋਕਧਾਰਾਈ ਸਮਾਜਕ ਸੰਰਚਨਾ ਦੀ ਛਾਪ ਵੇਖੀ ਜਾ ਸਕਦੀ ਹੈ। ਸੇਖੋਂ ਦੀ ਕਹਾਣੀ "ਹਲਵਾਹ" ਵੀ ਕੁਝ ਅਜਿਹੀ ਹੀ ਹੈ ।ਇਸ ਕਹਾਣੀ ਵਿਚ ਕੁਝ ਘਟਨਾਤਮਕ ਵੇਰਵੇ ਕਹਾਣੀ ਦਾ ਸਹਿਜ ਆਧਾਰ ਹਨ ।ਕਹਾਣੀ ਦਾ ਅਸਲ ਤੇ ਗਹਿਨ ਰੂਪ ਕੰਮ ਦੀ ਮਾਰ ਤੋਂ ਭੰਨੇ ਨੌਜਵਾਨ ਦੀ ਮਨੋਸਥਿਤੀ ਵਿਚ ਪਈਆਂ ਰੀਝਾਂ ਜਾਂ ਸਾਂਝਾਂ ਦੇ ਅਧੂਰੇ ਰਹਿ ਜਾਣ ਨਾਲ ਸੰਬੰਧਿਤ ਹੈ।ਬੰਦੇ ਦੀ ਮਨੋਸਥਿਤੀ, ਸੁਭਾਅ ਜਾਂ ਆਦਤਾਂ ਬਣਦੀਆਂ ਤੇ ਉਸਰਦੀਆਂ ਕਿਵੇਂ ਹਨ, ਇਨ੍ਹਾਂ ਦਾ ਅਸਲ ਨਿਭਾਅ ਕਿਵੇਂ ਦਾ ਹੈ, ਇਸ ਦੀ ਪੇਸ਼ਕਾਰੀ ਹੀ ਕਹਾਣੀ ਦੀ ਮੁੱਖ ਵਿਸ਼ੇਸ਼ਤਾਈ ਹੈ ।ਦਲੀਪ ਕੌਰ ਟਿਵਾਣਾ ਦੀ ਕਹਾਣੀ "ਉਹ ਸੋਚਦੀ" ਵਿਚ ਵੀ ਘਟਨਾ ਨੂੰ ਪਿਛੋਕੜ ਵਿਚ ਰੱਖ ਕੇ ਮੁੱਖ ਪਾਤਰ ਜੀਤੀ ਦੀਆਂ ਮਾਨਸਿਕ ਦੁਬਿਧਾਵਾਂ ਨੂੰ ਪੇਸ਼ ਕੀਤਾ ਗਿਆ ਹੈ ।ਇਸ ਤਰ੍ਹਾਂ ਕਹਾਣੀਕਾਰ ਘਟਨਾਵਾਂ ਰਾਹੀਂ ਵੀ ਬੰਦੇ ਦੇ ਸੁਭਾਅ ਦੀ ਖ਼ਾਸੀਅਤ ਨੂੰ ਪੇਸ਼ ਕਰਦੇ ਹਨ ਤੇ ਘਟਨਾਵਾਂ ਤੋਂ ਬਿਨਾਂ ਵੀ ।ਕਹਾਣੀ ਅਸਲ ਵਿਚ ਮਨੁੱਖ ਦੀ ਮਨੋਸਥਿਤੀ ਉੱਤੇ ਕੇਂਦਰਿਤ ਹੁੰਦੀ ਹੈ ।

ਕਹਾਣੀ ਲੰਮੀ ਵੀ ਹੋ ਸਕਦੀ ਹੈ ਤੇ ਛੋਟੀ ਵੀ ।ਪਰ ਲੰਮੀ ਹੋਣ ਤੋਂ ਮਤਲਬ ਕਿਸੇ ਵਿਆਖਿਆ ਜਾਂ ਭੂਮਿਕਾਈ ਪਿਛੋਕੜ ਤੋਂ ਨਹੀਂ ਹੈ।ਕੋਈ ਕਹਾਣੀ ਜਦ ਆਪਣੇ ਮੂਲ ਬਿਰਤਾਂਤ ਨਾਲ ਨਿੱਕੇ-ਨਿੱਕੇ ਹੋਰ ਉਪ-ਬਿਰਤਾਂਤ ਜੋੜ ਲੈਂਦੀ ਹੈ ਤਾਂ ਆਮ ਤੋਂ ਥੋੜ੍ਹਾ ਲੰਮੀ ਹੋ ਸਕਦੀ ਹੈ ।ਪਰ ਇਹ ਉਪ-ਬਿਰਤਾਂਤ ਜਾਂ ਹੋਰ ਗੌਣ ਭਾਗ ਕਹਾਣੀ ਦੇ ਆਪਣੇ ਸੁਭਾਅ ਮੁਤਾਬਕ ਹੀ ਮੂਲ ਬਿਰਤਾਂਤ



ਨਾਲ ਪਰੋਏ ਹੁੰਦੇ ਹਨ ।ਇਨ੍ਹਾਂ ਵਿਚ ਵਿਆਖਿਆ ਜਾਂ ਉਪਦੇਸ਼ ਨੂੰ ਕੋਈ ਥਾਂ ਨਹੀਂ ਹੈ ।ਵਿਆਖਿਆ ਜਾਂ ਉਪਦੇਸ਼ ਮੁੱਖ ਰਚਨਾਵਾਂ ਨੂੰ ਆਧੁਨਿਕ ਕਾਲ ਤੋਂ ਪਹਿਲਾਂ ਮਾਨਤਾ ਸੀ ।ਅਜੇਹੀਆਂ ਰਚਨਾਵਾਂ ਸਾਖੀਆ, ਜਨਮ ਸਾਖੀਆਂ, ਬਾਤਾਂ ਜਾ ਕਥਾਵਾਂ ਤਾਂ ਹੋ ਸਕਦੀਆਂ ਹਨ ਪਰ ਕਹਾਣੀਆਂ ਨਹੀਂ । ਕਹਾਣੀ ਜਿੰਨੀ ਮਰਜ਼ੀ ਲੰਮੀ ਜਾਂ ਛੋਟੀ ਹੋਵੇ ਇਸ ਨੂੰ ਵਿਆਖਿਆ ਦਰਕਾਰ ਨਹੀਂ ਹੈ ।ਸਾਡੇ ਸਮਿਆਂ ਦੇ ਪ੍ਰਤਿਨਿਧ ਕਹਾਣੀਕਾਰ ਵਰਿਆਮ ਸੰਧੂ ਦੀਆਂ ਕਹਾਣੀਆਂ ਲੰਮੀਆਂ ਹੋ ਕੇ ਵੀ ਕਹਾਣੀਆਂ ਹੀ ਹਨ ।ਸੰਧੂ ਦੀਆਂ ਕਹਾਣੀਆਂ ਅਨੇਕਾਂ ਉਪ-ਬਿਰਤਾਂਤਾਂ ਨਾਲ ਤਾਂ ਭਰਪੂਰ ਹਨ ਪਰ ਵਿਖਿਆਨ ਨਾਲ ਨਹੀਂ ।ਜੇ ਕਿਸੇ ਕਹਾਣੀ ਜਾਂ ਕਹਾਣੀਕਾਰ ਵਿਚ ਵਿਆਖਿਆ ਜਾਂ ਉਪਦੇਸ਼ ਦੀ ਕੋਈ ਕਾਣ ਨਜ਼ਰ ਆਵੇਗੀ ਤਾਂ ਉਹ ਰੂਪ-ਵਿਧਾ ਦੇ ਪੱਖ ਤੋਂ ਕਮਜ਼ੋਰੀ ਮੰਨੀ ਜਾਵੇਗੀ ।

ਅਜੋਕੀ ਕਹਾਣੀ ਨਾ ਨਾਇਕ ਉਭਾਰਦੀ ਹੈ ਤੇ ਨਾ ਖ਼ਲਨਾਇਕ ।ਇਹ ਸਥਿਤੀ ਜਾਂ ਹਾਲਾਤ ਦੇ ਸੱਚ ਨਾਲ ਵਫ਼ਾ ਪਾਲਦੀ ਹੈ ।ਪਾਤਰ ਜਾਂ ਬੰਦੇ ਤਾਂ ਹਾਲਾਤ ਦੇ ਪ੍ਰਗਟਾਵੇ ਹਨ ।ਅਸਲ ਕੰਮ ਤਾਂ ਸਮਾਜ ਦੀ ਸੰਰਚਨਾ ਨੂੰ ਸਮਝਣ ਜਾਂ ਪੇਸ਼ ਕਰਨ ਦਾ ਹੈ ।ਸੰਤੋਖ ਸਿੰਘ ਧੀਰ ਦੀ ਕਹਾਣੀ "ਕੋਈ ਇਕ ਸਵਾਰ" ਵਿਚ ਟਾਂਗੇ ਵਾਲਾ ਬਾਰੂ ਵੀ ਆਧੁਨਿਕ ਸਭਿਅਤਾ ਦੀ ਨਵੀਂ ਮਸ਼ੀਨਰੀ ਜਾਂ ਮੋਟਰ ਸਾਹਵੇਂ ਵਿਚਾਰਾ ਬਣ ਕੇ ਰਹਿ ਜਾਂਦਾ ਹੈ ।ਨਵਾਂ ਕਿਵੇਂ ਪੁਰਾਣੇ ਨੂੰ ਰੌਂਦ ਕੇ ਲੰਘ ਜਾਂਦਾ ਹੈ, ਇਹ ਕਹਾਣੀ ਇਸ ਤਬਦੀਲ ਹੋ ਰਹੇ ਵਰਤਾਰੇ ਦਾ ਗਹਿਨ ਸੱਚ ਹੈ ।ਇਸ ਕਹਾਣੀ ਵਿਚ ਕਿਤੇ ਵੀ ਲੇਖਕ ਨਵੀਂ ਸਭਿਅਤਾ ਨੂੰ ਨਾ ਨਿੰਦਦਾ ਹੈ ਨਾ ਪੁਰਾਣੀ ਦੀ ਸਲਾਹੁਤ ਕਰਦਾ ਹੈ ।ਲੇਖਕ ਦੋ ਪੁੜਾਂ ਵਿਚ ਪਿਸ ਜਾਣ ਵਾਲੇ ਪਾਤਰ 'ਤੇ ਧਿਆਨ ਕੇਂਦਰਿਤ ਕਰਦਾ ਹੈ ।ਵਿਰਕ ਦੀ ਕਹਾਣੀ "ਤੂੜੀ ਦੀ ਪੰਡ" ਵਿਚ ਵੀ ਨਵੇਂ ਹਾਲਾਤ ਦੇ ਸਾਹਵੇਂ ਪੁਰਾਣਾ ਭਾਈਚਾਰਾ ਟੁੱਟਣ ਜਾਂ ਬਿਖਰਨ ਲੱਗਦਾ ਹੈ ।ਬੰਦੇ ਜਾਂ ਪਾਤਰ, ਤੱਥ ਤੇ ਘਟਨਾਵਾਂ ਸਮਾਜ ਦਾ ਤਰਦਾ ਰੂਪ ਹਨ ।ਸਮਾਜ ਦਾ ਅਸਲ ਰੂਪ ਤਾਂ ਇਸ ਦੀ ਅੰਦਰਲੀ ਸੰਰਚਨਾ ਹੈ ।ਇਹ ਸੰਰਚਨਾ ਨਾ ਰਾਤੋ-ਰਾਤ ਬਣਦੀ ਹੈ ਤੇ ਨਾ ਬਦਲਦੀ ਹੈ ।ਕਲਾਕਾਰ ਆਪਣੀ ਦੀਰਘ-ਦ੍ਰਿਸ਼ਟੀ ਨਾਲ ਸਮਾਜ ਅੰਦਰਲੀ ਗਹਿਨ ਸੰਰਚਨਾ ਨੂੰ ਪਕੜਦੇ ਹਨ ।ਇਸ ਪੇਸ਼ਕਾਰੀ ਨਾਲ ਹੀ ਰਚਨਾਵਾਂ ਪਾਇਦਾਰ ਬਣਦੀਆਂ ਹਨ ।ਸਮਾਜ ਵੰਨ-ਸਵੰਨਾ ਤੇ ਗੁੰਝਲਦਾਰ ਵਰਤਾਰਾ ਹੈ। ਇਸ ਵਿਚ ਅਨੇਕਾਂ ਰੰਗ ਤੇ ਸੱਚ ਹਨ ।ਹਰ ਰੰਗ ਦਾ ਆਪਣਾ ਮਹੱਤਵ ਹੈ ।ਗੁਰਦਿਆਲ ਸਿੰਘ ਦੀ ਇਕ ਕਹਾਣੀ ਦਾ ਨਾਂ ਹੈ 'ਸਾਂਝ' । ਪਰ ਪਾਤਰਾਂ ਵਿਚ ਸਾਂਝ ਮਰ-ਮੁੱਕ ਰਹੀ ਹੈ ।ਇਹ ਬੀਤੇ ਵਿਚ ਤਾਂ ਸੀ ਪਰ ਵਰਤਮਾਨ ਵਿਚ ਹੇਰਵਾ ਤੇ ਵਿਛੋੜਾ ਹੈ ।ਇਸ ਕਹਾਣੀ ਵਿਚ ਬੰਤੂ ਪਿਛਲੀ ਉਮਰੇ ਆਪਣੀ ਔਲਾਦ ਹੱਥੋਂ ਬੇਕਦਰੀ ਵਾਲਾ ਜੀਵਨ ਜਿਊਂਦਾ ਹੈ ।ਜੈਕੁਰ ਆਪਣੀ ਔਲਾਦ ਨਾ ਹੋਣ ਕਰਕੇ ਭਰਾਵਾਂ - ਭਤੀਜਿਆਂ ਕੋਲ ਦਿਨ-ਕਟੀ ਕਰਦੀ ਹੈ ।ਇਕ ਦੀ ਔਲਾਦ ਹੈ ਪਰ ਜੀਵਨ ਫਿਰ ਵੀ ਇਕੱਲਾ ਜਾਂ ਸੱਖਣਾ ।ਦੂਜੇ (ਜੈਕੁਰ) ਦਾ ਔਲਾਦ ਨਾ ਹੋਣ ਕਰਕੇ ਜੀਵਨ ਸੁੰਞਾ ਵੀ ਹੈ ਤੇ ਪਰ-ਨਿਰਭਰ ਵੀ ।ਹਰ ਕੋਈ 'ਨਾਨਕ ਦੁਖੀਆ ਸਭ ਸੰਸਾਰ' ਵਾਂਗ ਹੈ ।ਸਾਹਿਤਕ ਦ੍ਰਿਸ਼ਟੀ ਦੇ ਕੋਠੇ ਚੜ੍ਹ ਕੇ ਵੇਖਿਆਂ 'ਘਰ-ਘਰ' ਦੁੱਖਾਂ ਦੀ ਅੱਗ ਨਜ਼ਰ ਆਉਂਦੀ ਹੈ ।ਇਸ ਤਰ੍ਹਾਂ ਸਮੁੱਚੇ ਸਮਾਜ ਦਾ ਬਹੁਰੰਗਾ ਅਸਲ ਯਥਾਰਥ ਨਜ਼ਰ ਆਉਂਦਾ ਹੈ ।ਇਸ ਕਹਾਣੀ ਦਾ ਅਹਿਮ ਤੇ ਕੇਂਦਰੀ ਸੱਚ ਬੰਤੂ ਤੇ ਜੈਕੁਰ ਦੀ ਬੀਤੇ ਦੀ ਸਾਂਝ ਅਤੇ ਵਰਤਮਾਨ ਦੀ ਲਾਚਾਰ ਸਥਿਤੀ 'ਤੇ ਟਿਕਿਆ ਹੋਇਆ ਹੈ ।ਇਸ ਵਿਚ ਕਈ ਅਰਥ ਛੁਪੇ ਦਿੱਸਦੇ ਹਨ ।ਹਾਲਾਤ ਦੇ ਵੇਗ ਵਿਚ ਸਾਂਝ ਨੂੰ ਸਿਰਫ਼ ਯਾਦ ਤਾਂ ਕੀਤਾ ਜਾ ਸਕਦਾ ਹੈ ਪਰ ਮਾਣਿਆ ਨਹੀਂ ਜਾ ਸਕਦਾ ਹੈ ।'ਸਾਂਝ' ਕੇਵਲ ਮਨਾਂ ਵਿਚ ਹੈ।ਹਕੀਕੀ ਸਥਿਤੀ ਵਿਚ ਦੂਰੀ ਹੈ। ਜੀਵਨ ਦੇ ਸਫ਼ਰ ਵਿਚ ਸਾਂਝ ਤਾਂ ਛਿਣਭੰਗਰੀ ਚੀਜ਼ ਹੈ ।ਵੱਡਾ ਸੱਚ ਤਾਂ ਇਕਲਾਪੇ ਦਾ ਹੈ ।ਕਹਾਣੀ ਕਈ ਵਿਰੋਧੀ ਜੁਟਾਂ ਤੇ ਵਿਰੋਧ-ਚਿੱਤਰਾਂ ਦੀ ਤਸਵੀਰ ਪੇਸ਼ ਕਰਦੀ ਹੈ ।ਗੁਰਦਿਆਲ ਸਿੰਘ ਦੇ ਪਾਤਰ ਇਕੱਲੇ, ਅਧੂਰੇ ਹੋਣ ਦੇ ਬਾਵਜੂਦ ਜੀਵਨ ਜਿਊਣ ਦਾ ਹੌਂਸਲਾ ਰੱਖਦੇ ਹਨ ।ਲੱਖ ਤੰਗੀਆਂ ਜਾਂ

ਮੁਸੀਬਤਾਂ ਦੇ ਬਾਵਜੂਦ ਕਿਵੇਂ ਜੀਵਨ ਅੱਗੇ ਚਲਦੀ ਧਾਰਾ ਹੈ ਤਿਵੇਂ ਹੀ ਸਾਹਿਤ ਰਚਨਾਵਾਂ ਦੇ ਪਾਤਰ ਜ਼ਿੰਦਗੀ ਜਿਊਣ ਦੀ ਹਿੰਮਤ ਰੱਖਦੇ ਹਨ ।"ਹਲਵਾਹ" ਦਾ ਨਿਰੰਜਣ, "ਕੋਈ ਇਕ ਸਵਾਰ" ਦਾ ਬਾਰੂ ਅਤੇ "ਸਾਂਝ" ਦਾ ਬੰਤੂ ਤੇ ਜੈਕੁਰ ਥੁੜੋਂ ਦਾ ਡੰਗ ਸਹਿ ਕੇ ਵੀ ਮੁੜ ਅੱਗੇ ਹੌਂਸਲੇ ਵਿਚ ਹਨ। ਅਜਿਹੀ ਪੇਸ਼ਕਾਰੀ ਕੁਦਰਤੀ ਵੇਗ ਵਾਂਗ ਸੁਭਾਵਕ ਵੀ ਹੈ ਤੇ ਵਜ਼ਨਦਾਰ ਵੀ ।ਜੀਵਨ ਵਿਚ ਹਾਰ ਜਾਣਾ ਇਕ ਗੱਲ ਹੈ ਪਰ ਹਾਰ ਕੇ ਢੇਰੀ ਢਾਹ ਬਹਿਣਾ ਦੂਜੀ ਗੱਲ ।ਪੰਜਾਬੀ ਕਹਾਣੀ ਵਿਚ ਪਾਤਰ ਮੁਸ਼ਕਲਾਂ ਦੇ ਸਨਮੁਖ ਤਾਂ ਹਨ ਪਰ ਫਿਰ ਵੀ ਕ੍ਰਿਆਸ਼ੀਲ । ਇਹ ਪੰਜਾਬੀ ਕਹਾਣੀ ਦਾ ਬਹੁਤ ਮਹੱਤਵਪੂਰਣ ਤੇ ਗੌਲਣਯੋਗ ਪੱਖ ਹੈ ।ਅਜੇਹੀਆਂ ਕਹਾਣੀਆਂ ਹੀ ਸੰਸਾਰ ਪ੍ਰਸਿੱਧ ਕਲਾਸਕੀ ਰਚਨਾਵਾਂ ਨਾਲ ਬਰ ਮੇਚਦੀਆਂ ਹਨ ।ਸੰਸਾਰ ਪ੍ਰਸਿੱਧ ਨਾਵਲ 'ਬੁੱਢਾ ਤੇ ਸਮੁੰਦਰ' ਦਾ ਮਛੇਰਾ ਹਾਰ ਜਾਣ ਦੇ ਬਾਵਜੂਦ ਰਾਤ ਸ਼ੇਰਾਂ ਦੇ ਸੁਪਨੇ ਲੈਂਦਾ ਹੈ ਅਤੇ ਸਵੇਰੇ ਮੁੜ ਮੱਛੀਆਂ ਫੜ੍ਹਨ ਲਈ ਸਮੁੰਦਰ ਵੱਲ ਨਿਕਲਦਾ ਹੈ ।ਇੰਜ ਜਾਪਦਾ ਹੈ ਜਿਵੇਂ ਉਸ ਨਾਲ ਕੁਝ ਵਾਪਰਿਆ ਹੀ ਨਾ ਹੋਵੇ ।ਸਾਡੀਆਂ ਕੁਝ ਯਾਦਗਾਰੀ ਕਹਾਣੀਆਂ ਦੇ ਯਾਦਗਾਰੀ ਪਾਤਰ ਵੀ ਏਵੇਂ ਦੇ ਹੀ ਹਨ ।"ਕੋਈ ਇਕ ਸਵਾਰ" ਕਹਾਣੀ ਦਾ ਪਾਤਰ ਬਾਰੂ ਆਪਣੇ ਟਾਂਗੇ ਦੀਆਂ ਸਵਾਰੀਆਂ ਦੇ ਬਸ ਵਿਚ ਬਹਿ ਜਾਣ ਦੇ ਬਾਵਜੂਦ ਫਿਰ ਪੂਰੇ ਵਿਸ਼ਵਾਸ਼ ਤੇ ਉੱਚੀ ਆਵਾਜ਼ ਵਿਚ ਮੁੜ ਸਵਾਰੀਆਂ ਨੂੰ ਹੋਕਾ ਦੇਂਦਾ ਹੈ । ਸਮਾਜ ਦੀ ਤਾਕਤ ਹਕੀਕੀ ਹੈ ।ਬੰਦੇ ਦੀ ਤਾਕਤ ਮਾਨਸਿਕ ਹੈ ।ਹਕੀਕਤ ਦਾ ਆਪਣਾ ਸੱਚ ਹੈ ਤੇ ਮਨੋਸਥਿਤੀ ਦਾ ਆਪਣਾ ।ਇਨ੍ਹਾਂ ਦੋਨਾਂ ਪੱਖਾਂ ਦੀ ਤਸਵੀਰਕਸ਼ੀ ਹੀ ਅਜੋਕੀ ਕਹਾਣੀ ਦੀ ਅਹਿਮ ਵਿਸ਼ੇਸ਼ਤਾ ਹੈ।

ਕਹਾਣੀ ਅਰਥ ਖੋਲ੍ਹਣ ਨਹੀਂ ਸਿਰਜਣ ਵਾਲੀ ਵਿਧਾ ਹੈ ।ਕਹਾਣੀ ਵਿਚ ਗੱਲ ਸੰਖੇਪ ਵੀ ਹੁੰਦੀ ਹੈ, ਸੰਕੇਤਕ ਤੇ ਗੁੱਝੀ ਵੀ ।ਇਹ ਪਾਠਕ ਅੱਗੇ ਪਰੋਸ ਕੇ ਕੁਝ ਨਹੀਂ ਰੱਖਦੀ ਸਿਰਫ਼ ਪੇਸ਼ ਕਰਦੀ ਹੈ ।ਪਾਠਕ ਆਪਣੀ ਸੂਝ ਜਾਂ ਸਮਰਥਾ ਮੁਤਾਬਕ ਅਰਥਾਂ ਦੀ ਢੂੰਡ-ਭਾਲ ਕਰਦੇ ਰਹਿੰਦੇ ਹਨ । ਮਿਸਾਲ ਵਜੋਂ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਫੈਸਲਾ' ਹੈ ।ਕਹਾਣੀ ਦਾ ਨਾਂ 'ਫੈਸਲਾ' ਹੈ ।ਪਰ ਪਾਤਰ ਅਸਲ ਵਿਚ ਕੋਈ ਫੈਸਲਾ ਨਾ ਲੈਣ ਲਈ ਮਜ਼ਬੂਰ ਹਨ ।ਫੈਸਲਾ ਨਾ ਕਰ ਸਕਣ ਕਰਕੇ ਪਾਤਰਾਂ ਵਿਚ ਤਨਾਅ ਤੇ ਬੇਚੈਨੀ ਹੈ ।ਇਹ ਪਾਤਰਾਂ ਨੂੰ ਆਪਣੀ ਮਾਨਸਿਕ ਹਾਰ ਤੇ ਕਮਜ਼ੋਰੀ ਵੀ ਜਾਪਦੀ ਹੈ । ਕਹਾਣੀ ਦੇ ਨਾਮ ਤੇ ਪਾਠ ਵਿਚ ਵਿਰੋਧ-ਚਿੱਤਰ ਦੀ ਜੁਗਤ ਕਹਾਣੀ ਨੂੰ ਵਧੇਰੇ ਪਾਇਦਾਰ ਤੇ ਪ੍ਰਭਾਵਸ਼ੀਲ ਬਣਾ ਦੇਂਦੀ ਹੈ ।ਪਾਤਰ ਮਜ਼ਬੂਰ ਕਿਉਂ ਹਨ ?ਉਨ੍ਹਾਂ ਦੀ ਦੁਚਿੱਤੀ ਦਾ ਕਾਰਨ ਕੀ ਹੈ ? ਇਹ ਸਭ ਸਵਾਲ ਰਮਜ਼ ਰੂਪ ਵਿਚ ਸਮਾਜ ਦੇ ਪ੍ਰਸ਼ਾਸਕੀ ਵਿਹਾਰ ਸੰਬੰਧੀ ਵਿਸ਼ੇਸ਼ ਟੋਹ ਦੇਂਦੇ ਹਨ । ਕਹਾਣੀ ਪਾਠਕ ਦੇ ਮਨ ਅੰਦਰ ਚੋਭ ਲਾਉਂਦੀ ਹੋਈ ਸੋਚ-ਸਮਝ ਦੀਆਂ ਕਈ ਤਰੰਗਾਂ ਦੀ ਹਲਚਲ ਪੈਦਾ ਕਰਦੀ ਹੈ ।

ਕਹਾਣੀ ਮਾਨਸਿਕ ਦੁਬਿਧਾਵਾਂ ਜਾਂ ਮਾਨਸਿਕ ਸੰਘਰਸ਼ ਨੂੰ ਧੀਮੀ ਸੁਰ ਵਿਚ ਪੇਸ਼ ਕਰਨ ਵਾਲੀ ਵਿਧਾ ਹੈ।ਨਾਵਲ ਜਾਂ ਨਾਟਕ ਵਰਗੇ ਸਾਹਿਤ ਰੂਪ ਮਾਨਸਿਕ ਤਨਾਅ ਤੋਂ ਅੱਗੇ ਟਕਰਾਅ ਨੂੰ ਪੇਸ਼ ਕਰਦੇ ਹਨ ।ਪਰ ਕਹਾਣੀ ਪਾਤਰਾਂ ਅੰਦਰਲੇ ਤਨਾਅ ਦੀ ਹੀ ਚਿਤਰਕਾਰੀ ਹੈ ।ਕੋਈ ਵੱਡਾ ਟਕਰਾ ਨਾ ਹੋਣ ਕਰਕੇ ਹੀ ਕਹਾਣੀ ਦੀ ਭਾਸ਼ਾ ਸਹਿਜ ਹੁੰਦੀ ਹੈ ।ਇਹ ਉੱਚੀ ਸੁਰ ਵਾਲਾ ਸਾਹਿਤ ਰੂਪ ਨਹੀਂ ਹੈ ।ਇਸ ਵਿਚ ਉਬਾਲ ਆ ਜਾਣ ਦੀ ਸਥਿਤੀ ਨਹੀਂ ਸਗੋਂ ਜਰ ਲੈਣ ਦੀ ਸਥਿਤੀ ਪੇਸ਼ ਕੀਤੀ ਜਾਂਦੀ ਹੈ ।ਅਜਿਹੀ ਵਿਸ਼ੇਸ਼ਤਾ ਕਰਕੇ ਹੀ ਕਹਾਣੀ ਧੀਮੀ ਸੁਰ ਵਾਲੀ ਵਿਧਾ ਮੰਨੀ ਜਾਂਦੀ ਹੈ । ਅਜੇਹੇ ਗੁਣਾਂ ਕਰਕੇ ਹੀ ਕਹਾਣੀ ਦੇ ਪਾਤਰ ਵਧੇਰੇ ਸਮਰੱਥਾਵਾਨ ਜਾਪਦੇ ਹਨ ।ਬੰਦੇ ਦੀ ਤਾਕਤ ਭੜਕ ਪੈਣ ਵਿਚ ਨਹੀਂ, ਸਹਿ ਜਾਣ ਵਿਚ ਗਿਣੀ ਜਾਂਦੀ ਹੈ ।ਕਹਾਣੀ ਅਜੇਹੇ ਗੁਣ ਨੂੰ ਆਪਣੇ ਵਿਚ ਸਮੋਅ ਲੈਣ ਵਾਲਾ ਕਲਾ-ਰੂਪ ਹੈ ।

ਕਹਾਣੀ ਵਧੇਰੇ ਕਰਕੇ ਆਪਣੇ ਅੰਤ ਜਾਂ ਅੰਤਲੇ ਵਾਕਾਂ ਵਿਚ ਸਿੱਖਰ ਨੂੰ ਪੁੱਜਦੀ ਹੈ ।



ਇਹ ਅਖੀਰ ਵਿਚ ਆਪਣਾ ਸਿਖਰੀ ਅਰਥ ਵਿਸਫੋਟ ਕਰਦੀ ਹੈ ।ਇਹ ਵਿਸਫ਼ੋਟ ਪਾਠਕਾਂ ਦੇ ਮਨਾਂ 'ਤੇ ਗਹਿਰੀ ਛਾਪ ਛੱਡ ਜਾਂਦਾ ਹੈ ।ਇਸ ਦੀਆਂ ਪੰਜਾਬੀ ਕਹਾਣੀ ਵਿਚ ਕਈ ਮਿਸਾਲਾਂ ਵੇਖਣਯੋਗ ਹਨ ।ਸੁਜਾਨ ਸਿੰਘ ਦੀ ਕਹਾਣੀ "ਕੁਲਫ਼ੀ" ਦੇ ਅੰਤ ਵਿਚ "ਕੁਝ ਵੰਡ ਸ਼ੁਦੈਣੇ ।ਕਾਇਰ ਪਿਉ ਦੇ ਘਰ ਬਹਾਦਰ ਮੁੰਡਾ ਜੰਮਿਐ" ।ਸੇਖੋਂ ਦੀ ਕਹਾਣੀ "ਹਲ-ਵਾਹ" ਵਿਚ ਨਿਰੰਜਣ ਦੇ ਇਹ ਸ਼ਬਦ "ਮੈਂ ਸਮਝਿਆ, ਮਾਮਾ ਹਲਾਂ ਨੂੰ ਜਗਾਉਂਦੈ" ।"ਪੇਮੀ ਦੇ ਨਿਆਣੇ" ਕਹਾਣੀ ਵਿਚ ਭੈਣ-ਭਰਾਵਾਂ ਦੇ ਇਹ ਬੋਲ "ਆਪਾਂ ਕਹਾਂਗੇ ਅਸੀਂ ਤਾਂ ਪੇਮੀ ਦੇ ਨਿਆਣੇ ਆਂ, ਸਾਨੂੰ ਨਾ ਫੜ ।" ਕੁਲਵੰਤ ਸਿੰਘ ਵਿਰਕ ਦੀ ਕਹਾਣੀ "ਧਰਤੀ ਹੇਠਲਾ ਬਲਦ" ਵਿਚ ਕਰਮ ਸਿੰਘ ਦੇ ਇਹ ਬੋਲ "ਐਵੇਂ, ਅਸੀਂ ਆਖਿਆ ਮੁੰਡਾ ਛੁੱਟੀ ਆਇਆ ਏ, ਇਹਦੀ ਛੁੱਟੀ ਖ਼ਰਾਬ ਨਾ ਹੋਵੇ ।ਆਪੇ ਛੁੱਟੀ ਕਟ ਕੇ ਪਲਟਣ ਵਿਚ ਜਾਏਗਾ, ਸੁਣ ਲਏਗਾ । ਫੌਜੀ ਨੂੰ ਛੁੱਟੀ ਪਿਆਰੀ ਹੁੰਦੀ ਏ ।" ਮਹੀਪ ਸਿੰਘ ਦੀ ਕਹਾਣੀ "ਕਾਲਾ ਬਾਪ ਗੋਰਾ ਬਾਪ" ਦੇ ਅਖੀਰ ਵਿਚ ਯੂਨਸ ਦੀ ਨਜ਼ਰ ਨੇ ਕਿਹਾ - "ਮੈਨੂੰ ਪੰਜਾਬ ਮੇਲ ਮਿਲ ਸਕਦੀ ਹੈ ।" ਜਮੀਲਾ ਦੀ ਨਜ਼ਰ ਨੇ ਕਿਹਾ - "ਤੁਹਾਨੂੰ ਪੰਜਾਬ ਮੇਲ ਮਿਲ ਸਕਦੀ ਹੈ ।" ਸੰਤੋਖ ਸਿੰਘ ਧੀਰ ਦੀ ਕਹਾਣੀ "ਕੋਈ ਇਕ ਸਵਾਰ" ਵਿਚ ਬਾਰੂ ਵੱਲੋਂ ਅਖੀਰ 'ਤੇ ਦਿੱਤਾ ਹੋਕਾ "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ..." ਵਗੈਰਾ ਪਾਠਕਾਂ ਲਈ ਯਾਦਗਾਰੀ ਬਣ ਜਾਂਦੇ ਹਨ ।ਵਾਕ ਹੀ ਨਹੀਂ ਕਈ ਵਾਰ ਅੰਤਲੇ ਦ੍ਰਿਸ਼-ਚਿੱਤਰ ਵੀ ਕਹਾਣੀ ਦੇ ਕੇਂਦਰੀ ਅਰਥ ਨਾਲ ਜੁੜੇ ਅਭੁੱਲ ਸਿਖਰ ਹੋ ਨਿਬੜਦੇ ਹਨ ।ਮੋਹਨ ਭੰਡਾਰੀ ਦੀ ਕਹਾਣੀ "ਘੋਟਣਾ" ਦੇ ਅਖ਼ੀਰ ਵਿਚ ਕਿਸ਼ਨੇ ਦੀ ਸ਼ਰਾਬ ਦੇ ਨਸ਼ੇ ਵਿਚ ਘੋਟਣਾ ਬਨਾਉਣ ਦਾ ਦ੍ਰਿਸ਼-ਚਿੱਤਰ ਅਜਿਹਾ ਸਿਖਰ ਹੈ ।ਅਜੀਤ ਕੌਰ ਦੀ ਕਹਾਣੀ "ਗੁਲਬਾਨੋ" ਵਿਚ ਖੁਸ਼ਦਿਲ ਖ਼ਾਨ ਗਾਰਡ ਦਾ ਗਲੀ ਵਿਚ ਆਪਣੀ ਮਰੀ ਪਈ ਬੀਵੀ ਦੇ ਨੰਗੇ ਮੂੰਹ ਨੂੰ ਚਾਦਰ ਨਾਲ ਢੱਕਣ ਦਾ ਦ੍ਰਿਸ਼ ਵੀ ਅਭੁੱਲ ਹੈ ।ਕਹਾਣੀ ਦੇ ਥੀਮ ਨਾਲ ਜੁੜੇ ਅਜਿਹੇ ਅੰਤਲੇ ਦ੍ਰਿਸ਼ ਜਾਂ ਵਾਕ ਕਹਾਣੀ ਨੂੰ ਅਮਰ ਬਣਾ ਦੇਣ ਵਾਲੇ ਕਲਾਸਕੀ ਤੱਤ ਹੋ ਨਿੱਬੜਦੇ ਹਨ ।ਇਸ ਤਰ੍ਹਾਂ ਦੀ ਪੇਸ਼ਕਾਰੀ ਵਾਲੀਆਂ ਰਚਨਾਵਾਂ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਸ਼ਾਹਰਾਹ ਦਾ ਦਰਜਾ ਰੱਖਦੀਆਂ ਹਨ ।

ਕਹਾਣੀ ਜੀਵਨ ਦੀ ਦਿਸ਼ਾ ਜਾਂ ਤੋਰ ਨੂੰ ਕਿਸੇ ਇਕ ਥਾਂ ਤੋਂ ਪਕੜਣ ਜਾਂ ਪੇਸ਼ ਕਰਨ ਵਾਲਾ ਸਾਹਿਤ ਰੂਪ ਹੈ । ਪਰ ਇਹ ਜੀਵਨ ਦੀ ਕਿਸੇ ਇਕ ਝਾਕੀ ਰਾਹੀਂ ਸਮੁੱਚੀ ਜ਼ਿੰਦਗੀ ਦੀ ਨਿਸ਼ਾਨਦੇਹੀ ਵੀ ਪੇਸ਼ ਕਰ ਜਾਂਦੀ ਹੈ ।ਇਸ ਦੀ ਸਥਿਤੀ ਇਕ ਤਰ੍ਹਾਂ ਨਾਲ ਕੁੱਜੇ ਵਿਚ ਸਮੁੰਦਰ ਜਾਂ ਦੇਗ ਵਿਚੋਂ ਦਾਣਾ ਟੋਹਣ ਵਰਗੀ ਹੈ ।ਕਹਾਣੀ ਵਿਚ ਪੇਸ਼ ਤਸਵੀਰ ਤੋਂ ਇਹ ਭਲੀ-ਭਾਂਤ ਸਮਝਿਆ ਜਾ ਸਕਦਾ ਹੈ ਕਿ ਭਵਿੱਖ ਵਿਚ ਵੀ ਹਾਲਤ ਅਜੇਹੀ ਹੀ ਰਹੇਗੀ ।ਕਹਾਣੀ ਜੀਵਨ ਦੇ ਸਫ਼ਰ ਦਾ ਇਕ ਪੜਾਅ ਪੇਸ਼ ਕਰਦੀ ਹੋਈ ਸਮੁੱਚੀ ਜੀਵਨ ਸਥਿਤੀ ਦੀ ਝਲਕ ਵਿਖਾ ਜਾਂਦੀ ਹੈ ।ਨਵਤੇਜ ਸਿੰਘ ਦੀ ਕਹਾਣੀ "ਕੋਟ ਤੇ ਮਨੁੱਖ" ਵਿਚ ਅਧਿਆਪਕ ਦਾ ਇਕ ਥਾਂ ਤੋਂ ਨਿਮੋਸ਼ੀ ਝਲਣ ਤੇ ਜ਼ਲੀਲ ਹੋਣ ਦਾ ਤੱਥ ਜਾਂ ਸੱਚ ਜਮਾਤੀ ਸਮਾਜ ਵਿਚ ਨੌਕਰੀ ਸ਼੍ਰੇਣੀ ਦੀ ਸਮੁੱਚੀ ਜ਼ਿੰਦਗੀ ਦੀ ਲਾਚਾਰ ਸਥਿਤੀ ਦਾ ਪ੍ਰਗਟਾ ਜਾਪਦਾ ਹੈ ।ਇਸ ਤਰ੍ਹਾਂ ਦੀ ਸਥਿਤੀ ਹੀ ਗੁਰਦਿਆਲ ਸਿੰਘ ਦੀ ਕਹਾਣੀ "ਹਾਰ ਗਿਐਂ ਰਤਨਿਆਂ" ਵਿਚ ਕਬੀਲੇ ਵਾਲਿਆਂ ਦੀ ਵੇਖੀ ਜਾ ਸਕਦੀ ਹੈ ।ਕਹਾਣੀ ਵਿਚ ਪਾਤਰਾਂ ਦੀ ਮਾਨਸਿਕ ਕ੍ਰਿਆ-ਪ੍ਰਕ੍ਰਿਆ ਦੀ ਝਲਕ ਵਿਚੋਂ ਬੰਦੇ ਦੀ ਸਮੁੱਚੀ ਹੋਂਦ ਮੂਲਕ ਵਿਡੰਬਨਾ ਜਾਂ ਦੁਖਾਂਤ ਸਥਿਤੀ ਦੀ ਤਸਵੀਰ ਸਪੱਸ਼ਟ ਹੋ ਜਾਂਦੀ ਹੈ ।

ਕਹਾਣੀ ਵਰਗੇ ਆਧੁਨਿਕ ਸਾਹਿਤ ਰੂਪ ਤਾਂ ਲਗਾਤਾਰ ਲਿਖੇ ਜਾ ਰਹੇ ਹਨ ।ਇਹ ਤਾਂ ਅਜੇ ਆਪਣੇ ਪਰਿਭਾਸ਼ਕ ਗੁਣਾਂ-ਲੱਛਣਾਂ ਦੇ ਪੱਖ ਤੋਂ ਖੁੱਲ੍ਹਾ ਰੂਪ ਹਨ । ਇਸ ਕਰਕੇ ਇਨ੍ਹਾਂ ਦੇ ਸ਼ਾਸਤਰੀ ਨੇਮਾਂ ਬਾਰੇ ਮੁਕੰਮਲ ਜਾਂ ਅੰਤਮ ਰੂਪ ਵਿਚ ਕਹਿਣਾ ਸੰਭਵ ਨਹੀਂ ਹੈ ।ਨਵੀਂ ਸਥਿਤੀ ਦੇ ਸਨਮੁੱਖ ਨਵੇਂ ਅਨੁਭਵ ਦੀ ਪੇਸ਼ਕਾਰੀ ਲਈ ਅਕਸਰ ਹੀ ਨਵੀਂ ਦ੍ਰਿਸ਼ਟੀ, ਵਿਧੀ ਜਾਂ ਟੈਕਨੀਕ

ਸ਼ਾਮਿਲ ਹੋਣ ਦੀ ਸਦਾ ਗੁੰਜਾਇਸ਼ ਜਾਂ ਸੰਭਾਵਨਾ ਹੁੰਦੀ ਹੈ । ਸਾਡੇ ਅਜੋਕੇ ਨਵੇਂ ਕਹਾਣੀਕਾਰ ਕਹਾਣੀ ਲਿਖੇ ਜਾਣ ਦੀ ਤਕਨੀਕ ਵਿਚ ਕਈ ਨਵੇਂ ਪੱਖਾਂ ਦੇ ਸਾਹਵੇਂ ਹਨ । ਮਿਸਾਲ ਵਜੋਂ ਜਿੰਦਰ ਦੀ ਕਹਾਣੀ "ਬਿਨਾਂ ਵਜ੍ਹਾ ਤਾਂ ਨਹੀਂ" ਦੀ ਆਪਣੀ ਵਿਸ਼ੇਸ਼ ਤਕਨੀਕ ਹੈ । ਇਸ ਵਿਚ ਬਿਰਤਾਂਤਕਾਰ ਤੇ ਟੈਲੀ ਫ਼ਿਲਮ ਦਾ ਨਿਰਦੇਸ਼ਕ ਇਕਮਿਕ ਹੋਏ ਨਜ਼ਰ ਆਉਂਦੇ ਹਨ । ਇੰਜ ਜਾਪਦਾ ਹੈ ਕਿ ਜਿਵੇਂ ਕਹਾਣੀ ਟੈਲੀ ਫ਼ਿਲਮ ਵਜੋਂ ਦਿਖਾਈ ਜਾ ਰਹੀ ਹੈ । ਆਉਣ ਵਾਲੇ ਸਮੇਂ ਵਿਚ ਅਜੇਹੀਆਂ ਹੋਰ ਅੰਤਰ-ਦ੍ਰਿਸ਼ਟੀਆਂ ਜਾਂ ਜੁਗਤਾਂ ਵੀ ਕਹਾਣੀ ਦੀ ਵਿਧਾ ਵਿਚ ਪ੍ਰਵੇਸ਼ ਕਰ ਸਕਦੀਆਂ ਹਨ । ਕੋਈ ਜਿਊਂਦੀ ਸਾਹਿਤ ਵਿਧਾ ਅੱਗੇ ਆਉਣ ਵਾਲੇ ਸਮੇਂ ਵਿਚ ਕਿਵੇਂ ਦਾ ਰੂਪ ਅਖ਼ਤਿਆਰ ਕਰੇਗੀ, ਇਸ ਬਾਰੇ ਭਵਿੱਖ ਵਿਚ ਹੀ ਹੋਰ ਸਪੱਸ਼ਟ ਹੋ ਸਕੇਗਾ । ਕਿਸੇ ਵੀ ਜਿਊਂਦੇ ਸਾਹਿਤ-ਰੂਪ ਬਾਰੇ ਅੰਤਮ ਨਿਰਣਾ ਦੇਣਾ ਮੁਸ਼ਕਲ ਹੁੰਦਾ ਹੈ । ਕੇਵਲ ਉਸ ਦੀ ਪ੍ਰਾਪਤ ਸਥਿਤੀ ਸੰਬੰਧੀ ਸੰਭਾਵੀ ਨਿਸ਼ਾਨਦੇਹੀ ਹੀ ਕੀਤੀ ਜਾ ਸਕਦੀ ਹੈ । ਉਂਜ ਵੀ ਵਗਦੇ ਪਾਣੀਆਂ ਵਾਂਗ ਗਿਆਨ-ਵਿਗਿਆਨ ਤਾਂ ਨਿਰੰਤਰ ਰੂਪ ਵਿਚ ਚਲਦੀ ਧਾਰਾ ਹੈ । ਇਸ ਵਿਚ ਕੱਟੜ੍ਹ ਜਾਂ ਅੰਤਮ ਰੂਪ ਵਿਚ ਦਿੱਤੇ ਫੈਸਲੇ ਛੇਤੀ ਹੀ ਜੜ੍ਹ ਹੋ ਜਾਂਦੇ ਹਨ । ਇਸ ਕਰਕੇ ਖੁੱਲ੍ਹੇ ਰੂਪ ਵਿਚ ਸੰਵਾਦ ਦੇ ਪੈਂਤੜੇ ਤੋਂ ਹੀ ਕੁਝ ਸੁਝਾਉਣਾ ਜਾਂ ਕਹਿਣਾ ਬਿਹਤਰ ਜਾਪਦਾ ਹੈ ।

---

ਸੰਜਮ ਰਾਹੀਂ ਪ੍ਰਗਟ ਹੁੰਦਾ ਹੈ। ਇਸ ਕਹਾਣੀ ਦੀ ਮੁੱਖ ਪਾਤਰ ਸੰਜਮ ਸਕੂਲ ਅਧਿਆਪਕਾ ਹੈ। ਪੜ੍ਹੀ-ਲਿਖੀ ਹੋਣ ਕਾਰਨ ਉਹ ਇਕ ਸੁਚੇਤ ਪਾਤਰ ਹੈ। ਪਾਣੀ ਦੇ ਸੰਕਟ ਸੰਬੰਧੀ ਪੈਦਾ ਹੋਈ ਉਸਦੀ ਚਿੰਤਾ ਉਸ ਵਿਚ ਮਾਨਸਿਕ ਵਿਗਠਨ ਪੈਦਾ ਕਰ ਦਿੰਦੀ ਹੈ। ਇਹ ਵਿਗਠਨ ਸੰਜਮ ਦੇ ਸੰਕਟ ਅਤੇ ਕਹਾਣੀ ਦੀ ਐਬਸਰਡ ਵਿਧੀ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ।

ਇਨ੍ਹਾਂ ਕਹਾਣੀਆਂ ਦੇ ਅਧਿਐਨ ਤੋਂ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਕਹਾਣੀ ਆਪਣੇ ਉਸ ਵਿਰਸੇ ਨਾਲ ਜੁੜੀ ਹੋਈ ਹੈ ਜਿਸ ਦੇ ਤਹਿਤ ਇਹ ਆਪਣੇ ਸਮੇਂ ਦੀਆਂ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਸੰਬੋਧਿਤ ਹੁੰਦੀ ਹੈ। ਇਹ ਕਹਾਣੀਆਂ ਪੰਜਾਬ ਦੀਆਂ ਮੁੱਖ ਸਮੱਸਿਆਵਾਂ ਵਿਚੋਂ ਤਿੰਨ ਸਮੱਸਿਆਵਾਂ ਦੇ ਵਿਭਿੰਨ ਪਹਿਲੂਆਂ ਨੂੰ ਵੱਖਰੀਆਂ-ਵੱਖਰੀਆਂ ਵਿਧੀਆਂ ਰਾਹੀਂ ਬਿਰਤਾਂਤ ਵਿਚ ਢਾਲਦੀਆਂ ਹਨ। ਤਿੰਨਾਂ ਕਹਾਣੀਆਂ ਵਿੱਚ ਸਮਾਜਿਕ ਸਮੱਸਿਆਵਾਂ ਦੀਆਂ ਮੁੱਖ ਜਿੰਮੇਦਾਰ ਮੂਲਵਾਦੀ ਧਿਰਾਂ ਅਤੇ ਸਰਕਾਰੀਤੰਤਰ ਬਣਦਾ ਹੈ। ਇਹ ਕਹਾਣੀਆਂ ਸਮਾਜਿਕ ਅਤੇ ਇਤਿਹਾਸਕ ਚੇਤਨਾ ਦੀਆਂ ਵਾਹਕ ਹਨ।

# ਕਹਾਣੀ ਦਾ ਸਮਾਜ ਸ਼ਾਸਤਰੀ ਅਧਿਐਨ ਅਤੇ ਨਵੀਂ ਪੰਜਾਬੀ ਕਹਾਣੀ/ ਸਵਰਨਜੀਤ ਕੌਰ

ਸਮਾਜ ਸ਼ਾਸਤਰ ਸਾਹਿਤ ਤੋਂ ਅਲੱਗ ਇਕ ਅਨੁਸ਼ਾਸਨ ਹੈ। ਸਮਾਜ ਸ਼ਾਸਤਰ ਦਾ ਉਦੇਸ਼ ਮਨੁੱਖੀ ਸਮਾਜ ਨੂੰ ਸਮਝਣਾ, ਸਮਾਜ ਵਿੱਚ ਚੱਲ ਰਹੇ ਰੁਝਾਨਾਂ ਦੀ ਪੜਚੋਲ ਕਰਨਾ ਅਤੇ ਇਕੱਤਰ ਕੀਤੇ ਡਾਟੇ ਨੂੰ ਆਧਾਰ ਬਣਾ ਕੇ ਵਿਆਖਿਆਵਾਂ ਪੇਸ਼ ਕਰਨਾ ਹੁੰਦਾ ਹੈ। ਇਕ ਲੰਮਾ ਸਮਾਂ ਸਮਾਜ ਸ਼ਾਸਤਰੀ ਦੇ ਡਾਟੇ ਦਾ ਸਰੋਤ ਸਮਾਜ ਹੀ ਰਿਹਾ ਹੈ। ਬਾਅਦ ਵਿਚ ਫਰਾਂਸੀਸੀ ਚਿੰਤਕ ਮਦਾਮ ਸਤੇਲ, ਤੇਨ, ਲੌਵੈਂਥਲ, ਰੇਮੰਡ ਵਿਲੀਅਮਜ਼, ਲੂਸੀਅਨ ਗੋਲਡਮਾਨ ਆਦਿ ਚਿੰਤਕਾਂ ਨੇ ਸਾਹਿਤ ਨੂੰ ਸਮਾਜ ਸ਼ਾਸਤਰ ਵਾਸਤੇ ਡਾਟਾ ਪ੍ਰਦਾਨ ਕਰਨ ਵਾਲੇ ਇਕ ਪ੍ਰਮਾਣਿਕ ਸਰੋਤ ਵਜੋਂ ਸਥਾਪਤ ਕੀਤਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਹਿਤ ਸਮਾਜ ਦੇ ਅਲੱਗ-ਅਲੱਗ ਰੁਝਾਨਾਂ ਦੀ ਹੀ ਪੈਦਾਵਰ ਹੁੰਦਾ ਹੈ। ਇਹ ਗੱਲ ਆਦਰਸ਼ਵਾਦੀ ਸਾਹਿਤ ਤੋਂ ਲੈ ਕੇ ਯਥਾਰਥਵਾਦੀ ਸਾਹਿਤ ਤੱਕ ਬਲਕਿ ਦੱਖਣੀ ਅਮਰੀਕਾ ਵਿਚ ਲਿਖੇ ਗਏ ਜਾਦੂਈ ਯਥਾਰਥਵਾਦੀ ਸਾਹਿਤ 'ਤੇ ਵੀ ਢੁੱਕਦੀ ਹੈ। ਕਿਸੇ ਸਮੇਂ ਆਦਰਸ਼ਵਾਦੀ ਸਾਹਿਤ ਕਿਉਂ ਰਚਿਆ ਗਿਆ ? ਇਸ ਸਵਾਲ ਦਾ ਜਵਾਬ ਸਾਹਿਤ ਦਾ ਸਮਾਜ ਸ਼ਾਸਤਰੀ ਅਧਿਐਨ ਕਰਤਾ ਉਸ ਸਮੇਂ ਦੀਆਂ ਸਮਾਜਿਕ ਪ੍ਰਸਥਿਤੀਆਂ ਨੂੰ ਧਿਆਨ ਵਿਚ ਰੱਖ ਕੇ ਕਰਦਾ ਹੈ। ਯਥਾਰਥਵਾਦੀ ਸਾਹਿਤ ਸਮਾਜ ਦੇ ਕਿਹੋ ਜਿਹੇ ਸੱਚ ਨੂੰ ਪੇਸ਼ ਕਰਦਾ ਹੈ ਇਸ ਦਾ ਅਧਿਐਨ ਸਮਾਜ ਸ਼ਾਸਤਰੀ ਅਧਿਐਨ ਵਿਚ ਕੀਤਾ ਜਾਂਦਾ ਹੈ। ਸਾਹਿਤ ਵਿਚ ਪੇਸ਼ ਯਥਾਰਥ ਸਿੱਧੇ ਰੂਪ ਵਿੱਚ ਨਹੀਂ ਬਲਕਿ ਕੋਡ ਰੂਪ ਵਿੱਚ ਪਿਆ ਹੁੰਦਾ ਹੈ।

ਇਨ੍ਹਾਂ ਕੋਡਾਂ ਨੂੰ ਡੀਕੋਡ ਕਰਕੇ ਹੀ ਸਮਾਜਿਕ ਯਥਾਰਥ ਦੀ ਤਹਿ ਤੱਕ ਪਹੁੰਚਿਆ ਜਾ ਸਕਦਾ ਹੈ। ਜਾਦੂਈ ਯਥਾਰਥਵਾਦ ਵਿਧੀ ਅਨੁਸਾਰ ਲਿਖੇ ਗਏ ਸਾਹਿਤ ਵਿਚ ਸਮਾਜਿਕ ਯਥਾਰਥ ਵਧੇਰੇ ਗੁੰਝਲਦਾਰ ਕੋਡਾਂ ਵਿਚ ਛੁਪਿਆ ਪਿਆ ਹੁੰਦਾ ਹੈ। ਇਸ ਵਿਚ ਮਿੱਥ, ਸੁਪਨਾ, ਯਥਾਰਥ, ਅਤੀਤ, ਵਰਤਮਾਨ ਤੇ ਭਵਿੱਖ ਸਭ ਆਪਸ ਵਿਚ ਰਲਗੱਡ ਹੋਏ ਪਏ ਹੁੰਦੇ ਹਨ। ਸਾਹਿਤ ਦਾ ਸਮਾਜ ਸ਼ਾਸਤਰੀ ਇਨ੍ਹਾਂ ਨੂੰ ਅਲੱਗ-ਅਲੱਗ ਕਰਕੇ ਡੀਕੋਡ ਕਰਦਾ ਹੋਇਆ ਸੱਚ ਦੀ ਤਹਿ ਤੱਕ ਪਹੁੰਚਦਾ ਹੈ।

ਕਈ ਵਾਰ ਕਹਾਣੀ ਦਾ ਸਮਾਜ ਸ਼ਾਸਤਰੀ ਅਧਿਐਨ ਕਰਨ ਲਈ ਸਾਹਿਤ ਦੇ ਸਮਾਜ ਸ਼ਾਸਤਰੀ ਮਾਡਲ ਨੂੰ ਹੀ ਲਾਗੂ ਕਰ ਲਿਆ ਜਾਂਦਾ ਹੈ ਜਦੋਂ ਕਿ ਕਹਾਣੀ ਸਾਹਿਤ ਦੀ ਬਿਲਕੁਲ ਇਕ ਨਿਵੇਕਲੀ ਤਰ੍ਹਾਂ ਦੀ ਵਿਧਾ ਹੈ। ਨਿੱਕੀ ਕਹਾਣੀ ਉਨੀਵੀਂ ਸਦੀ ਵਿਚ ਪੈਦਾ ਹੋਈ ਮੰਨੀ ਜਾਂਦੀ ਹੈ ਭਾਵੇਂ ਕਹਾਣੀ ਬਾਤ ਜਾਂ ਲੋਕ ਕਹਾਣੀ ਦੇ ਰੂਪ ਵਿਚ ਸਦੀਆਂ ਪੁਰਾਣੀ ਲੋਕ ਸਾਹਿਤ ਦੀ ਇਕ ਵਿਧਾ ਹੈ ਪ੍ਰੰਤੂ ਆਧੁਨਿਕ ਨਿੱਕੀ ਕਹਾਣੀ ਉਨੀਵੀਂ ਸਦੀ ਦੀ ਹੀ ਪੈਦਾਵਾਰ ਹੈ। ਉਨੀਵੀਂ ਸਦੀ ਵਿਚ ਹੀ ਲੋਕਤੰਤਰ ਦਾ ਉਭਾਰ ਹੁੰਦਾ ਹੈ। ਲੋਕਤੰਤਰ ਦੇ ਉਭਾਰ ਸਦਕਾ ਸਾਧਾਰਨ ਬੰਦੇ ਦੀ ਮਹੱਤਤਾ ਅਗਰਭੂਮੀ 'ਤੇ ਆ ਜਾਂਦੀ ਹੈ। ਆਧੁਨਿਕ ਨਿੱਕੀ ਕਹਾਣੀ ਦਾ ਕੇਂਦਰ ਬਿੰਦੂ ਸਾਧਾਰਨ ਮਨੁੱਖ ਦੀ ਸਧਾਰਨਤਾ ਬਣਦਾ ਹੈ। ਉਹ ਬੰਦੇ ਜਿਹੜੇ ਪਹਿਲਾਂ ਸਾਹਿਤਕਾਰਾਂ ਦੀ ਨਜ਼ਰ ਵਿਚ ਬਿਲਕੁਲ ਸਾਧਾਰਨ ਹੁੰਦੇ ਸਨ ਉਹ ਕਹਾਣੀ ਦਾ ਕੇਂਦਰ ਬਿੰਦੂ ਬਣ ਗਏ। ਮਨੁੱਖੀ ਜ਼ਿੰਦਗੀ ਦੀਆਂ ਉਹ ਘਟਨਾਵਾਂ ਜਿਨ੍ਹਾਂ ਨੂੰ ਛੋਟੀਆਂ ਸਮਝਿਆ ਜਾਂਦਾ ਸੀ ਅਤੇ ਜਿਨ੍ਹਾਂ ਨੂੰ ਸਾਹਿਤ ਵਿਚ ਪੇਸ਼ ਕਰਨ ਦੇ ਯੋਗ ਨਹੀਂ ਸਮਝਿਆ ਜਾਂਦਾ ਸੀ ਉਹ ਆਧੁਨਿਕ ਨਿੱਕੀ ਕਹਾਣੀ ਦਾ ਹਿੱਸਾ ਬਣਨ ਲੱਗ ਪਈਆਂ।

ਨਿੱਕੀ ਕਹਾਣੀ ਵਿਚ ਸਮਾਜ ਸੰਬੰਧੀ ਵੇਰਵੇ ਬਿਰਤਾਂਤ ਦਾ ਅੰਗ ਬਣਕੇ ਥਾਂ-ਥਾਂ ਖਿਲਰੇ ਰੂਪ ਵਿਚ ਪਏ ਹੁੰਦੇ ਹਨ। ਸਾਹਿਤ ਦਾ ਸਮਾਜ ਸ਼ਾਸਤਰੀ ਇਨ੍ਹਾਂ ਵੇਰਵਿਆਂ ਨੂੰ ਡੀਕੋਡ ਕਰਕੇ



ਕਹਾਣੀ ਵਿਚੋਂ ਸਮਾਜ ਸੰਬੰਧੀ ਇਕ ਸਮਝ ਦੀ ਉਸਾਰੀ ਕਰਦਾ ਹੈ।

ਪਿਛਲੇ ਸਾਲਾਂ ਵਿਚ ਲਿਖੀਆਂ ਗਈਆਂ ਕੁਝ ਕਹਾਣੀਆਂ ਵਿਚ ਸਮਾਜ ਸੰਬੰਧੀ ਅਜਿਹੇ ਵੇਰਵੇ ਮਿਲਦੇ ਹਨ ਜਿਹੜੇ ਸਮਾਜ ਸੰਬੰਧੀ ਇਕ ਤਰਕ ਭਰਪੂਰ ਸਮਝ ਬਣਾਉਣ ਵਿਚ ਮੱਦਦ ਕਰਦੇ ਹਨ। ਇਹ ਕਹਾਣੀਆਂ ਸਮਾਜ ਸੰਬੰਧੀ ਬਣੀ ਹੋਈ ਇਕ ਪਰੰਪਰਿਕ ਧਾਰਨਾ ਨੂੰ ਤੋੜਦੀਆਂ ਹਨ। ਦੇਸ਼ ਦੇ ਬਟਵਾਰੇ ਸੰਬੰਧੀ ਇਕ ਸਥਾਪਤ ਧਾਰਨਾ ਇਹ ਹੈ ਕਿ ਦੇਸ਼ ਦੇ ਬਟਵਾਰੇ ਲਈ ਸਾਮਰਾਜੀ ਸਰਕਾਰ ਜ਼ਿੰਮੇਵਾਰ ਸੀ। ਦੇਸ਼ ਦੀ ਵੰਡ ਦੌਰਾਨ ਪੈਦਾ ਹੋਏ ਕਤਲੇਆਮ ਲਈ ਵੀ ਸਾਮਰਾਜੀ ਸਰਕਾਰ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਇਸ ਸੰਬੰਧੀ ਚੌਥੀ ਪੀੜ੍ਹੀ ਦੇ ਕਹਾਣੀਕਾਰ ਸਾਂਵਲ ਧਾਮੀ ਦੀ ਕਹਾਣੀ 'ਮਲ੍ਹਮ' ਦਾ ਅਧਿਐਨ ਬਿਲਕੁਲ ਇਕ ਵੱਖਰਾ ਨੁਕਤਾ ਪੈਦਾ ਕਰਦਾ ਹੈ। ਇਹ ਕਹਾਣੀ ਦੇਸ਼ ਦੇ ਬਟਵਾਰੇ ਤੋਂ ਪੂਰੇ ਛੇ ਦਹਾਕਿਆਂ ਬਾਅਦ ਲਿਖੀ ਗਈ। ਕਹਾਣੀ ਦਾ ਰਚਨਾਕਾਲ ਉਹ ਹੈ ਜਦੋਂ ਸੱਠ ਸਾਲ ਪਹਿਲਾਂ ਦੁਸ਼ਮਣ ਬਣਕੇ ਵਿਛੜੇ ਲੋਕ ਆਪਣੀਆਂ ਗਲਤੀਆਂ ਤੇ ਵਧੀਕੀਆਂ ਭੁਲਾ ਕੇ ਇਕ ਦੂਸਰੇ ਨੂੰ ਮਿਲਦੇ ਹਨ। ਇਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਲਹਿੰਦੇ ਪੰਜਾਬ ਦੇ ਅਨੇਕਾਂ ਪੰਜਾਬੀ ਆਪਣੀ ਜਾਂ ਆਪਣੇ ਬਜ਼ੁਰਗਾਂ ਦੀ ਮਾਤ ਭੂਮੀ ਨੂੰ ਸਜਦਾ ਕਰਨ ਇਧਰ ਆਏ। ਇਧਰੋਂ ਅਨੇਕਾਂ ਪੰਜਾਬੀ ਲਹਿੰਦੇ ਪੰਜਾਬ ਗਏ। ਪੰਜਾਹ ਸਾਲਾਂ ਦੇ ਵਕਫੇ ਬਾਅਦ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ ਆਪਣੇ ਪਿੰਡ ਆਪਣੇ ਗਰਾਂਈਆਂ ਨੂੰ ਮਿਲਣ ਆਇਆ ਫਜਲਾ ਜਦੋਂ ਆਪਣੇ ਗਰਾਂਈ ਸੱਤੇ ਨੂੰ ਮਿਲਦਾ ਹੈ ਤਾਂ ਸੱਤਾ ਸਿੱਖਾਂ ਦੇ ਸੰਭਾਲੀ ਦੇ ਰੌਲਿਆਂ ਵੇਲੇ ਦੇ ਵਿਵਹਾਰ ਸੰਬੰਧੀ ਆਖਦਾ ਹੈ :

*"ਗੁਰੂਆਂ ਤੇ ਸਿੰਘਾਂ ਤੇ ਮੁਸਲਮਾਨਾਂ ਦੇ ਜ਼ੁਲਮਾਂ ਤੇ*
*ਜ਼ਿਆਦਤੀਆਂ ਦੇ ਕਿੱਸੇ ਸੁਣਾ ਕੇ ਜਜ਼ਬਾਤੀ ਜਿਹੇ ਕਰ ਲਿਆ।*
*ਬੱਸ ਮੈਂ ਅੰਨ੍ਹਾ ਜਿਹਾ ਹੋ ਗਿਆ ਸੀ ਐਵੇਂ।"*

ਇਨ੍ਹਾਂ ਸਤਰਾਂ ਤੋਂ ਦੰਗਿਆਂ ਦਾ ਇਕ ਕਾਰਨ ਸਿੱਖਾਂ ਤੇ ਮੁਸਲਮਾਨਾਂ ਦੇ ਇਤਿਹਾਸਕ ਵਿਰੋਧ ਵਾਲਾ ਸਮਝ ਆਉਂਦਾ ਹੈ। ਸਿੱਖਾਂ ਦੀ ਲੰਬਾ ਸਮਾਂ ਮੁਗਲ ਅਤੇ ਹੋਰ ਮੁਸਲਮਾਨ ਹਾਕਮਾਂ ਨਾਲ ਟੱਕਰ ਰਹੀ ਹੈ। ਹਾਕਮਾਂ ਦੇ ਧੱਕੇ ਦਾ ਸ਼ਿਕਾਰ ਸਿੱਖਾਂ ਦੇ ਨਾਲ-ਨਾਲ ਆਮ ਮੁਸਲਮਾਨ ਵੀ ਰਹੇ ਹਨ ਜਿਸਦੀ ਮਿਸਾਲ ਦੁੱਲਾ-ਭੱਟੀ ਹੈ। ਪੰਜਾਬ ਦੀ ਆਮ ਲੋਕਾਈ ਆਮ ਮੁਸਲਮਾਨਾਂ ਨੂੰ ਵੀ ਆਪਣੇ ਦੁਸ਼ਮਣ ਮੰਨ ਬੈਠਦੀ ਹੈ। ਇਸ ਇਤਿਹਾਸਕ ਭੁਲੇਖੇ ਸਦਕਾ ਸਾਧਾਰਨ ਬੇਦੋਸ਼ੇ ਮੁਸਲਮਾਨ ਸੰਤਾਲੀ ਦੇ ਸਮੇਂ ਸਿੱਖ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ। ਇਹੀ ਕੁਝ ਸਿੱਖਾਂ ਨਾਲ ਪੱਛਮੀ ਪੰਜਾਬ ਦੇ ਮੁਸਲਮਾਨਾਂ ਵੱਲੋਂ ਕੀਤਾ ਗਿਆ। ਸੰਤਾਲੀ ਤੋਂ ਸੱਠ ਸਾਲਾਂ ਬਾਅਦ ਲਿਖੀ ਗਈ ਇਸ ਕਹਾਣੀ ਵਿਚ ਸਾਮਰਾਜੀ ਸਰਕਾਰ ਦੇ ਕਿਸੇ ਰੋਲ ਸੰਬੰਧੀ ਕੋਈ ਸੂਚਨਾ ਨਹੀਂ ਮਿਲਦੀ। ਵੰਡ ਸਮੇਂ ਪੈਦਾ ਹੋਏ ਦੰਗਿਆਂ ਦੇ ਕਾਰਨ ਦੀ ਪੜਚੋਲ ਕਰਦਾ ਹੋਇਆ ਕਹਾਣੀ ਦਾ ਸੁਚੇਤ ਪਾਤਰ ਅਮੋਲਕ ਆਖਦਾ ਹੈ:

*"ਆਮ ਹਾਲਤਾਂ 'ਚ ਬੰਦਾ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ*
*'ਚ ਇਕ ਬੈਲੇਂਸ ਰੱਖੀ ਤੁਰਦਾ। ਪਰ ਲੀਡਰਾਂ ਦੇ ਨਿੱਜੀ*
*ਮੁਫਾਦਾਂ ਤੇ ਧਾਰਮਿਕ ਆਗੂਆਂ ਦੇ ਕੱਟੜਵਾਦੀ ਰੋਲ ਕਾਰਨ ਬੰਦਾ*
*ਪਹਿਲਾਂ ਤਾਂ ਭੰਬਲਭੂਸੇ 'ਚ ਪੈਂਦਾ, ਫਿਰ ਅਣਮਨੁੱਖੀ ਕੰਮਾਂ 'ਚ*
*ਪੈ ਜਾਂਦਾ। ਇਮਤਿਹਾਨ ਦੀ ਘੜੀ ' ਚ ਸਾਰੇ ਵਿਚਾਰ ਲੋਕਾਂ*
*ਦੀਆਂ ਜ਼ਿੰਦਗੀਆਂ 'ਚੋਂ ਨਿਕਲ ਕੇ ਚੁੱਪ ਚਾਪ ਧਾਰਮਿਕ*
*ਗ੍ਰੰਥਾਂ ਵੱਲ ਪਰਤ ਜਾਂਦੇ ਆ। ਬੱਸ ਬੰਦਾ ਪਸ਼ੂਆਂ ਨੂੰ ਵੀ*
*ਸ਼ਰਮਿੰਦਾ ਕਰ ਦਿੰਦਾ।"*

ਇਹ ਕਹਾਣੀ 1947 ਵਿਚ ਇਕ ਦੂਜੇ ਦੇ ਖੂਨ ਦੀਆਂ ਪਿਆਸੀਆਂ ਹੋਈਆਂ ਦੋ ਧਿਰਾਂ

ਦੀ ਛੇ ਦਹਾਕਿਆਂ ਬਾਅਦ ਅਜਬ ਮਿਲਾਪ ਦੀ ਕਹਾਣੀ ਹੈ। ਪ੍ਰੰਤੂ ਇਸ ਦੇ ਬਿਰਤਾਂਤ ਵਿਚੋਂ ਭਾਰਤੀ ਪੰਜਾਬ ਵਿਚ ਚੱਲੀ ਤਰੱਕੀ ਪਸੰਦ ਤਰਕਸ਼ੀਲ ਅਤੇ ਖੱਬੇ ਪੱਖੀ ਲਹਿਰ ਦੇ ਸਮਾਜ ਉਪਰ ਪਏ ਪ੍ਰਭਾਵ ਨੂੰ ਅਮੋਲਕ ਦੇ ਪਾਤਰ ਰਾਹੀਂ ਦੇਖਿਆ ਜਾ ਸਕਦੈ।

2007 ਵਿਚ ਪ੍ਰਕਾਸ਼ਿਤ ਹੋਈ ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਪੰਜਾਬ ਸੰਕਟ ਦੌਰਾਨ ਸਮਾਜ ਉਪਰ ਪਏ ਡੂੰਘੇ ਪ੍ਰਭਾਵਾਂ ਦੀ ਕਹਾਣੀ ਹੈ। ਇਹ ਕਹਾਣੀ ਮੁੱਖ ਪਾਤਰਾਂ ਮਾਸਟਰ ਅਤੇ ਜੱਸੇ ਦੀ ਹੀ ਕਹਾਣੀ ਨਹੀਂ ਬਲਕਿ ਇਹ ਪੰਜਾਬੀ ਸਮਾਜ ਦੇ ਸਮੂਹਿਕ ਅਵਚੇਤਨ (3✤⬇⬇✥✵✝⬅✂✥ ↔✝✩–✵✤✪↔✵⬅✤✝↔✪✥↔↔)ਦੀਆਂ ਪਰਤਾਂ ਨੂੰ ਫਰੋਲਣ ਵਾਲੀ ਕਹਾਣੀ ਹੈ। ਇਸ ਕਹਾਣੀ ਵਿੱਚ ਇਕ ਪਾਸੇ ਮੂਲਵਾਦੀ ਧਿਰਾਂ ਇਕ ਅਜਿਹੀ ਲੜਾਈ ਲੜਦੀਆਂ ਦਿਖਾਈ ਦਿੰਦੀਆਂ ਹਨ ਜਿਸ ਦੇ ਭਾਰਤੀ ਸਟੇਟ ਦੀ ਤਾਕਤ ਦੇ ਸਾਹਮਣੇ ਜਿੱਤੇ ਜਾਣ ਦੀ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ। ਦੂਜੇ ਪਾਸੇ ਸਟੇਟ ਦਾ ਪੁਲਿਸਤੰਤਰ ਹੈ ਜਿਹੜਾ ਹਰ ਕਿਸਮ ਦੇ ਅਨੁਸ਼ਾਸਨ ਨੂੰ ਛਿੱਕੇ ਟੰਗ ਕੇ ਇਸ ਲੜਾਈ ਨੂੰ ਰੋਕਣ ਦੇ ਬਹਾਨੇ ਆਪਣੀਆਂ ਰੋਟੀਆਂ ਛੇਕਣ ਦੇ ਵਿਚ ਮਸਤ ਹੈ। ਇਸ ਲੜਾਈ ਵਿੱਚ ਜੱਸੇ ਤੇ ਮਾਸਟਰ ਵਰਗੇ ਲੋਕ ਹਨ ਜੋ ਇਸ ਲੜਾਈ ਦੇ ਕਰੂਪ ਚਿਹਰੇ ਤੇ ਵਾਹਕ ਬਣਦੇ ਹਨ। ਇਹ ਕਹਾਣੀ ਸ਼ਾਂਤ ਸਮਾਜਿਕ ਢਾਂਚੇ ਨੂੰ ਖੇਰੂੰ-ਖੇਰੂੰ ਕਰਨ ਵਾਲੀਆਂ ਅਤੰਕਵਾਦੀ (ਮੂਲਵਾਦੀ ਅਤੇ ਸਰਕਾਰੀ) ਧਿਰਾਂ ਦੀ ਅੰਦਰੂਨੀ ਦੁਰਲੱਭ ਤਸਵੀਰ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਪ੍ਰਾਪਤ ਦੁਰਲੱਭ ਵੇਰਵੇ ਹੀ ਇਸਦੀ ਤਾਕਤ ਬਣਦੇ ਹਨ।

ਪ੍ਰਾਪਤ ਚਿੰਤਨ ਵਿਚ ਇਤਿਹਾਸ ਨੂੰ ਸੱਚ ਸਮਝਣ ਦੀ ਰੁਚੀ ਪ੍ਰਧਾਨ ਰਹੀ ਹੈ ਜਦੋਂ ਕਿ ਇਤਿਹਾਸ ਸਾਹਿਤ ਵਾਂਗ ਹੀ ਹੋਈਆਂ ਬੀਤੀਆਂ ਘਟਨਾਵਾਂ ਦਾ ਇਕ ਉਸਾਰਿਆ ਗਿਆ (✵✤✪–↔✝☛✝✵✝✥➢)ਬਿਰਤਾਂਤ (©▲☛☛▲✝⬅✂✥)ਹੁੰਦਾ ਹੈ। ਭਾਵ ਇਤਿਹਾਸ ਸੌ ਫੀਸਦੀ ਸੱਚ ਨਹੀਂ ਹੁੰਦਾ ਬਲਕਿ ਵਾਪਰੀਆਂ ਘਟਨਾਵਾਂ ਨਾਲ ਸੰਬੰਧਿਤ ਅਲੱਗ-ਅਲੱਗ ਧਿਰਾਂ ਦੀ ਆਪੋ ਆਪਣੀ ਵਿਆਖਿਆ ਹੁੰਦਾ ਹੈ। ਇਸ ਕਹਾਣੀ ਨੂੰ ਜੇਕਰ ਸਮਾਜਿਕ ਇਤਿਹਾਸ ਵਾਂਗ ਪੜ੍ਹਿਆ ਜਾਵੇ ਤਾਂ ਇਸ ਵਿਚਲੀ ਸਥਾਪਤੀ ਪੱਖੀ ਧਿਰ ਅਰਥਾਤ ਪੰਜਾਬ ਅਤੇ ਭਾਰਤੀ ਸਟੇਟ ਦਾ ਪੁਲਿਸਤੰਤਰ ਪੰਜਾਬ ਵਿਚ ਇਕ ਵਿਗਠਨਕਾਰੀ ਸ਼ਕਤੀ ਦੇ ਤੌਰ 'ਤੇ ਵਿਚਰਦਾ ਹੋਇਆ ਦਿਖਾਈ ਦਿੰਦਾ ਹੈ।

ਪਿਛਲੇ ਸਾਲਾਂ ਵਿਚ ਪੰਜਾਬੀ ਸਮਾਜ ਵਿਚ ਜਿਹੜੇ ਮਸਲੇ ਚਿੰਤਨ ਦਾ ਵਿਸ਼ਾ ਰਹੇ ਹਨ ਉਨ੍ਹਾਂ ਵਿਚ ਬਟਵਾਰਾ ਤੇ ਬਟਵਾਰੇ ਤੋਂ ਅੱਧੀ ਸਦੀ ਬਾਅਦ ਦੋਵੇਂ ਪਾਸੇ ਦੇ ਪੰਜਾਬੀਆਂ ਦਾ ਮੇਲ-ਮਿਲਾਪ, ਪੰਜਾਬ ਸੰਕਟ ਸੰਬੰਧੀ ਉਪਜਿਆ ਚਿੰਤਨ ਅਤੇ ਪੰਜਾਬ ਵਿਚ ਪੈਦਾ ਹੋਇਆ ਪਾਣੀ ਦਾ ਸੰਕਟ। ਇਸ ਸੰਬੰਧੀ ਜਸਵੀਰ ਸਿੰਘ ਰਾਣਾ ਦੀ ਕਹਾਣੀ 'ਡਾਕਟ-ਜ਼ੋਨ' ਇਕ ਚਰਚਿਤ ਕਹਾਣੀ ਹੈ। ਇਹ ਕਹਾਣੀ ਐਬਸਰਡ ਵਿਧੀ ਦੀ ਮੱਦਦ ਨਾਲ ਪਾਣੀ ਨਾਲ ਸੰਬੰਧਿਤ ਇਤਿਹਾਸਕ, ਮਿਥਿਹਾਸਕ, ਵਿਸ਼ਵੀ ਅਤੇ ਸਥਾਨਕ ਮਸਲਿਆਂ ਨੂੰ ਇਕ ਰਚਨਾ ਵਿਚ ਇਕੱਠਿਆਂ ਕਰ ਦਿੰਦੀ ਹੈ। ਇਸ ਕਹਾਣੀ ਵਿਚ ਪਾਣੀ ਬਾਰੇ ਯਜੁਰਵੇਦ ਦੇ ਹਵਾਲੇ ਹਨ। ਇਸ ਵਿਚ ਗੁਰੂ ਗ੍ਰੰਥ ਸਾਹਿਬ, ਯਸ਼ੂ ਮਸੀਹ ਤੇ ਮਹਾਂਵੀਰ ਜੈਨ ਦੇ ਪਾਣੀ ਬਾਰੇ ਪ੍ਰਸਿੱਧ ਹਵਾਲੇ ਹਨ। ਇਸ ਵਿਚ ਪੰਜਾਬ ਦੇ ਪੰਜਾਂ ਪਾਣੀਆਂ ਨੂੰ ਵੰਡੇ ਜਾਣ ਦਾ ਜ਼ਿਕਰ ਹੈ। ਇਸ ਕਹਾਣੀ ਵਿਚ ਰੁੱਖਾਂ ਅਤੇ ਲੱਕੜਹਾਰੇ ਦੀ ਪ੍ਰਸਿੱਧ ਬਾਲ ਕਹਾਣੀ ਦਾ ਹਵਾਲਾ ਹੈ। ਖੇਤਾਂ ਵਿੱਚ ਵੱਢਾਂ ਨੂੰ ਲਾਈਆਂ ਅੱਗਾਂ, ਗਾਇਬ ਹੋ ਰਹੇ ਛੱਪੜ, ਗਲੋਬਲ ਵਾਰਮਿੰਗ, ਅਲੋਪ ਹੋ ਰਹੀਆਂ ਚਿੜੀਆਂ, ਪਿਆਸੇ ਕਾਂ ਦੀ ਕਹਾਣੀ, ਟੀ. ਵੀ. ਤੇ ਆ ਰਹੀ ਕੋਕਾ-ਕੋਲਾ ਦੀ ਮਸ਼ਹੂਰੀ ਆਦਿ ਕਿੰਨਾ ਹੀ ਕੁਝ ਇਸ ਕਹਾਣੀ ਦੇ ਬਿਰਤਾਂਤ ਵਿਚ ਇਸ ਕਹਾਣੀ ਦੀ ਮੁੱਖ ਪਾਤਰ

***ਬਾਕੀ ਪੰਨਾ 71 ਤੇ***



## ਆਲੋਚਨਾ ਦਾ 'ਲਾਲ' : ਜੋਗਿੰਦਰ ਸਿੰਘ ਰਾਹੀ/ਜਿੰਦਰ

ਜਿਸ ਦਿਨ ਦਾ ਮੈਨੂੰ ਪਤਾ ਲੱਗਾ ਸੀ ਕਿ ਜੋਗਿੰਦਰ ਸਿੰਘ ਰਾਹੀ ਆਈ. ਸੀ. ਯੂ. 'ਚ ਦਾਖਲ ਸੀ, ਮੈਂ ਉਨ੍ਹਾਂ ਬਾਰੇ ਕੁਝ ਜ਼ਿਆਦਾ ਹੀ ਫਿਕਰਮੰਦ ਹੋ ਗਿਆ ਸੀ। ਮੈਂ ਚੰਡੀਗੜ੍ਹ ਹੁੰਦਾ ਜਾਂ ਜਲੰਧਰ, ਅਖ਼ਬਾਰਾਂ 'ਚ ਉਨ੍ਹਾਂ ਸੰਬੰਧੀ ਖ਼ਬਰ ਲੱਭਦਾ ਇਹ ਜਾਨਣ ਲਈ ਕਿ ਉਨ੍ਹਾਂ ਦੀ ਸਿਹਤ ਕਿਵੇਂ ਚਲ ਰਹੀ ਹੈ। ਮੈਨੂੰ ਪਤਾ ਲੱਗਾ ਸੀ ਕਿ ਉਹ ਪਹਿਲਾਂ ਵੀ ਦੋ ਵਾਰ ਆਈ. ਸੀ. ਯੂ. 'ਚ ਰਹਿ ਚੁੱਕੇ ਸਨ ਤੇ ਫੇਰ ਉਨ੍ਹਾਂ ਦੀ ਸਿਹਤ ਠੀਕ ਹੋ ਗਈ ਸੀ। ਮੈਨੂੰ ਕਿਸੇ ਦਾ ਫੋਨ ਆਉਂਦਾ ਜਾਂ ਮੈਂ ਕਰਦਾ, ਮੇਰੀਆਂ ਗੱਲਾਂ 'ਚ ਰਾਹੀ ਹੋਰਾਂ ਦਾ ਜ਼ਿਕਰ ਆ ਹੀ ਜਾਂਦਾ। ਮੇਰੇ ਇਕ ਨੇੜਲੇ ਕਹਾਣੀਕਾਰ ਨੇ ਮੈਨੂੰ ਪੁੱਛਿਆ ਸੀ, "ਤੂੰ ਉਸ ਬਾਰੇ ਹੀ ਕਿਉਂ ਸੋਚਦਾ ਰਹਿਣਾ?" ਮੈਂ ਕਿਹਾ ਸੀ, "ਉਹ ਪੰਜਾਬੀ ਆਲੋਚਨਾ ਦਾ ਲਾਲ ਆ-ਇਹ ਲਾਲ ਦੋਬਾਰਾ ਨਹੀਂ ਲੱਭਣਾ।"

ਦਸੰਬਰ ਦੇ ਪਹਿਲੇ ਹਫਤੇ ਮੈਂ ਮਹਿਲ ਸਿੰਘ ਨੂੰ ਫੋਨ ਕੀਤਾ ਸੀ, "ਮੈਂ ਰਾਹੀ ਸਾਹਿਬ ਬਾਰੇ ਸਪਲੀਮੈਂਟ ਕੱਢਣਾ। ਤੁਸੀਂ ਮੈਟਰ ਇਕੱਠਾ ਕਰੋ। ਫੋਟੋ ਵੀ, 64 ਕੁ ਪੰਨਿਆਂ ਦਾ। ਜਦੋਂ ਤੁਸੀਂ ਮੈਨੂੰ ਮੈਟਰ ਦੇ ਦਿੱਤਾ-ਮੈਂ ਪੰਦਰਾਂ ਦਿਨਾਂ 'ਚ ਇਹਨੂੰ ਛਪਵਾ ਦੇਣਾ। ਤੁਸੀਂ ਘੌਲ ਨ੍ਹੀਂ ਕਰਨੀ।" ਮਹਿਲ ਸਿੰਘ ਨੇ ਸਹਿਯੋਗ ਦੇਣ ਲਈ ਕਿਹਾ ਸੀ। ਇਨ੍ਹੀਂ ਦਿਨੀਂ ਹੀ ਮੈਂ 'ਸ਼ਬਦ' ਦਾ ਅਪ੍ਰੈਲ 2010 ਦਾ ਇੰਟਰਵਿਊ ਅੰਕ ਕੱਢਣ ਬਾਰੇ ਪਲੈਨਿੰਗ ਕੀਤੀ ਸੀ। ਜਿਨ੍ਹਾਂ ਦਸ ਲੇਖਕਾਂ ਦੀਆਂ ਇੰਟਰਵਿਊ ਛਾਪਣੀਆਂ ਸਨ-ਉਨ੍ਹਾਂ 'ਚ ਜੋਗਿੰਦਰ ਸਿੰਘ ਰਾਹੀ ਦਾ ਨਾਂ ਵੀ ਸ਼ਾਮਿਲ ਸੀ। ਮੈਂ ਪਹਿਲਾਂ ਵੀ ਦੋ ਵਾਰ ਉਨ੍ਹਾਂ ਦੀ ਇੰਟਰਵਿਊ ਛਾਪ ਚੁੱਕਾ ਹਾਂ। ਮੈਨੂੰ ਹਰ ਵਾਰ ਐਦਾਂ ਹੀ ਲੱਗਾ ਸੀ ਕਿ ਇਹ ਇੰਟਰਵਿਊ ਅਧੂਰੀ ਸੀ। ਮੈਂ ਆਪ ਉਨ੍ਹਾਂ ਦੀ ਇੰਟਰਵਿਊ ਕਰਨਾ ਚਾਹੁੰਦਾ ਸੀ ਪਰ ਮੈਥੋਂ ਉਨ੍ਹਾਂ ਦੀ ਬੋਲ-ਸ਼ਕਤੀ ਸਾਹਮਣਾ ਨਹੀਂ ਕਰ ਹੁੰਦਾ ਸੀ। ਜਦੋਂ ਮੈਂ ਉਨ੍ਹਾਂ ਨੂੰ ਛਾਪਣਾ ਸ਼ੁਰੂ ਕੀਤਾ ਸੀ ਤਾਂ ਮੈਨੂੰ ਕਿਸੇ ਮਿੱਤਰ ਨੇ ਸਮਝਾਉਣ ਦੇ ਲਹਿਜੇ 'ਚ ਕਿਹਾ ਸੀ, "ਰਾਹੀ ਤਾਂ ਚਲਿਆ ਹੋਇਆ ਕਾਰਤੂਸ ਆ। ਤੇਰੇ ਕਿਸੇ ਕੰਮ ਨ੍ਹੀਂ ਆਉਣਾ। ਹਰਿਭਜਨ ਭਾਟੀਆ ਵੀ ਜਾਂਦਾ ਸੀ। ਉਸਨੂੰ ਕਿਸੇ ਸਮਝਾਇਆ ਸੀ। ਉਹ ਤਾਂ ਰਾਹੀ ਦਾ ਸਾਥ ਛੱਡ ਗਿਆ।" ਮੈਂ ਤਾਂ ਉਨ੍ਹਾਂ ਅੱਗੇ ਨਤਮਸਤਕ ਸੀ। ਜਦੋਂ ਰਾਹੀ ਹੋਰਾਂ ਦੀ ਪੁਸਤਕ 'ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿੱਚ ਕਪਾਲ' (2007) ਛਪੀ ਤਾਂ ਮੈਂ ਉਸੇ ਦੋਸਤ ਨੂੰ ਕਿਹਾ ਸੀ, "ਰਾਹੀ ਉਨ੍ਹਾਂ ਦੀ ਕਿਤਾਬ ਪੜ੍ਹ। ਫੇਰ ਮੇਰੇ ਨਾਲ ਗੱਲ ਕਰੀਂ।" ਅਸੀਂ ਇਕ ਦਿਨ ਇਸੇ ਕਿਤਾਬ ਬਾਰੇ ਗੱਲਾਂ ਕੀਤੀਆਂ ਸਨ। ਉਸ ਕਿਹਾ ਸੀ, "ਰਾਹੀ ਨੇ ਤੇਰੀ ਪ੍ਰੇਮ ਪ੍ਰਕਾਸ਼ ਨਾਲ ਕੀਤੀ ਇੰਟਰਵਿਊ ਨੂੰ ਆਧਾਰ ਬਣਾ ਕੇ ਕਈ ਗੱਲਾਂ ਕੀਤੀਆਂ। ਵਿਚੋਂ ਕੀ ਚੱਕਰ ਆ। ਉਹ ਵਰਿਆਮ ਸੰਧੂ ਤੋਂ ਬਾਅਦ ਤੇਰੇ 'ਤੇ ਕੰਮ ਕਰੇਗਾ।" ਮੈਨੂੰ ਹੁਣ ਵੀ ਯਾਦ ਹੈ। ਮੈਂ ਕਿਹਾ ਸੀ, "ਉਹ ਬੁੜਾ ਬੜਾ ਮੋਹ ਲਿਹਾਜ਼ਾ। ਪਹਿਲਾਂ ਰਚਨਾ ਦੇਖਦਾ। ਫੇਰ ਨਾਂ।"

ਸਤਾਰਾਂ ਦਸੰਬਰ ਨੂੰ ਬਾਰ੍ਹਾਂ ਕੁ ਵਜੇ ਤਲਵਿੰਦਰ ਸਿੰਘ ਦਾ ਫੋਨ ਆਇਆ, "ਬੁੜਾ ਤੁਰ ਗਿਐ।" ਮੈਂ ਸਮਝ ਗਿਆ ਸੀ ਕਿ ਰਾਹੀ ਹੋਰੀਂ ਚਲੇ ਗਏ ਸੀ। ਮੈਨੂੰ ਪਤਾ ਲੱਗ ਗਿਆ ਸੀ ਕਿ ਉਸ ਨੇ 'ਬੁੜਾ' ਕਿਸ ਨੂੰ ਕਿਹਾ ਸੀ। ਮੈਂ ਹਰ ਐਤਵਾਰ 'ਦੀ ਹਿੰਦੂ' ਤੇ ਹੋਰ ਦਿੱਲੀ ਦੀਆਂ ਅਖ਼ਬਾਰਾਂ ਲੈਣ ਲਈ ਸ਼ਾਸਤਰੀ ਮਾਰਕੀਟ 'ਚ ਜਾਂਦਾ ਹਾਂ। ਸਾਈਕਲ 'ਤੇ। ਮੈਂ ਸਾਈਕਲ ਚੁੱਕਿਆ ਤੇ ਸ਼ਾਸਤਰੀ ਮਾਰਕੀਟ ਵੱਲ ਤੁਰ ਪਿਆ। ਅੰਬੇਦਕਰ ਚੌਕ ਕੋਲ ਆ ਕੇ ਮੈਨੂੰ ਪਤਾ ਨਹੀਂ ਕੀ ਹੋਇਆ ਕਿ ਮੈਂ ਸਾਈਕਲ ਟੀ. ਵੀ. ਸੈਂਟਰ ਵੱਲ ਮੋੜ ਲਿਆ। ਮੈਂ ਦੋ ਘੰਟੇ ਸਾਈਕਲ ਸ਼ਹਿਰ ਦੀਆਂ ਵੱਖ-ਵੱਖ ਸੜਕਾਂ 'ਤੇ ਭਜਾਈ ਫਿਰਦਾ ਰਿਹਾ। ਮੈਂ ਇਕੱਲਾ ਨਹੀਂ ਸੀ-ਮੇਰੇ ਸੰਗ ਰਾਹੀ ਸੀ। ਉਨ੍ਹਾਂ ਦੀਆਂ ਯਾਦਾਂ ਸਨ।

ਬਹੁਤ ਸਾਲ ਪਹਿਲਾਂ ਦੀ ਗੱਲ ਹੈ। ਮੈਂ ਪ੍ਰੇਮ ਪ੍ਰਕਾਸ਼ ਦੀ ਛੱਤ ਦੀਆਂ ਪੌੜੀਆਂ ਉਤਰ ਰਿਹਾ

ਸੀ। ਰਾਹੀ ਸਾਹਿਬ ਪੌੜੀਆਂ ਚੜ੍ਹ ਰਹੇ ਸਨ। ਮੈਂ ਉਨ੍ਹਾਂ ਦਾ ਨਾਂ ਤਾਂ ਸੁਣ ਰੱਖਿਆ ਸੀ ਪਰ ਉਨ੍ਹਾਂ ਨੂੰ ਦੇਖਿਆ ਨਹੀਂ ਸੀ। ਉਹ ਉਪਰ ਚਲੇ ਗਏ ਸਨ। ਮੈਂ ਵੀ ਮੁੜ ਆਇਆ ਸੀ। ਪ੍ਰੇਮ ਪ੍ਰਕਾਸ਼ ਹੋਰੀਂ ਮੰਜੇ 'ਤੇ ਬੈਠੇ ਸਨ। ਰਾਹੀ ਸਾਹਿਬ ਕੁਰਸੀ 'ਤੇ। ਮੈਂ ਚੋਰ ਅੱਖ ਨਾਲ ਵਿਚ ਵਿਚਾਲੇ ਉਨ੍ਹਾਂ ਵੱਖ ਦੇਖ ਲੈਂਦਾ ਸੀ। ਉਨ੍ਹਾਂ ਦੇ ਪਹਿਰਾਵੇ 'ਚ ਸਲੀਕਾ ਸੀ। ਪੈਂਟ-ਕੋਟ। ਟਾਈ। ਕੱਸ ਕੇ ਬੰਨੀ ਦਾੜ੍ਹੀ। ਐਨਕਾਂ। ਮੂੰਹ ਐਦਾਂ ਚਮਕ ਰਿਹਾ ਸੀ ਜਿਵੇਂ ਕਿਸੇ ਔਰਤ ਨੇ ਤਾਜ਼ੀ-ਤਾਜ਼ੀ ਬਲੀਚਿੰਗ ਕਰਵਾਈ ਹੋਵੇ। ਜਿਸਮ ਕਸਿਆ ਪਿਆ ਸੀ। ਮੈਨੂੰ ਐਦਾਂ ਲੱਗਿਆ ਸੀ ਜਿਵੇਂ ਉਨ੍ਹਾਂ ਅਫੀਮ ਦੀ ਮੋਟੀ ਗੋਲੀ ਖਾਧੀ ਹੋਵੇ। ਪ੍ਰੇਮ ਪ੍ਰਕਾਸ਼ ਤੇ ਰਾਹੀ ਹੋਰੀਂ ਗੱਲਾਂ ਕਰਦੇ ਰਹੇ ਸਨ। ਮੈਂ ਉਨ੍ਹਾਂ ਵਿਚਕਾਰ ਦਰਸ਼ਕ ਬਣਿਆ ਬੈਠਾ ਸੀ। ਪ੍ਰੇਮ ਪ੍ਰਕਾਸ਼ ਹੋਰਾਂ ਦੀ ਆਦਤ ਹੈ ਕਿ ਉਹ ਇਕ ਦੂਜੇ ਬਾਰੇ ਤੁਆਰਫ ਨਹੀਂ ਕਰਵਾਉਂਦੇ। ਉਨ੍ਹਾਂ ਦੀਆਂ ਲੰਬੀਆਂ ਹੁੰਦੀਆਂ ਗੱਲਾਂ ਨੂੰ ਵਿਚਕਾਰੋਂ ਹੀ ਛੱਡ ਕੇ ਮੈਂ ਵਾਪਸ ਆ ਗਿਆ ਸੀ ਪਰ ਮੈਂ ਉਨ੍ਹਾਂ ਦੀ ਸਮਝ, ਗਿਆਨੀ, ਭਾਸ਼ਾ, ਵਿਦਵਤਾ ਤੇ ਗਿਆਨ ਦਾ ਕੀਲਿਆ ਗਿਆ ਸੀ। ਮੈਂ ਦੂਜੀ ਵਾਰ ਅੰਮ੍ਰਿਤਸਰ ਕਹਾਣੀ ਗੋਸ਼ਟੀ 'ਚ ਰਾਹੀ ਹੋਰਾਂ ਨੂੰ ਬੋਲਦਿਆਂ ਸੁਣਿਆ ਸੀ। ਮੈਂ ਆਪਣੀ ਕਹਾਣੀ 'ਨਹੀਂ, ਮੈਂ ਨਹੀਂ' ਪੜ੍ਹੀ ਸੀ। ਰਾਹੀ ਹੋਰਾਂ ਨੇ ਪ੍ਰਧਾਨਗੀ ਭਾਸ਼ਣ 'ਚ ਕਿਹਾ ਸੀ, "ਤੂੰ ਇਹ ਕਹਾਣੀ ਔਰਤ ਦੇ ਪੱਖ 'ਚੋਂ ਲਿਖੀ ਆ। ਮਰਦ ਪੱਖ ਤੋਂ ਵੀ ਲਿਖ....।"

ਮੈਂ ਰਾਹੀ ਹੋਰਾਂ ਦੀ ਪੁਸਤਕ 'ਸਮਾਂ ਤੇ ਸੰਵਾਦ' ਪੜ੍ਹੀ ਸੀ। ਇਸ ਤੋਂ ਪਹਿਲਾਂ ਮੈਂ ਕਦੇ ਵੀ ਨਿੱਠ ਕੇ ਕੋਈ ਆਲੋਚਨਾ ਦੀ ਪੁਸਤਕ ਨਹੀਂ ਪੜ੍ਹੀ ਸੀ। ਇਸ ਪੁਸਤਕ ਤੋਂ ਬਾਅਦ ਮੈਂ ਉਨ੍ਹਾਂ ਦਾ ਮੁਰੀਦ ਬਣ ਗਿਆ ਸੀ। ਮੈਂ ਉਨ੍ਹਾਂ ਦੀ ਸਿਆਣਪ, ਚਿੰਤਨ, ਸੋਚ, ਧਾਰਨਾਵਾਂ ਦਾ ਲੋਹਾ ਮੰਨ ਲਿਆ ਸੀ। ਫੇਰ ਜਦੋਂ ਵੀ ਮੈਂ ਅੰਮ੍ਰਿਤਸਰ ਜਾਂਦਾ-ਉਨ੍ਹਾਂ ਨੂੰ ਮਿਲੇ ਬਿਨਾਂ ਕਦੇ ਨਹੀਂ ਮੁੜਿਆ ਸੀ। ਠੀਕ ਉਵੇਂ ਹੀ ਜਿਵੇਂ ਕੋਈ ਧਾਰਮਿਕ ਆਦਮੀ ਅੰਮ੍ਰਿਤਸਰ ਆਵੇ ਤੇ ਹਰਮੰਦਰ ਸਾਹਿਬ ਦੇਖਿਆਂ ਬਿਨਾਂ ਨਾ ਮੁੜੇ। ਜਦੋਂ ਉਹ ਗੱਲਾਂ ਸ਼ੁਰੂ ਕਰਦੇ ਤਾਂ ਮੈਨੂੰ ਐਦਾਂ ਲੱਗਦਾ ਜਿਵੇਂ ਕੋਈ ਪਹੁੰਚਿਆ ਹੋਇਆ ਸੰਤ ਪ੍ਰਵਚਨ ਕਰ ਰਿਹਾ ਹੋਵੇ। ਅੰਗਰੇਜ਼ੀ, ਫਾਰਸੀ, ਉਰਦੂ, ਹਿੰਦੀ ਭਾਸ਼ਾਵਾਂ ਨੂੰ ਜਾਨਣ ਵਾਲੇ ਰਾਹੀ ਨੂੰ ਹਿੰਦੂ ਮਿਥਿਹਾਸ ਤੇ ਇਸਲਾਮ ਬਾਰੇ ਬਹੁਤ ਗਿਆਨ ਸੀ-ਇਸੇ ਲਈ ਉਨ੍ਹਾਂ ਦੀਆਂ ਗੱਲਾਂ 'ਚ ਹਿੰਦੂ ਮਿਥਿਹਾਸ ਤੇ ਇਸਲਾਮ ਦੇ ਅਹਿਮ ਪੱਖ ਅਕਸਰ ਆਉਂਦੇ ਸਨ। 'ਓਮ' ਦਾ ਉਚਾਰਣ ਕਰਕੇ ਦਿਖਾਇਆ ਸੀ। ਜਦੋਂ ਅੰਮ੍ਰਿਤਸਰ ਕਹਾਣੀ ਗੋਸ਼ਟੀ ਹੋਈ ਤਾਂ ਉਨ੍ਹਾਂ 'ਓਮ' ਬਾਰੇ ਵੀਹ ਮਿੰਟ ਦਾ ਲੈਕਚਰ ਦਿੱਤਾ ਸੀ।

ਉਨ੍ਹਾਂ ਨੇ ਬਾਦਸ਼ਾਹਾਂ ਵਰਗੀ ਜ਼ਿੰਦਗੀ ਬਿਤਾਈ ਸੀ। ਤਿਕੜਮਬਾਜ਼ੀਆਂ, ਮੱਠਾਂ, ਆਲੋਚਕੀ ਦਾਅਪੇਚਾਂ ਤੇ ਮੋਹ ਲਿਹਾਜਾਂ ਤੋਂ ਆਪਣੇ ਆਪ ਨੂੰ ਦੂਰ ਰੱਖਿਆ ਕਦੇ ਕਿਸੇ ਨਾਲ ਸਮਝੌਤਾ ਨਹੀਂ ਕੀਤਾ ਸੀ। ਉਹ ਆਪਣੀ ਪੁਸਤਕ 'ਜੋਤ-ਜੁਗਤ ਕੀ ਬਾਰਤਾ' ਦੀ ਭੂਮਿਕਾ 'ਚ ਲਿਖਦੇ ਹਨ, "ਮੈਂ ਤਾਂ ਸਾਹਿਤ ਦਾ ਸਾਧਾਰਨ ਵਿਦਿਆਰਥੀ ਹਾਂ। ਜੋ ਲਿਖਦਾ ਹਾਂ, ਵਿਦਿਆਰਥੀ ਦੀ ਹੈਸੀਅਤ ਵਿੱਚ ਲਿਖਦਾ ਹਾਂ। ਕਿਸੇ ਵਾਦ 'ਚ ਬੱਝ ਕੇ ਜਾਂ ਉਸ ਦੀ ਕਲਗੀ ਲਾ ਕੇ ਨਹੀਂ ਲਿਖਦਾ। ਮੈਂ ਕਲਗੀ ਦੇ ਅਵਲੰਬੀਆਂ ਦਾ ਪਿਛਲੱਗ ਨਹੀਂ।" ਡੀ. ਏ. ਵੀ. ਕਾਲਜ, ਅੰਮ੍ਰਿਤਸਰ 'ਚ ਲੈਕਚਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਰੀਡਰ, ਪ੍ਰੋਫੈਸਰ ਡੀਨ ਵਿਦਿਆਰਥੀ ਭਲਾਈ, ਵਾਈਸ ਚਾਂਸਲਰ ਦਾ ਪ੍ਰਸ਼ਾਸਕੀ ਸਕੱਤਰ, ਯੂ. ਜੀ. ਸੀ. ਦਾ ਨੈਸ਼ਨਲ ਲੈਕਚਰਾਰ, ਸਰਸਵਤੀ ਸਨਮਾਨ ਦੀ ਪੰਜਾਬੀ ਭਾਸ਼ਾ ਕਮੇਟੀ ਦਾ ਕਨਵੀਨਰ ਆਦਿ ਜਿਹੀਆਂ ਪਦਵੀਆਂ ਉਨ੍ਹਾਂ ਆਪਣੀ ਯੋਗਤਾ ਦੇ ਸਿਰ 'ਤੇ ਹੀ ਹਾਸਿਲ ਕੀਤੀਆਂ ਸਨ। ਡਾ. ਹਰਿਭਜਨ ਸਿੰਘ ਦੀ ਕਾਵਿ ਪੁਸਤਕ 'ਰੁਖ ਤੇ ਰਿਸ਼ੀ' ਦਾ ਅੰਗਰੇਜ਼ੀ ਭਾਸ਼ਾ 'ਚ ਅਨੁਵਾਦ ਕੀਤਾ। ਉਸ ਦੀਆਂ ਪ੍ਰਾਪਤੀਆਂ ਨੇ ਹੀ ਉਨ੍ਹਾਂ ਨੂੰ ਪੰਜਾਬੀ ਗਲਪ ਦਾ ਵਿਸ਼ੇਸ਼ੱਗ ਬਣਾਇਆ ਹੈ। ਉਨ੍ਹਾਂ ਕਦੇ ਪੈਸੇ ਲਈ ਕੰਮ ਨਹੀਂ ਕੀਤਾ ਸੀ। ਇਸੇ ਭਾਵਨਾ ਹੇਠ 1997 'ਚ ਆਪਣੀ



ਰਿਟਾਇਰਮੈਂਟ ਤੋਂ ਬਾਅਦ ਵੀ ਉਨ੍ਹਾਂ ਆਪਣਾ ਮੋਹ ਕਾਰਜ ਜਾਰੀ ਰੱਖਿਆ ਸੀ। ਰਘੁਬੀਰ ਸਿੰਘ ਨੇ 'ਸਿਰਜਣਾ' ਦੇ ਜੁਲਾਈ-ਸਤੰਬਰ 2009 ਦੇ ਅੰਕ 'ਚ ਲਿਖਿਆ ਸੀ : ਜ਼ਿੰਮੇਵਾਰ ਸਾਹਿਤ-ਆਲੋਚਨਾ ਦਾ ਕਾਰਜ ਤਾਂ ਜਿਵੇਂ ਉੱਕਾ ਹੀ ਗਾਇਬ ਹੈ। ਅੱਜ ਕਲ੍ਹ ਬਹੁਤ ਹਾਲਤਾਂ ਵਿਚ ਸਾਹਿਤਕ ਆਲੋਚਨਾ ਦੇ ਨਾਂ 'ਤੇ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਸ ਵਿਚ ਜਾਂ ਤਾਂ ਯੂਨੀਵਰਸਿਟੀ ਦੀ ਅਕਾਦਮਿਕ ਪੜ੍ਹਾਈ ਨਾਲ ਸੰਬੰਧਤ ਵਿਦਿਆਰਥੀਆਂ ਤੇ ਅਧਿਆਪਕਾਂ ਦੀਆਂ ਬੇਸਿਰ-ਪੈਰ ਲਿਖਤਾਂ ਹਨ ਜਿਨ੍ਹਾਂ ਦੀ ਖੁਦ ਉਨ੍ਹਾਂ ਨੂੰ ਕੋਈ ਸੋਝੀ ਨਹੀਂ, ਅਤੇ ਜਾਂ ਫਿਰ ਵਿਹਾਰਕ ਆਲੋਚਨਾ ਦੇ ਨਾਂ ਉੱਤੇ ਸਾਈ ਉੱਤੇ ਕੀਤਾ ਕੰਮ ਹੈ। ਵਿਦਵਾਨ ਆਲੋਚਕਾਂ ਨੇ ਪੜ੍ਹਨ-ਪੜ੍ਹਾਉਣ ਦਾ ਕੰਮ ਤਾਂ ਜਾਣੋਂ ਚਿਰੋਕਣਾ ਛੱਡਿਆ ਹੀ ਹੋਇਆ ਹੈ। ਉਹ ਤੁਰਤ ਫੁਰਤ ਦੀ ਸਪਲਾਈ ਵਾਂਗ ਕਿਸੇ ਵੀ ਲਿਖਤ ਜਾਂ ਲੇਖਕ ਦੇ ਪ੍ਰਸੰਗ ਵਿਚ ਅਕਸਰ ਮਿੱਟੀ ਨੂੰ ਸੋਨਾ ਅਤੇ ਰਾਤ ਨੂੰ ਦਿਨ ਬਣਾਕੇ ਪੇਸ਼ ਕਰਦੇ ਹਨ। ਸਾਡੇ ਮਹਾਂਰਥੀ ਸੁਤਿੰਦਰ ਸਿੰਘ ਨੂਰ ਤੋਂ ਲੈ ਕੇ ਟੀ. ਆਰ. ਵਿਨੋਦ ਅਤੇ ਜੋਗਿੰਦਰ ਸਿੰਘ ਰਾਹੀ ਤੱਕ ਦਾ, ਇਕ ਜਾਂ ਦੂਜੇ ਪੱਖ ਤੋਂ, ਇਹੀ ਹਾਲ ਹੈ। ਇਸ ਤਰ੍ਹਾਂ ਦੇ ਕਈ ਹੋਰ ਮੁੱਦੇ ਹਨ ਜੋ ਪੰਜਾਬੀ ਸਾਹਿਤ ਜਗਤ ਲਈ ਚਿੰਤਾ ਦਾ ਵਿਸ਼ਾ ਹਨ ਅਤੇ ਸਮਾਧਾਨ ਲਈ ਗੰਭੀਰ ਚਰਚਾ ਦੀ ਮੰਗ ਕਰਦੇ ਹਨ। ਰਾਹੀ ਸਾਹਿਬ ਦਾ ਫੋਨ ਆਇਆ ਸੀ, "ਮੈਂ ਕਹਾਣੀ 'ਕਤਲ' ਬਾਰੇ ਲਿਖਿਆ। ਦੱਸ-ਮੈਂ ਤੈਥੋਂ ਕੋਈ ਪੈਸਾ ਲਿਆ। ਮੰਗਿਆ। ਦੱਸ ਕਿਸੇ ਹੋਰ ਕੋਲੋਂ ਲਿਆ। ਫੇਰ ਰਘੁਬੀਰ ਨੇ ਕਿਵੇਂ ਲਿਖ ਦਿੱਤਾ।" ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਉਹਨਾਂ ਦਾ ਕੱਦ ਬਹੁਤ ਵੱਡਾ ਹੈ। ਉਨ੍ਹਾਂ ਨੂੰ ਐਦਾਂ ਦੀਆਂ ਛੋਟੀਆਂ-ਛੋਟੀਆਂ ਗੱਲਾਂ ਬਾਰੇ ਨਹੀਂ ਸੋਚਣਾ ਚਾਹੀਦਾ। ਉਨ੍ਹਾਂ ਕਿਹਾ ਸੀ, "ਇਹ ਕਿਹੜੀ ਛੋਟੀ ਗੱਲ ਆ। ਮੈਨੂੰ ਕਿਉਂ ਬਦਨਾਮ ਕਰ ਰਹੇ ਆ। ਮੈਂ ਸਾਰੀ ਉਮਰ ਕਿਸੇ ਲੁਚੀ-ਬੁਚੀ ਦੀ ਪ੍ਰਵਾਹ ਨਹੀਂ ਕੀਤੀ।" ਮੈਂ ਗੱਲ ਕਿਸੇ ਹੋਰ ਪਾਸੇ ਮੋੜਨੀ ਚਾਹੀ ਤਾਂ ਉਨ੍ਹਾਂ ਫੋਨ ਬੰਦ ਕਰ ਦਿੱਤਾ। ਕੁਝ ਹਫਤਿਆਂ ਬਾਅਦ ਮੈਂ ਦਫਤਰੀ ਕੰਮ ਲਈ ਬਟਾਲੇ ਜਾ ਰਿਹਾ ਸੀ। ਬਸ 'ਚ ਬੈਠਾ ਸੀ। ਉਨ੍ਹਾਂ ਦਾ ਫੋਨ ਆਇਆ। ਆਵਾਜ਼ ਸਾਫ ਨਹੀਂ ਆ ਰਹੀ ਸੀ। ਮੈਂ ਉਨ੍ਹਾਂ ਨੂੰ ਇਸ ਸੰਬੰਧੀ ਦੱਸਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਮੈਂ ਬਾਅਦ 'ਚ ਉਨ੍ਹਾਂ ਨੂੰ ਫੋਨ ਕਰਾਂ। ਮੈਂ ਬਟਾਲੇ ਜਾ ਕੇ ਫੋਨ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਤਾਂ ਮੈਨੂੰ ਫੋਨ ਕੀਤਾ ਹੀ ਨਹੀਂ। ਮੈਂ ਵਾਰ-ਵਾਰ ਦੱਸਿਆ ਤਾਂ ਬੋਲੇ, "ਅੱਛਾ-ਮੈਂ ਰਜਨੀਸ਼ ਬਹਾਦਰ ਨੂੰ ਫੋਨ ਕਰਨਾ ਸੀ। ਤੈਨੂੰ ਕਰ ਹੋ ਗਿਆ।" ਤੇ ਫੋਨ ਬੰਦ ਕਰ ਦਿੱਤਾ। ਮੈਨੂੰ ਪਤਾ ਸੀ ਕਿ ਬੁਢਾਪੇ 'ਚ ਆ ਕੇ ਭੁੱਲਣ ਦੀ ਬੀਮਾਰੀ ਲੱਗ ਜਾਂਦੀ ਹੈ। ਜਦੋਂ ਰਾਮ ਸਰੂਪ ਅਣਖੀ ਹੋਰੀਂ ਸੱਤਰ ਸਾਲ ਟਪੇ ਸਨ ਤਾਂ ਉਹ ਵੀ ਅਕਸਰ ਭੁੱਲ ਜਾਂਦੇ ਸਨ। ਉਹ ਇਕ ਗੱਲ ਲਈ ਤਿੰਨ-ਚਾਰ ਵਾਰ ਫੋਨ ਕਰਦੇ ਸਨ। ਫੇਰ ਭੁੱਲ ਜਾਂਦੇ ਸਨ। ਕੁਝ ਚਿਰ ਬਾਅਦ ਉਨ੍ਹਾਂ ਦੀ ਯਾਦ-ਸ਼ਕਤੀ ਪਹਿਲਾਂ ਜਿਹੀ ਹੋ ਗਈ ਸੀ ਤੇ ਉਨ੍ਹਾਂ ਤਿੰਨ ਨਾਵਲ ਲਿਖ ਦਿੱਤੇ ਸਨ।

ਜਦੋਂ ਉਨ੍ਹਾਂ ਦੀ ਪੁਸਤਕ 'ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤ੍ਰ' ਛਪੀ ਤਾਂ ਉਨ੍ਹਾਂ ਨੇ ਕਈਆਂ ਨੂੰ ਕਿਤਾਬਾਂ ਭੇਜੀਆਂ ਸਨ। ਮੈਨੂੰ ਵੀ ਇਕ ਕਾਪੀ ਭੇਜੀ ਸੀ। ਕੁਝ ਚਿਰ ਬਾਅਦ ਉਨ੍ਹਾਂ ਦਾ ਫੋਨ ਆਇਆ ਸੀ, "ਮੈਂ ਤੈਨੂੰ ਕਿਤਾਬ ਭੇਜੀ ਸੀ। ਤੂੰ ਮੈਨੂੰ ਫੋਨ ਹੀ ਨਹੀਂ ਕੀਤਾ?" ਮੈਂ ਉਨ੍ਹਾਂ ਨੂੰ ਦੱਸਿਆ ਸੀ ਕਿ ਮੈਂ ਇਸ ਪੁਸਤਕ 'ਚ ਸ਼ਾਮਿਲ ਕਹਾਣੀਆਂ ਦੀ ਟੈਕਸਟ ਲੱਭ ਰਿਹਾ ਹਾਂ। ਜਿਨ੍ਹਾਂ ਕਹਾਣੀਆਂ ਦੀ ਟੈਕਸਟ ਲੱਭੀ ਸੀ-ਉਹ ਮੈਂ ਪੜ੍ਹ ਲਈਆਂ ਹਨ। ਉਨ੍ਹਾਂ ਕਿਹਾ ਸੀ, "ਉੱਚੀ ਬੋਲ ਕੇ ਦੱਸ। ਤੈਂ ਕੀ ਪੜ੍ਹਿਆ?" ਮੈਂ ਅੰਡਰਲਾਈਨ ਕੀਤੀਆਂ ਸਤਰਾਂ ਬੋਲੀਆਂ ਸੀ : ਸਾਹਿਤ ਕੇਵਲ ਕਾਲ-ਖੰਡਾਂ ਤੇ ਵਿਚਾਰ-ਪੱਧਤੀਆਂ ਵਿਚ ਹੰਢ ਜਾਣ ਵਾਲਾ ਵਰਤਾਰਾ ਨਹੀਂ ਹੁੰਦਾ। ਸਾਹਿਤ ਜੀਵਨ ਦੇ ਜੀਣ-ਥੀਣ ਦੇ ਬੁਨਿਆਦੀ ਮਸਲਿਆਂ ਨਾਲ ਸੰਬੰਧਿਤ ਹੁੰਦਾ ਹੈ।......ਜਿਸ ਚੀਜ਼ ਨੂੰ ਬੰਦੇ ਦੇ ਜੀਵਨ ਦੀ ਆਸ ਜਾਂ ਰੌਸ਼ਨੀ ਸਮਝਦੇ ਹਨ, ਉਹ ਭਵਿੱਖ ਵਿੱਚ ਨਹੀਂ, ਬਲਕਿ ਅਤੀਤ ਵਿਚ ਪਿਛੇ ਰਹਿ ਗਈ ਹੈ। ਜ਼ਿੰਦਗੀ ਦੀਆਂ ਮੂਲ ਕਦਰਾਂ ਕੀਮਤਾਂ ਦਾ ਆਸਣ ਅਤੀਤ ਵਿੱਚ ਗੁਜ਼ਰ ਗਿਆ


ਹੈ।.....ਹਰ ਰਚਨਾ-ਸੰਰਚਨਾ ਇਤਿਹਾਸ-ਸਾਪੇਖ ਹੁੰਦੀ ਹੈ।....ਇੰਜ ਹੀ ਜ਼ਰੂਰੀ ਨਹੀਂ ਕਿ ਕੋਈ ਪੜ੍ਹਿਆ-ਲਿਖਿਆ ਵਿਅਕਤੀ ਸਿਆਣਾ ਵੀ ਹੋਵੇ। ਜੋ ਸਿਆਣਾ ਹੈ ਜ਼ਰੂਰੀ ਨਹੀਂ ਕਿ ਉਹ ਪੜ੍ਹਿਆ-ਲਿਖਿਆ ਵੀ ਹੋਵੇ।....ਇਤਿਹਾਸ ਵਿੱਚ ਇਹ ਵੇਖਣਾ ਹੁੰਦਾ ਹੈ ਕਿ ਕੋਈ ਵੀ ਰਚਨਾ ਜੋ ਰਚੀ ਗਈ, ਉਹ ਕੀ ਸੀ ? 'ਕੀ ਸੀ' ਤੋਂ ਭਾਵ ਉਸ ਦੇ ਨਾਂ ਤੋਂ ਵੀ ਹੈ, ਰੂਪ, ਵਿਧਾ ਤੇ ਵਿਚਾਰ ਵਸਤੂ ਤੋਂ ਵੀ। ਉਹ ਇਸ ਗੱਲੋਂ ਔਖੇ ਸਨ ਕਿ ਇਸ ਪੁਸਤਕ ਦੀ ਜਿੰਨੀ ਚਰਚਾ ਹੋਣੀ ਚਾਹੀਦੀ ਸੀ, ਉਨੀ ਹੋਈ ਨਹੀਂ। ਉਨ੍ਹਾਂ ਦੱਸਿਆ ਸੀ, "ਮੈਨੂੰ ਸਿਰਫ ਬਲਦੇਵ ਧਾਲੀਵਾਲ ਤੇ ਰਜਨੀਸ਼ ਬਹਾਦਰ ਦਾ ਫੋਨ ਆਇਆ। ਬਾਕੀਆਂ ਨੇ ਚੁੱਪ ਧਾਰ ਰੱਖੀ ਆ।" ਮੈਨੂੰ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹੋਣਾ ਪਿਆ। ਉਨ੍ਹਾਂ ਕਿਹਾ ਸੀ, "ਬੱਸ ਕਰ। ਬਾਕੀ ਕਿਤਾਬ ਵੀ ਪੜ੍ਹ। ਸਮਝਿਆ....।" ਉਨ੍ਹਾਂ ਕਹਾਣੀ ਦੀ ਟੈਕਸਟ ਨੂੰ ਲੈ ਕੇ ਇਕੱਲੀ-ਇਕੱਲੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਇਹ ਬਹੁਤ ਵੱਡਾ ਕੰਮ ਸੀ। ਫੇਰ ਐਸ ਉਮਰ 'ਚ ਜਦੋਂ ਕਈ ਆਲੋਚਕ/ਲੇਖਕ ਪੜ੍ਹਨਾ-ਲਿਖਣਾ ਛੱਡ ਜਾਂਦੇ। ਮੈਨੂੰ ਲੱਗਾ ਸੀ ਕਿ ਉਹ ਡਿਪਰੈਸ਼ਨ 'ਚ ਆ ਗਏ ਸਨ। ਮੇਰੀ ਅਕਸਰ ਫੋਨ 'ਤੇ ਗੱਲਬਾਤ ਹੁੰਦੀ ਰਹਿੰਦੀ ਸੀ। ਇਕ ਦਿਨ ਉਨ੍ਹਾਂ ਦਾ ਫੋਨ ਆਇਆ ਸੀ, "ਹੁਣ ਮੈਂ ਨਵਿਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਤੂੰ ਮੈਨੂੰ ਚੋਣਵੀਆਂ ਕਹਾਣੀਆਂ ਦੀ ਲਿਸਟ ਭੇਜ। ਇਕ ਗੱਲ ਸੁਣ ਲੈ। ਮੈਂ ਉਹੀ ਕਹਾਣੀ ਲੈਣੀ ਆ-ਜਿਹੜੀ ਮੈਨੂੰ ਚੰਗੀ ਲੱਗੀ। ਮੈਂ ਤੇਰੀ ਸਿਫਾਰਸ਼ ਨਹੀਂ ਮੰਨਣੀ। ਸਮਝਿਆਂ।" ਮੈਂ ਉਨ੍ਹਾਂ ਨੂੰ ਲਿਸਟ ਬਣਾ ਕੇ ਡਾ. ਰਮਿੰਦਰ ਕੌਰ ਦੇ ਅਡਰੈਸ 'ਤੇ ਕੋਰੀਅਰ ਕਰ ਦਿੱਤੀ ਕਿਉਂਕਿ ਉਨ੍ਹਾਂ ਦੇ ਅਡਰੈਸ 'ਤੇ ਕੋਰੀਅਰ ਅਸਾਨੀ ਨਾਲ ਨਹੀਂ ਪੁੱਜਦਾ ਸੀ। ਉਨ੍ਹਾਂ ਦਾ ਫੋਨ ਆਇਆ ਸੀ, "ਮੈਂ ਦੋ ਕਹਾਣੀਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੈਥੋਂ ਸਾਰਾ ਕੁਝ ਤਾਂ ਪੜ੍ਹ ਨਹੀਂ ਹੁੰਦਾ। ਮੈਂ ਚਾਰ ਹੋਰ ਦੋਸਤਾਂ ਦੀ ਸਲਾਹ ਵੀ ਲੈ ਰਿਹਾਂ।"

ਰਾਹੀ ਹੋਰੀਂ ਕੋਈ ਗੱਲ ਕਰਨ ਲੱਗੇ ਝਿਝਕਦੇ ਨਹੀਂ ਸਨ। ਸਿੱਧੀ ਗੱਲ ਕਰਦੇ ਸਨ। ਕੋਈ ਗੁੱਸਾ ਕਰੇ ਤਾਂ ਕਰੀ ਜਾਵੇ। ਮੇਰੇ ਨਾਲ ਵੀ ਮੋਹ ਲਿਹਾਜ ਨਹੀਂ ਕਰਦੇ ਸਨ। ਮੈਨੂੰ ਅਜਿਹੇ ਬੰਦੇ ਚੰਗੇ ਲੱਗਦੇ ਹਨ। ਰਮਿੰਦਰ ਕੌਰ ਨੇ ਉਨ੍ਹਾਂ ਦੀ ਲੰਬੀ ਇੰਟਰਵਿਊ ਕੀਤੀ ਸੀ। ਇਹ 'ਸ਼ਬਦ' ਦੇ ਅੰਕ ਜੁਲਾਈ-ਸਤੰਬਰ, 2008 'ਚ ਛਪੀ ਸੀ। ਰਮਿੰਦਰ ਨੇ ਪੁੱਛਿਆ ਸੀ, "ਡਾ. ਸਾਹਿਬ, ਕੀ ਪੰਜਾਬੀ ਵਿਚ ਕੋਈ ਕਹਾਣੀ ਕਲਾਸਿਕ ਪੱਧਰ ਦੀ ਹੈ ?" ਰਾਹੀ ਹੋਰਾਂ ਦਾ ਜੁਆਬ ਸੀ, " ਹਾਂ, ਬਹੁਤ ਸਾਰੀਆਂ ਕਹਾਣੀਆਂ ਵਿਚ ਦਾਰਸ਼ਨਿਕਤਾ ਹੈ। ਸਾਡੀਆਂ ਕੁਝ ਕਹਾਣੀਆਂ ਕਲਾਸਿਕ ਦਾ ਦਰਜਾ ਰੱਖਦੀਆਂ ਹਨ। ਜਿਵੇਂ ਗੁਰਬਖ਼ਸ਼ ਸਿੰਘ ਦੀ 'ਭਾਬੀ ਮੈਨਾ', ਸੁਜਾਨ ਸਿੰਘ ਦੀ 'ਰਾਸ ਲੀਲਾ', ਸੇਖੋਂ ਦੀ 'ਪੇਮੀ ਦੇ ਨਿਆਣੇ', ਵਿਰਕ ਦੀ 'ਖੱਬਲ', 'ਧਰਤੀ ਹੇਠਲਾ ਬਲਦ'-ਵਰਿਆਮ ਸੰਧੂ ਦੀ 'ਕੁਰਾਹੀਆ' ਅਤੇ ਤੀਜੀ ਜਾਂ ਚੌਥੀ ਕੂਟ ਦੇ ਤੇ ਹੋਰ ਨਵੇਂ ਕਹਾਣੀਕਾਰਾਂ ਦੀਆਂ ਵਗੈਰਾ। ਇਹ ਕਹਾਣੀਆਂ ਆਪਣੇ ਸਮੇਂ ਨਾਲ ਜੁੜੀਆਂ ਹੋਈਆਂ ਵੀ ਸਮੇਂ ਤੋਂ ਉਪਰ ਹਨ। ਇਨ੍ਹਾਂ ਕਹਾਣੀਆਂ ਦਾ ਸੰਬੰਧ ਸਦੀਵੀਂ ਸਰੋਕਾਰਾਂ ਨਾਲ ਹੈ। ਸਾਡੀ ਕਹਾਣੀ ਦੁਨੀਆਂ ਦੀਆਂ ਸਰਵੋਤਮ ਕਹਾਣੀਆਂ ਦੇ ਹਾਣ ਦੀ ਹੈ। ਕਹਾਣੀ ਸੰਬੰਧੀ ਸਾਡੀ ਪ੍ਰਾਪਤੀ ਮਾਣ ਕਰਨ ਵਾਲੀ ਹੈ। ਮਨੁੱਖੀ ਸੁਭਾਅ ਦੀਆਂ ਕੁਝ ਖਾਸ ਖਸਲਤਾਂ ਹਨ, ਜੋ ਕਾਲ ਮੁਕਤ ਹਨ। ਅਜੇਹੀਆਂ ਖਸਲਤਾਂ ਨੂੰ ਪਕੜ੍ਹਨ ਵਾਲੀ ਸਾਡੀ ਕਾਫੀ ਕਹਾਣੀ ਕਲਾਸਿਕ ਦਾ ਦਰਜਾ ਰੱਖਦੀ ਹੈ। ਸਾਡੀ ਇਕ ਗੁਲਾਮ ਮਾਨਸਿਕਤਾ ਵੀ ਹੈ। ਅਸੀਂ ਬਾਹਰਲੇ ਜਾਂ ਬਾਹਰੋਂ ਆਏ ਨੂੰ ਹੀ ਬਹੁਤਾ ਸੁੰਡ ਦੀ ਗੰਢੀ ਸਮਝਦੇ ਹਾਂ। ਸਾਨੂੰ ਪੰਜਾਬੀ ਕਹਾਣੀਕਾਰ 'ਘਰ ਦੇ ਜੋਗੀ ਜੋਗੜੇ' ਲੱਗਦੇ ਹਨ। ਇਸ ਮਨੋਸਥਿਤੀ ਨੂੰ ਤਿਆਗਣ ਦੀ ਲੋੜ ਹੈ।"

ਆਖਿਰੀ ਵਾਰ ਮੈਂ ਉਨ੍ਹਾਂ ਨੂੰ ਨਵੰਬਰ, 2009 'ਚ ਮਿਲਿਆ ਸੀ। ਅਮਰੀਕਾ ਤੋਂ ਹਰਮਹਿੰਦਰ ਚਾਹਲ ਤੇ ਕਨੇਡਾ ਤੋਂ ਜਰਨੈਲ ਸਿੰਘ ਆਇਆ ਸੀ। ਮੈਂ ਅੰਮ੍ਰਿਤਸਰ ਪਹੁੰਚ ਕੇ ਉਨ੍ਹਾਂ ਨੂੰ ਫੋਨ ਕੀਤਾ ਸੀ। ਉਨ੍ਹਾਂ ਮਿਲਣ ਲਈ ਹਾਂ ਕਰ ਦਿੱਤੀ ਸੀ। ਅਸੀਂ ਕੁਝ ਚਿਰ ਲਈ ਯੂਨੀਵਰਸਿਟੀ ਚਲੇ ਗਏ ਸੀ।



ਉਥੇ ਮਿਲਦਿਆਂ ਗਿਲਦਿਆਂ ਸਮਾਂ ਲੱਗ ਗਿਆ ਸੀ। ਜਦੋਂ ਅਸੀਂ ਰਵੀ ਸਾਹਿਤ ਪ੍ਰਕਾਸ਼ਨ ਵੱਲ ਜਾ ਰਹੇ ਸੀ ਜਿਥੋਂ ਜਗਦੀਪ ਨੂੰ ਨਾਲ ਲੈਣਾ ਸੀ। ਮੈਂ ਇਸ ਨਵੇਂ ਘਰ 'ਚ ਕਈ ਵਾਰ ਗਿਆ ਸੀ। ਪਰ ਇਕੱਲਾ ਨਹੀਂ। ਕਦੇ ਮੇਰੇ ਨਾਲ ਤਲਵਿੰਦਰ ਹੁੰਦਾ। ਕਦੇ ਜਗਦੀਪ। ਮੈਂ ਇਕ ਵਾਰ ਜਗਦੀਪ ਨੂੰ ਕਿਹਾ ਸੀ ਕਿ ਉਹ ਰਾਹੀ ਸਾਹਿਬ ਦੀ ਸੰਗਤ ਮਾਣਿਆ ਕਰੇ। ਉਨ੍ਹਾਂ ਕੋਲੋਂ ਉਹ ਬਹੁਤ ਕੁਝ ਸਿੱਖ ਸਕਦਾ ਸੀ। ਮੈਂ ਆਪ ਰਾਹੀ ਕੋਲ ਜਗਦੀਪ ਦੀ ਸਿਫਾਰਸ਼ ਕੀਤੀ ਸੀ। ਰਾਹੀ ਹੋਰਾਂ ਨੇ ਕਿਹਾ ਸੀ ਕਿ ਉਹ ਪੰਦਰਾਂ ਕੁ ਦਿਨਾਂ ਬਾਅਦ ਉਨ੍ਹਾਂ ਨੂੰ ਫੋਨ ਕਰ ਕੇ ਆ ਜਾਏ। ਜਗਦੀਪ ਨੇ ਪੰਦਰਾਂ ਦਿਨਾਂ ਬਾਅਦ ਫੋਨ ਕੀਤਾ ਸੀ ਤਾਂ ਉਨ੍ਹਾਂ ਕਿਹਾ ਸੀ ਕਿ ਅਗਲੇ ਮਹੀਨੇ ਆਏ। ਐਦਾਂ ਹੀ ਕਰਦਿਆਂ ਚਾਰ ਪੰਜ ਮਹੀਨੇ ਬੀਤ ਗਏ ਸਨ। ਜਗਦੀਪ ਦਾ ਉਤਸ਼ਾਹ ਵੀ ਮੱਠਾ ਪੈ ਗਿਆ ਸੀ ਤੇ ਮੈਂ ਵੀ ਰਾਹੀ ਸਾਹਿਬ ਨੂੰ ਮੁੜ ਯਾਦ ਨਹੀਂ ਕਰਵਾਇਆ ਸੀ। ਪਰ ਮੈਂ ਅਕਸਰ ਜਗਦੀਪ ਨੂੰ ਨਾਲ ਲੈ ਜਾਂਦਾ ਸੀ। ਇਸ ਵਾਰ ਵੀ ਜਗਦੀਪ ਨੂੰ ਨਾਲ ਲੈ ਜਾਣ ਲਈ ਰਵੀ ਸਾਹਿਤ ਪ੍ਰਕਾਸ਼ਨ ਵੱਲ ਜਾ ਰਿਹਾ ਸੀ ਤਾਂ ਰਾਹੀ ਸਾਹਿਬ ਦਾ ਗੁੱਸੇ ਭਰਿਆ ਫੋਨ ਆਇਆ ਸੀ, "ਮੈਨੂੰ ਪਤਾ ਲੱਗ ਗਿਆ ਤੂੰ ਕਿਥੇ ਫਿਰਦਾਂ। ਹੁਣ ਮੈਂ ਤੈਨੂੰ ਨਹੀਂ ਮਿਲਣਾ। ਗੁੱਡ ਬਾਈ।" ਮੈਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਬਜ਼ੁਰਗ ਐਦਾਂ ਹੀ ਕਰਦੇ ਹੁੰਦੇ ਹਨ। ਮੇਰੀ ਆਪਣੀ ਬੀਬੀ ਵੀ ਗੁੱਸੇ 'ਚ ਕਹਿੰਦੀ ਹੁੰਦੀ ਸੀ, "ਮੈਨੂੰ ਨਾ ਮਿਲਣ ਆਈਂ। ਆਪਣੀ ਰੰਨ ਕੋਲ ਬੈਠਾ ਰਹਿ।" ਮੈਂ ਪਿੰਡ ਜਾਂਦਾ ਤਾਂ ਉਹ ਖਿੜੇ ਮੱਥੇ ਮਿਲਦੀ ਸੀ। ਰਾਹੀ ਸਾਹਿਬ ਦਾ ਗੁੱਸਾ ਜਾਇਜ ਸੀ। ਮੈਂ ਤਿੰਨ ਘੰਟੇ ਲੇਟ ਸੀ। ਜਦੋਂ ਉਨ੍ਹਾਂ ਦੀ ਕੋਠੀ 'ਚ ਉਨ੍ਹਾਂ ਦੇ ਕਮਰੇ 'ਚ ਗਿਆ ਤਾਂ ਉਹ ਸਿਰ 'ਤੇ ਪਟਕਾ ਜਿਹਾ ਲਪੇਟੀ ਲੱਤ ਤੇ ਲੱਤ ਰੱਖ ਕੇ ਲੇਟੇ ਹੋਏ ਸਨ। ਉਨ੍ਹਾਂ ਦੇ ਕਰੀਮ ਰੰਗ ਦਾ ਕੁੜਤਾ ਪਜਾਮਾ ਪਾਇਆ ਸੀ। ਉਨ੍ਹਾਂ ਹੱਥ ਮਿਲਾਉਣ ਲਈ ਹੱਥ ਅਗਾਂਹ ਕੀਤਾ ਸੀ। ਮੈਂ ਉਨ੍ਹਾਂ ਦੇ ਗੋਢੇ ਹੱਥ ਲਾਇਆ ਸੀ। ਉਹ ਗੁੱਸੇ 'ਚ ਸਨ ਪਰ ਜਦੋਂ ਗੱਲਾਂ ਦੀ ਲੜੀ ਚਲੀ ਤਾਂ ਉਹ ਸਾਰੇ ਗੁੱਸੇ ਗਿਲੇ ਭੁੱਲ ਗਏ ਸਨ। ਉਨ੍ਹਾਂ ਕਿਹਾ ਸੀ, "ਮੈਂ ਪੰਦਰਾਂ ਕੁ ਦਿਨਾਂ ਤੱਕ ਜਲੰਧਰ ਆਉਣਾ। ਤੇਰੀ ਕਹਾਣੀ 'ਸੌਰੀ' ਤਿੰਨ ਵਾਰ ਪੜ੍ਹੀ ਆ। ਮੈਥੋਂ ਲਿਖਿਆ ਨਹੀਂ ਜਾਂਦਾ। ਤੂੰ ਮੈਨੂੰ ਮਿਲੀਂ। ਮੈਂ ਬੋਲਾਂਗਾ-ਤੂੰ ਲਿਖੀ ਚਲੀਂ।" ਉਸ ਦਿਨ ਉਨ੍ਹਾਂ ਇਸਲਾਮ ਧਰਮ ਦੇ ਵਿਰੋਧਾਵਾਸਾਂ ਬਾਰੇ ਗੱਲਾਂ ਕੀਤੀਆਂ ਸਨ। ਮੈਂ ਘੜੀ ਵੱਲ ਦੇਖਦਿਆਂ ਜਾਣ ਲਈ ਆਗਿਆ ਮੰਗੀ ਸੀ। ਉਨ੍ਹਾਂ ਕਿਹਾ ਸੀ, "ਤੂੰ ਜਦੋਂ ਵੀ ਆਵੇਂ-ਜਾਣ ਨੂੰ ਕਾਹਲਾ ਰਹਿਣਾ। ਹੁਣ ਪਹਿਲਾਂ ਚਾਹ ਪੀਉ...ਰਾਣੀ-ਓ-ਰਾਣੀ ਚਾਹ ਬਣਾ ਕੇ ਲਿਆ। ਨਾਲ ਖਾਣ ਨੂੰ ਲਿਆ।"




ਜਦੋਂ ਮੈਨੂੰ ਉਨ੍ਹਾਂ ਦੀ ਮੌਤ ਦੀ ਖਬਰ ਦਾ ਪਤਾ ਲੱਗਾ ਸੀ ਤਾਂ ਮੈਂ ਕੁਝ ਦੋਸਤਾਂ ਨੂੰ ਐਸ. ਐਮ. ਐਸ. ਕੀਤੇ ਸੀ। ਗੁਰਪਾਲ ਸੰਧੂ ਦੇ ਵਿਚਾਰ ਸੀ, "ਪੰਜਾਬੀ ਗਲਪ ਆਲੋਚਨਾ ਦੇ ਇਕ ਯੁੱਗ ਦਾ ਅੰਤ ਹੋ ਗਿਆ।" ਇਹ ਕਿੱਡੀ ਵੱਡੀ ਗੱਲ ਹੈ ਕਿ ਡਾ. ਜੋਗਿੰਦਰ ਸਿੰਘ ਰਾਹੀ ਹੋਰੀਂ ਪੰਜਾਬੀ ਗਲਪ ਆਲੋਚਨਾ ਦੇ ਇਕ ਯੁੱਗ ਬਣ ਗਏ ਹਨ। 'ਯੁਗ' ਦੀ ਕਦੇ ਮੌਤ ਨਹੀਂ ਹੁੰਦੀ। ਜਦੋਂ ਮੌਤ ਨਹੀਂ ਹੁੰਦੀ ਤਾਂ ਇਹ ਬਹੁਤ ਵੱਡੀ ਪ੍ਰਾਪਤੀ ਹੋ ਜਾਂਦੀ ਹੈ। ਠੀਕ ਹੈ ਨਾ।

## ਨਵਾਂ ਜੀਵਨ ਯਥਾਰਥ ਅਤੇ ਆਪਣੇ ਆਪਣੇ ਕਾਰਗਿਲ

**-ਡਾ. ਸੁਖਪਾਲ ਸਿੰਘ ਥਿੰਦ**

ਬਲਦੇਵ ਸਿੰਘ ਧਾਲੀਵਾਲ ਸਾਡੇ ਸਮਿਆਂ ਦਾ ਸਮਰੱਥ ਬਹੁਵਿਧਾਈ ਸਾਹਿਤਕਾਰ ਹੈ। ਉਸ ਨੇ ਇਕੋ ਵੇਲੇ ਸਾਹਿਤ ਸਿਰਜਣ ਅਤੇ ਸਮੀਖਿਆ ਵਿਚ ਬਰਾਬਰ ਦੀ ਪੈਂਠ ਬਣਾਈ ਹੈ। ਵੈਸੇ ਤੇ ਕਿਹਾ ਜਾਂਦਾ ਕਿ ਦੋ ਬੇੜੀਆਂ ਵਿਚ ਪੈਰ ਰੱਖਣ ਵਾਲਾ ਕਦੇ ਕਿਨਾਰੇ ਨਹੀਂ ਲੱਗਦਾ ਪਰ ਬਲਦੇਵ ਮੈਨੂੰ ਉਸ ਨਿਹੰਗ ਸਿੰਘ ਵਰਗਾ ਲੱਗਦਾ ਹੈ ਜੋ ਖੇਡ ਮੇਲਿਆਂ ਵਿਚ ਦੋ ਘੋੜਿਆਂ ਤੇ ਇਕ-ਇਕ ਲੱਤ ਟਿਕਾਈ, ਬਰਾਬਰ ਦੜਾਉਂਦਿਆਂ ਸ਼ਾਨ ਨਾਲ ਉੱਚੀ ਬਾਂਹ ਕਰਕੇ ਆਪਣੀ ਮੰਜ਼ਿਲ ਵੱਲ ਵੱਧਦਾ ਹੈ। ਉਸਦੀ ਸਾਹਿਤ ਸਰਗਰਮੀ ਦਾ ਮੁੱਖ ਕਾਰਜ ਕਹਾਣੀ ਸਿਰਜਣ ਅਤੇ ਇਸਦੀ ਸਮੀਖਿਆ ਨੂੰ ਸਮਰਪਤ ਹੈ। ਇਸਦੇ ਨਾਲ-ਨਾਲ ਸਫਰਨਾਮਾ ਸਾਹਿਤ ਵਿਚ ਵੀ ਉਸ ਨੇ ਆਪਣੀ ਵਿਲੱਖਣ ਸ਼ੈਲੀ ਨੂੰ ਬਰਕਰਾਰ ਰੱਖਿਆ ਹੈ। ਇਸ ਤੋਂ ਇਲਾਵਾ ਗਲਪ ਨਾਲ ਸੰਬੰਧਤ ਕੁਝ ਮਹੱਤਵਪੂਰਨ ਪੁਸਤਕਾਂ ਦੇ ਸੰਪਾਦਕ ਹੋਣ ਦਾ ਫ਼ਖਰ ਵੀ ਉਸ ਪ੍ਰਾਪਤ ਕੀਤਾ ਹੈ। ਦੋ ਦਹਾਕਿਆਂ ਦੇ ਆਰ-ਪਾਰ ਫੈਲੀ ਹੋਈ ਉਸਦੀ ਸਮੁੱਚੀ ਸਾਹਿਤ ਸਿਰਜਣਕਾਰੀ ਵਿਚ ਇਕ ਗੱਲ ਮਹੱਤਵਪੂਰਨ ਹੈ ਕਿ ਉਸ ਨੇ ਆਪਣੀ ਅੰਦਰਲੀ ਰਚਨਾਤਮਿਕ ਊਰਜਾ ਨੂੰ ਨਿਰੰਤਰ ਮਘਾਈ ਰੱਖਿਆ ਹੈ। ਇਸ ਤੋਂ ਵੀ ਵੱਡੀ ਗੱਲ ਹੈ ਇਹ ਹੈ ਕਿ ਬੌਧਿਕ ਕਾਰਜ ਕਰਦਿਆਂ ਆਪਣੀ ਸਿਰਜਣਾਤਮਕ ਭਾਸ਼ਾ ਨੂੰ ਬੌਧਿਕਤਾ ਦੀ ਕਾਂਗਿਆਰੀ ਦੇ ਕੈਂਸਰ ਤੋਂ ਮੁਕਤ ਰੱਖਣ ਵਿਚ ਉਹ ਸਫਲ ਰਿਹਾ ਹੈ। ਉਸ ਦੇ ਪੇਸ਼ੇ ਦੀਆਂ ਜ਼ਰੂਰਤਾਂ ਕਾਰਣ ਪਿਛਲੇ ਸਮੇਂ ਵਿਚ ਉਸਦਾ ਸਮੀਖਿਆ ਕਾਰਜ ਉਸਦੇ ਸਿਰਜਣਾਤਮਕ ਕਾਰਜ 'ਤੇ ਭਾਰੂ ਰਿਹਾ ਹੈ ਪਰ ਵਿਚ ਵਿਚ ਉਹ ਆਪਣੀਆਂ ਕਹਾਣੀਆਂ ਦੇ ਅਨਾਰ ਵੀ ਚਲਾਉਂਦਾ ਰਿਹਾ ਹੈ। ਇਹ ਉਸਦੀ ਖੁਸ਼ਕਿਸਮਤੀ ਕਹਿ ਲਵੋ ਜਾਂ ਸਿਰਜਣਕਾਰੀ ਦਾ ਕਮਾਲ ਕਿ ਇਹ ਕਹਾਣੀਆਂ ਪਾਠਕਾਂ ਵਿਚ ਲੋੜੀਂਦੀ ਹਲਚਲ ਪੈਦਾ ਕਰਨ ਦੇ ਸਮਰੱਥ ਵੀ ਬਣੀਆਂ ਰਹੀਆਂ ਹਨ। ਇਹ ਸਭ ਕਹਾਣੀਆਂ ਜਦ ਹੁਣ 'ਆਪਣੇ ਆਪਣੇ ਕਾਰਗਿਲ' ਪੁਸਤਕ ਵਿਚ ਇਕੱਠੇ ਰੂਪ ਵਿਚ ਛਪ ਕੇ ਸਾਹਮਣੇ ਆਈਆਂ ਹਨ ਤਾਂ ਇਕ ਭਰਪੂਰ ਉਤੇਜਨਾ ਅਤੇ ਪਾਠਕੀ ਉਤਸੁਕਤਾ ਦੇ ਨਾਲ-ਨਾਲ ਇਕ ਸੰਵਾਦ ਪੈਦਾ ਕਰਨ ਦੇ ਸਮਰੱਥ ਬਣੀਆਂ ਨਜ਼ਰ ਪੈਂਦੀਆਂ ਹਨ।

'ਆਪਣੇ ਆਪਣੇ ਕਾਰਗਿਲ' ਪੁਸਤਕ ਦੇ ਰਚਨਾਵੀਂ ਸੰਸਾਰ ਤੋਂ ਲੰਘ ਕੇ ਇਕ ਗੱਲ ਪਾਠਕ ਦੇ ਕੰਨਾਂ ਵਿਚ ਜ਼ੋਰ-ਸ਼ੋਰ ਨਾਲ ਸ਼ੂਕਣ ਲੱਗ ਪੈਂਦੀ ਹੈ ਕਿ ਇਹ ਕੋਈ ਪਰੰਪਰਿਕ ਕਿਸਮ ਦੀਆਂ ਕਹਾਣੀਆਂ ਨਹੀਂ ਹਨ। ਇਨ੍ਹਾਂ ਕਹਾਣੀਆਂ ਵਿਚਲਾ ਵਸਤੂ ਯਥਾਰਥ ਬਾਰਾਂ ਸਾਲ ਪਹਿਲਾਂ ਛਪੀ ਲੇਖਕ ਦੀ ਪੁਸਤਕ 'ਓਪਰੀ ਹਵਾ' ਤੋਂ ਬਹੁਤ ਜ਼ਿਆਦਾ ਬਦਲ ਗਿਆ ਹੈ। 'ਓਪਰੀ ਹਵਾ' ਪੁਸਤਕ ਵਿਚ ਪੇਂਡੂ ਜੀਵਨ ਜਾਚ ਨਾਲ ਸੰਬੰਧਤ ਮਾਅਨੇਖੇਜ਼ ਸ਼ਬਦ ਚਿੱਤਰ ਉੱਸਰੇ ਸਨ। ਇਸ ਤੋਂ ਵੀ ਵਧੇਰੇ ਮਾਅਨੇਖੇਜ਼ ਉਹ ਚਿੱਤਰ ਸਨ ਜਿਥੇ ਪਿੰਡ ਅਤੇ ਸ਼ਹਿਰ ਦੀ ਜ਼ਿੰਦਗੀ ਦੀ ਟਾਕਰਵੀਂ ਸ਼ੈਲੀ ਦੇ ਦੁਵੰਦ ਵਿਚ ਫਸੇ ਹੋਏ ਪਾਤਰਾਂ ਦੀ ਮਾਨਸਿਕਤਾ ਦੀਆਂ ਪਰਤਾਂ ਫਰੋਲੀਆਂ ਗਈਆਂ ਸਨ। ਇਹ ਦੁਵੰਦ ਚਿੱਤਰ 'ਓਪਰੀ ਹਵਾ' ਦਾ ਹਾਸਲ ਸਨ। ਪਰ ਇਕ ਸੂਤਰ 'ਓਪਰੀ ਹਵਾ ਤੋਂ ਫੈਲ ਕੇ 'ਆਪਣੇ ਆਪਣੇ ਕਾਰਗਿਲ' ਵਿਚ ਪਹੁੰਚ ਗਿਆ ਹੈ। ਇਹ ਸੂਤਰ ਇਹ ਹੈ ਕਿ 'ਓਪਰੀ ਹਵਾ' ਦੇ ਪਾਤਰ ਕਿਸੇ 'ਕਲਪਿਤ ਸਵਰਗ' ਦੀ ਨਿਰੰਤਰ ਭਾਲ ਵਿਚ ਸਨ। ਇਹ ਉਨ੍ਹਾਂ ਦਾ ਆਪਣਾ ਉਸਾਰਿਆ ਸਵਰਗ ਸੀ। ਉਕਤਾਊ ਪੇਂਡੂ ਜੀਵਨ ਸ਼ੈਲੀ ਦੇ ਥਪੇੜੇ ਸਹਿੰਦੇ ਪਾਤਰਾਂ ਨੂੰ ਇਹ 'ਸਵਰਗ' ਸ਼ਹਿਰੀ ਜੀਵਨ ਸ਼ੈਲੀ ਵਿਚ ਜਾਪਦਾ ਸੀ। ਪਰ ਕਹਾਣੀਆਂ ਦਾ ਰਚਨਾਤਮਕ ਤਰਕ ਸੀ ਕਿ ਇਹ 'ਸਵਰਗ' ਤਾਂ ਪੂੰਜੀਵਾਦ ਦਾ ਭ੍ਰਮਜਾਲ ਹੈ। 'ਆਪਣੇ ਆਪਣੇ ਕਾਰਗਿਲ' ਦੇ ਵਧੇਰੇ ਪਾਤਰ ਵੀ ਇਸੇ ਸਵਰਗ ਦੇ



ਅਭਿਲਾਸ਼ੀ ਸੱਜਣ ਹਨ। ਸਗੋਂ ਇਹ ਕਹਿਣਾ ਵਧੇਰੇ ਉਚਿਤ ਹੈ ਕਿ ਉਹ ਸੁੱਖ ਸਹੂਲਤਾਂ ਵਾਲੇ ਸਵਰਗਮਈ ਸੰਸਾਰ ਦੀ ਪ੍ਰਾਪਤੀ ਲਈ ਹਾਬੜੇ ਪਏ ਹਨ। ਦੂਜਾ ਵੱਡਾ ਵਖਰੇਵਾਂ ਇਹ ਪਿਆ ਹੈ ਕਿ ਇਥੇ ਪਾਤਰਾਂ ਵਿਚ ਸ਼ਹਿਰ ਅਤੇ ਪਿੰਡ ਦੀ ਦੁਫੇੜ ਵਾਲਾ ਮਸਲਾ ਹੀ ਖਤਮ ਹੋ ਗਿਆ ਹੈ। ਕਹਾਣੀਕਾਰ ਨੇ ਇਥੇ ਇਸ ਵਿੱਥ ਨੂੰ ਕਿਤੇ ਅਚੇਤੇ ਹੀ ਘੁਲ ਗਈ ਸਵੀਕਾਰ ਕਰ ਲਿਆ ਜਾਪਦਾ ਹੈ। ਇਸੇ ਲਈ 'ਕਾਰਗਿਲ' ਦਾ ਰਣਬੀਰ ਅਤੇ 'ਮਸਾਜ਼' ਦਾ ਓਮ ਪ੍ਰਕਾਸ਼ ਸ਼ਾਹੀ ਇਕੋ ਪਾਤਰ ਦਾ ਪੇਂਡੂ ਅਤੇ ਸ਼ਹਿਰੀ ਵਿਸਥਾਰ ਜਾਪਦੇ ਹਨ। ਸਪੱਸ਼ਟ ਹੈ ਕਿ 'ਆਪਣੇ ਆਪਣੇ ਕਾਰਗਿਲ' ਵਿਚਲੀਆਂ ਕਹਾਣੀਆਂ ਦਾ ਰਚਨਾਤਮਕ ਪੈਂਡੂਲਮ ਪੇਂਡੂ ਅਤੇ ਸ਼ਹਿਰੀ ਦੁਫੇੜ ਵਿਚ ਘੁੰਮਣ ਦੀ ਬਜਾਇ ਉਸ ਸਥਿਤੀ ਨੂੰ ਸਮਝਣ ਵੱਲ ਵਧੇਰੇ ਰੁਚਿਤ ਹੈ ਜਿਸ ਵਿਚ ਸਭ ਮਨੁੱਖ ਇਕੋ ਜਿਹੇ ਬਣਦੇ ਜਾ ਰਹੇ ਹਨ। ਜਿਹੜਾ ਸੁਹਾਗਾ ਬੁਰੀ ਤਰ੍ਹਾਂ ਫਿਰ ਕੇ 'ਲੋਕੇਲ' ਦੇ ਉਚਾਣਾ ਨਿਵਾਣਾ ਨੂੰ ਪੂਰੀ ਤਰ੍ਹਾਂ ਪੱਧਰਾ ਕਰਨ ਵੱਲ ਰੁਚਿਤ ਹੈ ਇਹ ਕਹਾਣੀਆਂ ਉਸ ਸਭ ਦਾ ਰਚਨਾਤਮਕ ਹੁੰਗਾਰਾ ਜਾਪਦੀਆਂ ਹਨ।

ਕਹਾਣੀਆਂ ਦਾ ਵਸਤੂ ਯਥਾਰਥ ਉਨ੍ਹਾਂ ਸਥਿਤੀਆਂ ਨਾਲ ਸੰਬੰਧਤ ਹੈ ਜਿਹੜੀਆਂ 1990 ਉਪਰੰਤ ਨਿੱਜੀਕਰਣ ਅਤੇ ਉਦਾਰੀਕਰਣ ਦੇ ਫਲਸਰੂਪ ਪੈਦਾ ਹੋਏ 'ਖੁੱਲ੍ਹੀ ਮੰਡੀ' ਦੇ ਸੰਕਲਪ ਨਾਲ ਹੋਂਦ ਧਾਰਨ ਕਰਦਾ ਹੈ। ਵੈਸੇ ਇਹ ਸਥਿਤੀਆਂ ਕੋਈ ਰਾਤੋ-ਰਾਤ ਪੈਦਾ ਨਹੀਂ ਹੋ ਗਈਆਂ ਸਗੋਂ ਇਸ ਸਭ ਦਾ ਦੀਵਾ ਪਬਲਿਕ ਸੈਕਟਰ ਨੂੰ ਨਿਰੰਤਰ ਮੌਤ ਵੱਲ ਧਕੇਲ ਕੇ ਇਸ ਦੀ ਕਬਰ ਤੇ ਜਗਾਇਆ ਗਿਆ ਹੈ। ਇਹ ਸਭ ਕਿਵੇਂ ਵਾਪਰ ਗਿਆ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ ਪਰੰਤੂ ਕਹਾਣੀਕਾਰ ਦਾ ਫੋਕਸ ਪੈਦਾ ਹੋ ਗਈਆਂ ਇਨ੍ਹਾਂ ਸਥਿਤੀਆਂ ਵਿਚ ਘੜੇ ਗਏ ਜਾਂ ਘੜੇ ਜਾ ਰਹੇ ਨਵੇਂ ਮਨੁੱਖ ਦੀਆਂ ਮਾਨਸਿਕ ਪਰਤਾਂ ਦੀ ਫਰੋਲਾ ਫਰੋਲੀ ਹੈ। ਇਨ੍ਹਾਂ ਪਰਤਾਂ ਦੀ ਫਰੋਲਾ-ਫਰੋਲੀ ਦੌਰਾਨ ਉੱਸਰ ਰਹੀ ਨਵੀਂ ਜੀਵਨ ਜਾਚ 'ਆਪਣੇ-ਆਪਣੇ ਕਾਰਗਿਲ' ਦਾ ਪ੍ਰਾਨ ਸੂਤਰ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਹ ਜੀਵਨ ਜਾਚ ਕਿਹੋ ਜਿਹੀ ਹੈ? ਅਸਲ ਵਿਚ ਇਹ ਜੀਵਨ ਜਾਚ ਕਾਰਪੋਰੇਟੀ ਸੰਸਾਰ ਦੀਆਂ ਲੋੜਾਂ ਅਤੇ ਰੀਝਾਂ ਮੁਤਾਬਿਕ ਹੈ। ਕਾਰਪੋਰੇਟੀ ਸੰਸਾਰ ਸਮੂਹ ਮਨੁੱਖਤਾ ਨੂੰ ਮੁਨਾਫ਼ੇ ਵਾਲੀ ਮੰਡੀ ਵਿਚ ਤਬਦੀਲ ਕਰਕੇ ਹੀ ਆਪਣੇ ਆਪ ਨੂੰ ਜ਼ਿੰਦਾ ਰੱਖ ਸਕਦਾ ਹੈ। ਇਹ ਸੰਸਾਰ ਆਪਣੀ ਸਿਰਜਣਾਤਮਿਕਤਾ ਦਾ ਪ੍ਰਮਾਣ ਵਸਤੂਆਂ ਦਾ ਤਲਿਸਮੀ ਸੰਸਾਰ ਸਿਰਜ ਕੇ ਦਿੰਦਾ ਹੈ। ਇਨ੍ਹਾਂ ਵਸਤੂਆਂ ਨੂੰ ਵੇਚਣ ਲਈ ਇਸ ਨੂੰ ਨਿੱਤ ਨਵੀਆਂ ਮੰਡੀਆਂ ਦੀ ਤਲਾਸ਼ ਰਹਿੰਦੀ ਹੈ। ਇਹ ਮੰਡੀ ਆਪਣੇ ਆਪ ਮਿਲ ਜਾਵੇ ਤਾਂ ਜਾਹ ਭਲੀ, ਨਾ ਮਿਲੇ ਤਾਂ ਇਹ ਮੰਡੀਆਂ ਪੈਦਾ ਕਰਨ ਲਈ ਅਜਿਹੀਆਂ ਤਰਕੀਬਾਂ ਲੜਾਉਂਦਾ ਹੈ ਕਿ ਮੰਡੀ ਦਾ ਮਾਲ ਬਣੇ ਮਨੁੱਖਾਂ ਨੂੰ ਇਸ ਸਭ ਦਾ ਪਤਾ ਵੀ ਨਹੀਂ ਲੱਗਦਾ। ਇਸ ਲਈ ਦੁਨੀਆਂ ਦੇ ਸਭ ਤੋਂ ਚੁਸਤ ਦਿਮਾਗਾਂ ਦੀਆਂ 'ਸਰਵਸਿਜ਼' ਲਈਆਂ ਜਾਂਦੀਆਂ ਹਨ। ਇਥੇ ਸਮੁੱਚੀ ਚੁਸਤੀ ਇਸ ਗੱਲ ਵਿਚ ਹੈ ਕਿ ਅਸੱਭਿਅਕ ਕੰਮ ਨੂੰ ਦੁਨੀਆਂ ਦੇ ਸਭ ਤੋਂ ਸਭਿਅਕ ਢੰਗ ਨਾਲ ਕੀਤਾ ਜਾਂਦਾ ਹੈ। ਅਛੋਪਲੇ ਹੀ ਕਿਸੇ ਲੋਕੇਲ ਦੀ ਸਥਾਨਕਤਾ ਅਤੇ ਸਭਿਆਚਾਰਕ ਵਿਲੱਖਣਤਾ ਮਲੀਆਮੇਟ ਹੋ ਚੁੱਕੀ ਹੁੰਦੀ ਹੈ। ਮਜੇ ਦੀ ਗੱਲ ਇਹ ਹੈ ਕਿ ਪੈਰਾਂ ਥੱਲਿਉਂ ਜ਼ਮੀਨ ਖਿਸਕ ਚੁੱਕੀ ਹੁੰਦੀ ਹੈ ਪਰ ਉੱਪਰ ਖੜ੍ਹੇ ਨੂੰ ਕੰਨੋ-ਕੰਨੀ ਖਬਰ ਵੀ ਨਹੀਂ ਪਹੁੰਚੀ ਹੁੰਦੀ। ਇਹ ਬੰਦਾ ਕਦੋਂ ਆਪਣੀਆਂ ਉੱਚ ਕਦਰਾਂ ਕੀਮਤਾਂ ਅਤੇ ਸਿਰਜਣਾਤਮਿਕ ਊਰਜਾ ਨੂੰ ਗੁਆ ਕੇ 'ਭੋਗੀ' ਬਣ ਬੈਠਦਾ ਹੈ, ਉਸ ਨੂੰ ਖ਼ੁਦ ਵੀ ਪਤਾ ਨਹੀਂ ਲੱਗਦਾ। ਖਪਤ ਸਭਿਆਚਾਰ ਵਿਚ ਮਨੁੱਖ ਖ਼ੁਦ ਖਪਤ ਦਾ ਮਾਲ ਬਣ ਜਾਂਦਾ ਹੈ। ਉਸਦੀਆਂ ਸੱਚੀ-ਮੁੱਚੀ ਦੀਆਂ ਜ਼ਰੂਰਤਾਂ ਅਤੇ ਭ੍ਰਮਮਈ ਲੋੜਾਂ (6▲⬇↔✥ ✪✥✥➢↔) ਦੀ ਖਾਈ ਮਰ ਮਿਟ ਜਾਂਦੀ ਹੈ। ਸਗੋਂ ਭ੍ਰਮਮਈ ਲੋੜਾਂ ਹੌਲੀ-ਹੌਲੀ ਸਮੁੱਚਾ ਧਰਾਤਲ ਮੱਲ ਲੈਂਦੀਆਂ ਹਨ। ਆਪਣੀ ਭਾਸ਼ਾ, ਆਪਣਾ ਗਿਆਨ ਅਤੇ ਸਮੁੱਚੀ ਜੀਵਨ ਸ਼ੈਲੀ ਨਿਗੂਣੀ ਅਤੇ ਤੁੱਛ ਲੱਗਣ ਲੱਗਦੀ ਹੈ। ਕਾਰਪੋਰੇਟੀ ਸੰਸਾਰ ਵਲੋਂ ਦੱਸੀ ਅਤੇ ਦਰਸਾਈ ਜੀਵਨ ਸ਼ੈਲੀ ਮਨ ਦੇ ਸਾਰੇ ਬੂਹੇ ਬਾਰੀਆਂ ਮੱਲ ਲੈਂਦੀ ਹੈ। ਮਨੁੱਖ ਨਿੱਜਤਾ ਦੇ ਖੋਲ ਵਿਚ ਸੁੰਗੜ ਕੇ ਸੁਰੱਖਿਅਤ ਅਤੇ ਆਨੰਦਿਤ

ਮਹਿਸੂਸ ਕਰਦਾ ਹੈ। ਸਫਲਤਾ ਲਈ ਸ਼ਾਰਟਕੱਟ ਮਾਰਨ ਨੂੰ ਤਰਜੀਹ ਮਿਲਦੀ ਹੈ। 'ਵਰਤੋ ਅਤੇ ਸਿੱਟੋ' (☨↔✥▲✪➢☨✲☚✤↰) ਜੀਵਨ ਦਾ ਬੁਨਿਆਦੀ ਫਲਸਫਾ ਬਣ ਜਾਂਦਾ ਹੈ। ਰਿਸ਼ਤਿਆਂ ਦੀ ਪਾਕੀਜ਼ਗੀ ਦਾ ਮਰਸੀਆ ਪੜ੍ਹਿਆ ਜਾਂਦਾ ਹੈ ਅਤੇ 'ਕਾਮੁਕਤਾ' ਦੀ ਕੂਕ ਹਰ ਮਨ ਵਿਚ ਗੂੰਜਣ ਲੱਗ ਪੈਂਦੀ ਹੈ।

'ਆਪਣੇ ਆਪਣੇ ਕਾਰਗਿਲ' ਦਾ ਰਚਨਾਵੀ ਸੰਸਾਰ ਇਸ ਤਰ੍ਹਾਂ ਦੀ ਉੱਸਰੀ ਜੀਵਨ ਜਾਚ ਦਾ ਹੀ ਕਲਾਤਮਕ ਪਰਤੌ ਹੈ। ਇਸ ਸੰਬੰਧ ਵਿਚ 'ਕਾਰਗਿਲ', 'ਮਸਾਜ਼' ਅਤੇ 'ਆਈਸਕ੍ਰੀਮ' ਕਹਾਣੀਆਂ ਨੂੰ ਪ੍ਰਤੀਨਿਧ ਕਹਾਣੀਆਂ ਵਜੋਂ ਲਿਆ ਜਾ ਸਕਦਾ ਹੈ। 'ਕਾਰਗਿਲ' ਕਹਾਣੀ ਦਾ ਰਣਬੀਰ ਖਪਤ ਸਭਿਆਚਾਰ ਦੇ ਖੋਭੇ ਵਿਚ ਖੁੱਭੇ ਪੇਂਡੂ ਭਾਈਚਾਰੇ ਦੇ ਪ੍ਰਤੀਨਿਧ ਪਾਤਰ ਵਜੋਂ ਸਾਹਮਣੇ ਆਉਂਦਾ ਹੈ। ਵੈਸੇ ਇਸ ਪਾਤਰ ਦੀ ਖਪਤੀ ਪਾਤਰ ਵਿਚ ਤਬਦੀਲੀ ਕੋਈ ਅਚਨਚੇਤੀ ਵਾਪਰੀ ਗੱਲ ਨਹੀਂ ਸਗੋਂ ਕਹਾਣੀਕਾਰ ਇਸ ਲਈ ਬਕਾਇਦਾ ਰਚਨਾਤਮਕ ਤਰਕ ਉਸਾਰਦਾ ਹੈ। ਇਹ ਅਜਿਹਾ ਪਾਤਰ ਹੈ ਜਿਸਦਾ ਆਰਥਿਕ ਨਿਗੂਣਾਪਨ ਉਸ ਅੰਦਰ ਕਿਸੇ ਮਾਨਸਿਕ ਗੱਠ ਵਾਂਗ ਬੱਝਾ ਪਿਆ ਹੈ। ਇਸ ਨਿਗੂਣੇਪਨ ਦੀ ਭੇਂਟ ਉਸਦੀ ਸਕੂਲੀ ਪੜ੍ਹਾਈ ਚੜ੍ਹਦੀ ਹੈ। ਫਿਰ ਇਹ ਨਿਗੂਣਾਪਨ ਸਰੀਰਕ ਹੀਣਤਾ ਵਿਚ ਤਬਦੀਲ ਹੁੰਦਾ ਹੈ। ਮਾੜੇ ਸਰੀਰਕ ਕੱਦ-ਕਾਠ ਕਾਰਣ ਫੌਜ ਵਿਚ ਭਰਤੀ ਹੋ ਜਾਣ ਤੋਂ ਰਹਿ ਜਾਣ ਨਾਲ ਦੂਜੀ ਵੱਡੀ ਮਾਨਸਿਕ ਉਲਝਣ ਪੈਦਾ ਹੁੰਦੀ ਹੈ। ਜੱਟ ਹੋਣ ਦਾ ਜਾਤੀਗਤ ਅਭਿਮਾਨ ਇਨ੍ਹਾਂ ਸਭ ਗੱਠਾਂ ਦੇ ਪਿਛੋਕੜ ਵਿਚ ਪਹਿਲਾਂ ਹੀ ਜਨਮਜਾਤ ਲੱਛਣ ਵਜੋਂ ਪਿਆ ਹੈ। ਇਹ ਸਭ ਕੁਝ ਰਲ ਮਿਲ ਕੇ ਅਜਿਹਾ ਆਕ੍ਰੋਸ਼ੀ ਬੰਦਾ ਤਿਆਰ ਕਰਦਾ ਹੈ ਜੋ ਹਰ ਕਿਸੇ ਨਾਲ ਲੜਨ ਭਿੜਨ ਲਈ ਤਿਆਰ ਹੈ। ਇਸ ਲਈ ਭਾਵੇਂ 'ਤਾਏ ਦੀ ਦਾਹੜੀ ਨੂੰ ਹੱਥ ਜਾ ਪਵੇ ਜਾਂ ਬਾਪ ਨਾਲ ਤਿੱਖੇ ਬੋਲ ਬੋਲਣੇ ਪੈਣ, ਇਹ ਬੰਦਾ ਅਜਿਹਾ ਬੰਬ ਹੈ ਜੋ ਬੱਸ ਫਟਣ ਲਈ ਥਾਂ ਟਿਕਾਣਾ ਹੀ ਭਾਲਦਾ ਫਿਰਦਾ ਹੈ। ਇਹ ਅਜਿਹਾ ਊਰਜਤ ਪੰਜਾਬੀ ਬੰਦਾ ਹੈ ਜਿਸਦੀ ਉਲਟ ਹਾਲਾਤ ਦੇ ਥਪੇੜਿਆਂ ਨੇ ਗਿੱਚੀ ਭੰਨੀ ਪਈ ਹੈ। ਉਹ ਵੇਲਾ ਆਉਣ 'ਤੇ ਬਾਨਣੂੰ ਬੰਨ ਕੇ ਵਿਖਾਉਣ ਦੀ ਇੱਛਾ ਪਾਲਦਾ ਅਤੇ ਮੈਦਾਨ ਵਿਚੋਂ ਵਡੇਰਿਆਂ ਵਾਂਗ ਲੱਤਾਂ 'ਚ ਪੂਛ ਲੈ ਕੇ ਨਾ ਭੱਜਣ ਦਾ ਬੋਲ ਵੀ ਪੁਗਾਉਣਾ ਚਾਹੁੰਦਾ ਹੈ। ਪਰ ਹਾਲਾਤ ਦੀ ਤ੍ਰਾਸਦੀ ਇਹ ਹੈ ਕਿ ਉਸਦੀ ਸੋਚ ਵੱਡੀ ਹੈ ਪਰ ਕਾਰਜ ਨਿਗੂਣਾ ਹੈ। ਇਹ ਸੋਚ ਅਤੇ ਕਾਰਜ ਦਾ ਅੰਤਰ ਹੀ ਅੰਤ ਉਸ ਨੂੰ ਆਪਣੇ ਵਡੇਰਿਆਂ ਦੇ ਬਰਾਬਰ ਤੁਲਣ ਤਾਂ ਕੀ ਪਰਿਵਾਰ ਸਮੇਤ ਨਮੋਸ਼ੀਜਨਕ ਮੌਤ ਦੇ ਮੂੰਹ ਜਾ ਪਾਉਂਦਾ ਹੈ।

ਕਹਾਣੀਕਾਰ ਅਜਿਹੇ ਊਰਜਤ ਪੰਜਾਬੀ ਬੰਦੇ ਦੀ ਅਜਿਹੀ ਹੋਣੀ ਦੇ ਕਾਰਣਾਂ ਦੀ ਤਲਾਸ਼ ਹੀ 'ਕਾਰਗਿਲ' ਕਹਾਣੀ ਵਿਚ ਕਰਦਾ ਹੈ। ਅਜਿਹੀ ਤਲਾਸ਼ ਵਿਚ ਹੀ ਕਾਰਪੋਰੇਟੀ ਸੰਸਾਰ ਦੇ ਲੁਭਾਉਣੇ ਜਾਪਦੇ ਤਲਿੱਸਮੀ ਜਗਤ ਦੀਆਂ ਪਰਤਾਂ ਹੌਲੀ-ਹੌਲੀ ਖੁੱਲ੍ਹਦੀਆਂ ਹਨ। ਇਸ ਜਗਤ ਦੇ ਮੋਹਰਿਆਂ ਵਜੋਂ ਸਲੂਜਾ ਨਾਮਕ ਪਾਤਰ 'ਅਵਤਾਰ' ਧਾਰਦਾ ਹੈ। ਕਾਰਪੋਰੇਟੀ ਸੰਸਾਰ ਦਾ ਇਹ 'ਨਵ-ਅਵਤਾਰ ਪਹਿਲੀ ਨਜ਼ਰੇ ਰਣਬੀਰ ਨੂੰ ਵੀ ਉਸ ਦੇ ਸਭ ਦੁੱਖਾਂ ਦਾ ਦਾਰੂ ਜਾਪਦਾ ਹੈ। ਉਹੀ 'ਰਾਂਦ ਦੇ ਘਰ'ਰਣਬੀਰ ਦੀ 'ਕਾਨੂੰਨੀ ਬੰਦੇ' ਵਿਚ ਨਵ-ਘਾੜਤ ਕਰਦਾ ਹੈ। ਉਸਨੂੰ 'ਕਰਜਿਆਂ' ਦੇ ਅਲਾਦੀਨੀ ਚਿਰਾਗ ਨਾਲ ਸਭ ਦੁੱਖਾਂ ਨੂੰ ਕੱਟਣ ਦਾ ਸਬਜ਼ਬਾਗ ਦਿਖਾਉਂਦਾ ਹੈ। ਜ਼ਮੀਨ ਗਹਿਣੇ ਧਰ ਕੇ ਲਏ ਲੋਨ ਨਾਲ ਉਪਜੀਵਕਾ ਵਧਾਉਣ ਦੇ ਵਸੀਲੇ ਤਿਆਰ ਕਰਨ ਦੀ ਬਜਾਇ ਨਵੇਂ ਘਰ ਵਿਚ ਐਸ਼ੋ-ਇਸ਼ਰਤ ਦਾ ਸਮਾਨ ਆਉਂਦਾ ਹੈ। ਜੀਵਨ ਸ਼ੈਲੀ ਕਿਰਤੀ ਬੰਦੇ ਤੋਂ ਵਿਹਲੜ ਆਯਾਸ਼ ਬੰਦੇ ਵਿਚ ਬਦਲਦੀ ਹੈ। ਇਹ ਜੀਵਨ ਜਾਚ ਵਕਤੀ ਤੌਰ 'ਤੇ ਹੁਲਾਸ ਨਾਲ ਭਰਦੀ ਹੈ। ਪਰ ਅੰਤ ਵਾਪਰਦਾ ਇਹ ਹੈ ਕਿ ਰਣਬੀਰ ਵਰਗਿਆਂ ਦੀ ਬਦੌਲਤ ਸਲੂਜੇ ਕੋਲ ਤਾਂ 'ਨਵੀਂ ਮਾਰੂਤੀ' ਆ ਜਾਂਦੀ ਹੈ ਪਰ ਉਸਦੀ ਜ਼ਮੀਨ ਦੇ ਕਾਗਜ਼ ਥੇੜ੍ਹੀ ਵਾਲੇ ਸਰਦਾਰਾਂ ਦੇ ਮੁੰਡੇ ਜਗਤਾਰ ਵਲੋਂ ਖੋਲ੍ਹੀ ਫਾਇਨਾਂਸ ਕੰਪਨੀ ਦੀ ਤਜੌਰੀ ਵਿਚ ਜਾ ਪੈਂਦੇ ਹਨ। ਇਉਂ ਜਗਤਾਰ ਕਾਰਪੋਰੇਟੀ ਸੰਸਾਰ ਦੇ ਵੱਡੇ ਨੁਮਾਇੰਦੇ ਵਜੋਂ ਅਤੇ ਸਲੂਜਾ ਉਸਦੇ ਛੋਟੇ ਮੋਹਰੇ ਵਜੋਂ ਸਾਹਮਣੇ ਆਉਂਦੇ ਹਨ। ਇਨ੍ਹਾਂ ਦੋਨਾਂ ਪਾਤਰਾਂ ਦੀ ਘਾੜਤ ਪੰਜਾਬੀ



ਕਹਾਣੀ ਦਾ ਹਾਸਲ ਹੈ। ਮਹੱਤਵਪੂਰਨ ਹੈ ਕਿ ਜਗਤਾਰ ਸਾਰੀ ਕਹਾਣੀ ਵਿਚ ਖਾਮੋਸ਼ ਅਤੇ ਪਿੱਠਭੂਮੀ ਵਿਚ ਹੈ। ਉਸਦਾ ਸਾਰਾ ਕਾਰਜ ਸਲੂਜੇ ਦੀਆਂ ਸਰਵਸਿਜ਼ ਰਾਹੀਂ ਨੇਪਰੇ ਚੜ੍ਹ ਰਿਹਾ ਹੈ। ਇਸ ਪ੍ਰਕਾਰ 'ਕਾਰਗਿਲ' ਕਹਾਣੀ ਜਸ਼ਨਮਈ ਊਰਜਿਤ ਪੰਜਾਬੀ ਬੰਦੇ ਦੇ ਨਵੇਂ ਵਸਤੂ ਯਥਾਰਥ ਵਿਚ ਵਿਹਲੜ ਅਤੇ ਆਯਾਸ਼ ਬੰਦੇ ਵਿਚ ਢਲ ਕੇ ਦੁਖਾਂਤ ਹੋਣੀ ਨੂੰ ਪਹੁੰਚਣ ਦਾ ਮਾਰਮਿਕ ਚਿੱਤਰ ਉਲੀਕਦੀ ਹੈ। ਮਹੱਤਵਪੂਰਨ ਗੱਲ ਇਹ ਵੀ ਹੈ ਕਿ ਨਵੇਂ ਹਾਲਾਤ ਵਿਚ ਊਰਜਤ ਆਕ੍ਰੋਸ਼ੀ ਬੰਦੇ ਨੂੰ ਕੋਈ ਸਹੀ ਸੇਧ ਦੇਣ ਜਾਂ ਵੱਡੇ ਮੰਤਵ ਲਈ ਤਿਆਰ ਕਰਨ ਵਾਲੇ ਅਸੂਲੀ ਬੰਦੇ ਦੀ ਬਜਾਇ ਕਾਰਪੋਰੇਟੀ ਸੰਸਾਰ ਦੇ ਦਲਾਲ ਹੀ ਟੱਕਰ ਰਹੇ ਹਨ। ਇਸ ਲਈ ਉਸਦੀਆਂ ਸਿਰਜਣਾਤਮਕ ਸੰਭਾਵਨਾਵਾਂ ਖਪਤ ਸਭਿਆਚਾਰ ਵਿਚ ਹੀ ਖੀਣ-ਖੀਣ ਹੋ ਰਹੀਆਂ ਹਨ।

ਇਸੇ ਜੀਵਨ ਜਾਚ ਦੀ ਮਾਰ ਵਿਚ ਆਏ ਬੰਦੇ ਦਾ ਇਕ ਹੋਰ ਵਿਸਥਾਰ 'ਮਸਾਜ਼' ਕਹਾਣੀ ਵਿਚ ਮਿਲਦਾ ਹੈ। ਇਸ ਕਹਾਣੀ ਵਿਚਲਾ ਓਮ ਪ੍ਰਕਾਸ਼ ਸ਼ਾਹੀ ਪੜ੍ਹੀ ਲਿਖੀ ਨਵੀਂ ਪੀੜ੍ਹੀ ਦਾ ਖੂਬਸੂਰਤ ਪ੍ਰਤੀਨਿਧ ਪਾਤਰ ਹੈ। ਇਹ ਨਵੀਂ ਪੀੜ੍ਹੀ ਜ਼ਿੰਦਗੀ ਦੇ ਸਭ ਸੁਹਜ-ਸੁਆਦ ਮਾਨਣਾ ਚਾਹੁੰਦੀ ਹੈ। ਸਰਲਤਾ, ਸਾਦਗੀ ਅਤੇ ਸਹਿਜਤਾ ਇਸ ਪੀੜ੍ਹੀ ਦੇ ਜੀਵਨ ਮੁੱਲ ਨਹੀਂ ਹਨ। ਇਸੇ ਗੱਲ ਤੋਂ ਆਪਣੀ ਮਾਂ ਨਾਲ ਬਹਿਸਦਾ ਓਮ ਪ੍ਰਕਾਸ਼ ਸ਼ਾਹੀ ਕਹਿੰਦਾ ਹੈ:-

"ਝਾਈ ਸਾਦੇ ਤਾਂ ਫਿਰ ਪਸ਼ੂ ਡੰਗਰ ਹੁੰਦੇ ਐ, ਜੋ ਮਿਲਿਆ ਉਹ ਡੱਫ ਲਿਆ, ਜੇ ਬੰਦੇ ਨੇ ਕੋਈ ਚੋਜ਼ ਈ ਨੀ ਕਰਨਾ ਫਿਰ ਫਰਕ ਕੀ ਹੋਇਆ ਭਲਾ ਪਸ਼ੂਆਂ ਨਾਲੋਂ ?"

(ਆਪਣੇ ਆਪਣੇ ਕਾਰਗਿਲ, ਪੰਨਾ 100)

"ਝਾਈ ਲੱਗੇ ਭਾਵੇਂ ਤੈਨੂੰ ਗੁੱਸਾ ਈ, ਏਹੋ ਜੀ ਬਰਕਤ ਨਾ ਉਗਾਲੀ ਕਰਦੇ ਬਲਦ ਦੇ ਮੂੰਹ ਤੇ ਵੀ ਖੇਡਦੀ ਦਿਸਦੀ ਹੁੰਦੀ ਐ, ਵੇਖੀਂ ਕਦੇ ਨੀਝ ਨਾਲ। ਕੀ ਫਰਕ ਰਿਹਾ ਪਸ਼ੂਆਂ ਨਾਲੋਂ ਫਿਰ, ਢਿੱਡ ਭਰੋ, ਨਿਆਣੇ ਜੰਮੋਂ, ਪਾਲੋ, ਵਿਆਹੋ ਤੇ ਮਰ-ਜੋ। ਫਿਰ ਆਪ ਕਦੋਂ ਜਿਊਂਵੇਂ ਬੰਦਾ ?"

(ਆਪਣੇ ਆਪਣੇ ਕਾਰਗਿਲ, ਪੰਨਾ 101)

ਇਹ 'ਆਪ ਜਿਊਣ' ਅਤੇ 'ਚੋਜ਼ ਕਰਨ' ਦੀ ਜੀਵਨ ਸ਼ੈਲੀ ਓਮ ਪ੍ਰਕਾਸ਼ ਸ਼ਾਹੀ ਦੇ ਅੰਦਰ ਉਸ ਹਾਲਾਤ ਦੀ ਉਪਜ ਹੈ ਜੋ ਉਸਦੇ ਹਰ ਸਾਹ ਨਾਲ ਉਸਦੇ ਲਹੂ ਦਾ ਹਿੱਸਾ ਬਣ ਰਹੀ ਹੈ। ਇਸ ਨੂੰ ਪਹਿਲੀ ਚੰਗਿਆੜੀ, 'ਸਿਨੇਮੇ' ਨੇ ਲਾਈ ਹੈ। ਇਸ ਦੀ ਬਦੌਲਤ ਬਾਬੀ ਦੀ ਡਿੰਪਲ ਨੇ ਸਭ 'ਨਿੰਦੀਆਂ, ਭਿੰਦੀਆਂ, ਗਿੰਦੀਆਂ' ਨੂੰ ਕਿਤੇ ਦੂਰ ਵਗਾਹ ਮਾਰਿਆ ਹੈ। ਇਸ ਤੋਂ ਬਾਅਦ ਘਰ ਵਿਚਲੇ ਟੀ.ਵੀ. ਨੇ ਸਮੁੱਚੇ ਸੰਸਾਰ ਨੂੰ ਬੈਡਰੂਮ ਵਿਚ ਲੈ ਆਂਦਾ ਹੈ। ਮੀਡੀਏ ਦੇ ਇਨ੍ਹਾਂ ਔਜਾਰਾਂ ਨੇ ਆਮ ਮਨੁੱਖ ਦੇ ਸਾਹਮਣੇ ਸੁਪਨਿਆਂ ਦੇ ਸੰਸਾਰ ਦਾ ਪਟਾਰਾ ਖੋਲ੍ਹ ਦਿੱਤਾ ਹੈ। ਸੁਪਨਿਆਂ ਦੀ ਇਸੇ ਮ੍ਰਿਗ ਤ੍ਰਿਸ਼ਨਾ ਵਿਚ ਫਸਿਆ ਓਮ ਪ੍ਰਕਾਸ਼ ਸ਼ਾਹੀ ਅਖੀਰ ਹਾਰਟ ਅਟੈਕ ਹੋਣ ਅਤੇ ਘਰ ਗ੍ਰਹਿਸਥੀ ਬਰਬਾਦ ਹੋਣ ਤੱਕ ਦੇ ਪੜਾਅ ਤੱਕ ਜਾ ਪਹੁੰਚਦਾ ਹੈ। ਉਹ ਭਾਵੇਂ 'ਕਾਰਗਿਲ' ਦੇ ਰਣਬੀਰ ਵਾਂਗ ਆਤਮ ਹੱਤਿਆ ਤਾਂ ਨਹੀਂ ਕਰਦਾ ਪਰ ਸੁਪਨਿਆਂ ਦਾ ਪਿੱਛਾ ਕਰਦਿਆਂ ਜਿਹੜੇ ਪੱਥਰ ਚੱਟ ਕੇ ਉਸਦੀ ਪਤਨੀ ਸੀਤਾ ਵਾਪਸ ਘਰ ਪਰਤੀ ਹੈ ਉਸ ਵਿਚ ਉਸ ਦੀ ਸਥਿਤੀ ਨਾ ਜਿਉਂਦਿਆਂ ਵਾਲੀ ਹੈ ਨਾ ਮੋਇਆ ਵਾਲੀ। 'ਦੇਹ ਸੁੱਖ' ਵਿਚ ਗੁਆਚੀ ਸੀਤਾ ਇਕ ਮਰਿਯਾਦਾਮਈ ਔਰਤ ਤੋਂ ਘਰ ਗ੍ਰਹਿਸਥੀ ਦੀਆਂ ਸਭ ਲਛਮਣ ਰੇਖਾਵਾਂ ਉਲੰਘਣ ਵਾਲੀ 'ਕਾਲ ਗਰਲ' ਵਿਚ ਵਟਦੀ ਹੈ। ਸਥਿਤੀ ਦਾ ਸਿਤਮ ਇਹ ਹੈ ਕਿ ਸਭ ਕੁਝ ਜਾਨਣ ਦੇ ਬਾਵਜੂਦ ਪਤੀ-ਪਤਨੀ ਆਖਰੀ ਜ਼ਿੰਦਗੀ ਇਕੱਠੀ ਬਿਤਾ ਰਹੇ ਹਨ। ਇਉਂ ਕਹਾਣੀਕਾਰ ਜੀਵਨ ਦੇ ਸੁਆਦਾਂ ਦਾ ਪਿੱਛਾ ਕਰਦਿਆਂ ਫਟੇ ਅਨਾਰਾਂ ਦੀ ਵਕਤੀ ਰੌਸ਼ਨੀ ਦਿਖਾਉਣ ਦੇ ਨਾਲ-ਨਾਲ ਚੁਫੇਰੇ ਫੈਲੇ ਗੁੰਭ-ਗੁੰਬਾਰ ਅਤੇ ਬਾਕੀ ਬਚੀ ਰਾਖ ਦੀ ਢੇਰੀ ਦਿਖਾਉਣ ਤੋਂ ਨਹੀਂ ਖੁੰਝਦਾ। ਓਮ ਪ੍ਰਕਾਸ਼ ਅਤੇ ਸੀਤਾ ਹੁਣ ਚੱਲੇ ਅਨਾਰ ਦੇ ਖੋਲ ਵਰਗੇ ਹਨ। ਸੀਤਾ ਦੇ ਇਹ ਬੋਲ ਇਸ ਸੰਬੰਧ ਵਿਚ ਮਾਅਨੇਖੇਜ਼ ਹਨ:-

"ਬੱਸ ਹੜ੍ਹ ਵਰਗਾ ਸੀ ਕੁਸ, ਪਤਾ ਈ ਨੀ ਲੱਗਿਆ ਵਹਿਣ 'ਚ ਵਹਿੰਦੇ ਕਿਧਰ ਦੀ ਕਿਧਰ ਰੁੜ੍ਹ ਗਏ ਸਾਂ। ਹੜ੍ਹਾਂ 'ਚ ਢੱਠੇ ਘਰ ਕਦੋਂ ਥਿਆਉਂਦੇ ਐ ਮੁੜਕੇ।"

(ਆਪਣੇ-ਆਪਣੇ ਕਾਰਗਿਲ, ਪੰਨਾ 113)

ਜਿਸ ਜੀਵਨ ਜਾਚ ਵਿਚ 'ਆਪਣੇ-ਆਪਣੇ ਕਾਰਗਿਲ' ਦੇ ਪਾਤਰ ਘਿਰੇ ਹੋਏ ਹਨ, ਉਸ ਵਿਚ ਜੀਵਨ ਦੇ ਸੁਆਦਾਂ ਦਾ ਲੁਤਫ਼ ਸਭ ਤੋਂ ਉੱਪਰ ਹੈ। ਇਹ ਸੁਆਦ ਵਸਤਾਂ, ਚੀਜ਼ਾਂ ਤੋਂ ਲੈ ਕੇ ਦੇਹ ਸੁੱਖ ਤੱਕ ਫੈਲਿਆ ਹੋਇਆ ਹੈ। ਇਸ ਦੇਹ ਸੁੱਖ ਨੂੰ ਸਗੋਂ 'ਦੇਹ ਸੁਆਦ' ਕਹਿਣਾ ਵਧੇਰੇ ਉਚਿਤ ਹੈ। ਆਪਣੀਆਂ ਕਹਾਣੀਆਂ ਦੀ ਸਵੈ-ਪੜਚੋਲ ਕਰਦਿਆਂ ਬਲਦੇਵ ਦੀ ਟਿੱਪਣੀ ਹੈ ਕਿ 'ਇਨ੍ਹਾਂ ਕਹਾਣੀਆਂ ਵਿਚ ਮੌਤ ਕੁਝ ਵਧੇਰੇ ਹੀ ਧੁੱਸ ਦੇ ਕੇ ਵੜ ਗਈ ਹੈ।' ਪਰ ਸਮੁੱਚੀਆਂ ਕਹਾਣੀਆਂ ਦਾ ਪਾਠ ਕਰਦਿਆਂ ਇਹ ਗੱਲ ਮਹਿਸੂਸ ਹੁੰਦੀ ਹੈ ਕਿ ਮੌਤ ਦੀ ਬਜਾਇ 'ਕਾਮੁਕਤਾ' ਇਨ੍ਹਾਂ ਕਹਾਣੀਆਂ ਵਿਚ ਵਧੇਰੇ ਧੁੱਸ ਦੇ ਕੇ ਵੜ੍ਹ ਗਈ ਹੈ। ਜਿਸ ਜੀਵਨ ਜਾਚ ਨੂੰ ਕਹਾਣੀਕਾਰ ਪਕੜ ਰਿਹਾ ਹੈ ਮੌਤ ਉਸਦਾ ਅੰਤਮ ਬਿੰਦੂ ਹੋ ਸਕਦੀ ਹੈ ਪਰ ਬਾਕੀ ਸਭ ਵਿਸਥਾਰ ਜ਼ਿੰਦਗੀ ਦੇ ਜਸ਼ਨ ਨਾਲ ਸੰਬੰਧਿਤ ਹੈ। ਇਸ ਲਈ ਇਹ ਮੌਤ ਦੀ ਬਜਾਇ ਨਵੀਂ ਜ਼ਿੰਦਗੀ ਦੇ ਜਸ਼ਨ ਵਿਚ ਗੁਆਚੇ ਮਨੁੱਖਾਂ ਨੂੰ ਤਿਰਛੀ ਨਜ਼ਰ ਨਾਲ ਵੇਖਦੀਆਂ ਕਹਾਣੀਆਂ ਹਨ। ਇਸ ਸੰਬੰਧ ਵਿਚ ਕਹਾਣੀ 'ਮਸਾਜ਼', 'ਆਈਸਕ੍ਰੀਮ', 'ਅਰਧ ਕੁੰਭ'ਅਤੇ 'ਕੀਕੁਣ ਆਖਾਂ ਛੱਡ' ਨੂੰ ਪ੍ਰਤੀਨਿਧ ਕਹਾਣੀਆਂ ਵਜੋਂ ਲਿਆ ਜਾ ਸਕਦਾ ਹੈ। ਹੋਰ ਤਾਂ ਹੋਰ 'ਕੀੜੀਆਂ ਦੀ ਮੌਤ' ਕਹਾਣੀ ਵਿਚ ਪ੍ਰੋ. ਸੁਧਾ ਚੋਪੜਾ ਦੇ ਪ੍ਰਬੰਧਕ ਕਮੇਟੀ ਦੇ ਸਕੱਤਰ ਨਾਲ ਹੋਟਲ ਵਿਚ ਰਾਤ ਗੁਜ਼ਾਰਨ ਤੋਂ ਕਹਾਣੀ ਵਿਚਲੇ ਸੰਕਟ ਸੂਤਰ ਦੀ ਸ਼ੁਰੂਆਤ ਹੁੰਦੀ ਹੈ। ਅਸਲ ਵਿਚ ਕਾਰਪੋਰੇਟੀ ਸੰਸਾਰ ਵੈਰਾਇਟੀ ਦਾ ਸੰਸਾਰ ਹੈ। ਕੰਪਨੀਆਂ ਦੇ ਆਪਸੀ ਮੁਕਾਬਲੇ ਦਾ ਸੰਸਾਰ ਹੈ। ਸੁੱਖ ਸਾਧਨ ਮੁਹੱਈਆ ਕਰਵਾਉਣ ਦਾ ਸੰਸਾਰ ਹੈ। ਇਨ੍ਹਾਂ ਸੁੱਖ ਸਾਧਨਾਂ ਵਿਚ ਦੇਹੀ ਆਨੰਦ ਸਭ ਤੋਂ ਉੱਪਰ ਜਾ ਥਾਂ ਮੱਲ੍ਹਦਾ ਹੈ। ਇਸ ਆਨੰਦ ਲਈ ਰਿਸ਼ਤਿਆਂ ਦੀ ਪਾਕੀਜ਼ਗੀ ਵਰਗੀਆਂ ਗੱਲਾਂ ਵੀ ਬੀਤੇ ਦੀਆਂ ਪਛੜੀਆਂ ਗੱਲਾਂ ਜਾਪਦੀਆਂ ਹਨ। ਇਨ੍ਹਾਂ ਵਸਤੂ ਸਥਿਤੀਆਂ ਨੂੰ ਚਿਤਰਦਿਆਂ 'ਕਾਮੁਕਤਾ' ਇਸ ਸਭ ਨਾਲ ਇਉਂ ਲਿਪਟੀ ਆਉਂਦੀ ਹੈ ਜਿਵੇਂ ਗੁੜ੍ਹ ਨਾਲ ਤਿਲ ਲਿਪਟੇ ਹੋਣ। ਪਰੰਤੂ ਬਲਦੇਵ ਸੁਚੇਤ ਕਹਾਣੀਕਾਰ ਹੈ। ਉਸਨੂੰ ਪਤਾ ਹੈ ਕਿ ਗੈਸ ਭਰਿਆ ਗੁਬਾਰਾ ਆਪਣੇ ਰੰਗ ਕਾਰਣ ਨਹੀਂ ਸਗੋਂ ਵਿਚਲੀ ਗੈਸ ਕਾਰਣ ਉੱਪਰ ਹਵਾ ਵਿਚ ਉੱਡਦਾ ਹੈ। ਇਸੇ ਤਰ੍ਹਾਂ ਹੀ ਕਹਾਣੀ ਨੇ ਕਾਮੁਕਤਾ ਕਾਰਣ ਨਹੀਂ ਸਗੋਂ ਕਾਮੁਕਤਾ ਪੈਦਾ ਕਰਨ ਵਾਲੀਆਂ ਸਥਿਤੀਆਂ ਦੀ ਕਲਾਤਮਕ ਪੇਸ਼ਕਾਰੀ ਨਾਲ ਪਾਠਕ ਦੇ ਦਿਲ ਵਿਚ ਉੱਡ ਕੇ ਬੈਠਣਾ ਹੁੰਦਾ ਹੈ।

ਕਹਾਣੀ 'ਮਸਾਜ਼' ਵਿਚ ਓਮ ਪ੍ਰਕਾਸ਼ ਸ਼ਾਹੀ ਦੇ ਕੋਮਲ ਨਾਲ ਵਿਆਹ ਬਾਹਰੇ ਸੰਬੰਧ ਬਣਦੇ ਹਨ। ਇਸੇ ਤਰ੍ਹਾਂ 'ਆਈਸਕ੍ਰੀਮ' ਕਹਾਣੀ ਵਿਚ ਵਿਆਹੇ-ਵਰ੍ਹੇ ਪ੍ਰੋਫੈਸਰ ਪਾਤਰ ਵਿਚ ਆਪਣੀ ਰਚਨਾ ਨਾਮਕ ਵਿਦਿਆਰਥਣ ਲਈ ਸਰੀਰਕ ਆਕਰਸ਼ਣ ਹੈ। 'ਅਰਧ ਕੁੰਭ' ਵਿਚ ਕਹਾਣੀ ਵਕਤਾ ਮਰਦ ਪ੍ਰੋਫੈਸਰ ਅਤੇ ਕੁੰਭ ਇਸ਼ਨਾਨ ਲਈ ਜਾ ਰਹੀ ਔਰਤ ਵਿਚਕਾਰ ਸਰੀਰਕ ਸੰਬੰਧ ਬਣਦੇ ਹਨ। 'ਕੀਕੁਣ ਆਖਾ ਛੱਡ' ਕਹਾਣੀ ਵਿਚ ਇਸ ਸਰੀਰਕ ਖਿੱਚ ਦਾ ਇਕ ਹੋਰ ਰੂਪ ਹਾਜ਼ਰ ਹੈ। ਪਰ ਇਸ ਜੀਵਨ ਤਰਬ ਨੂੰ ਪੇਸ਼ ਕਰਦਿਆਂ ਉਸ ਸਮੇਂ ਸਮਤੋਲ ਡੋਲਦਾ ਜਾਪਦਾ ਹੈ ਜਦੋਂ ਕਹਾਣੀਕਾਰ ਕਿਤੇ ਕਿਤੇ ਭਾਸ਼ਾਈ ਕਾਮੁਕਤਾ ਵੱਲ ਮੋੜ ਕੱਟਦਾ ਜਾਪਦਾ ਹੈ। ਜਿਵੇਂ ਕਹਾਣੀ 'ਕੀਕੁਣ ਆਖਾਂ ਛੱਡ' ਵਿਚਲੇ ਕੁਝ ਸੰਵਾਦ ਲਏ ਜਾ ਸਕਦੇ ਹਨ:-

"ਸ਼ੈਅ ਵੀ ਵਰਤੀਂਦੀ ਹੀ ਠੀਕ ਰਹਿੰਦੀ ਐ, ਨਹੀਂ ਤਾਂ ਚੰਗੀ ਭਲੀ ਨਵੀਂ ਚੀਜ਼-ਵਸਤੂ ਨੂੰ ਵੀ ਜੰਗਾਲ ਖਾ ਜਾਂਦੀ ਐ।" ਸਟੋਵ ਦੇ ਬਰਨਰ ਵਿਚ ਤੇਲ ਦੀ ਨਿਕਲਦੀ ਤੇਜ਼ ਧਾਰ ਨੂੰ ਵੇਖ ਕੇ ਅੰਟੀ ਨੇ ਹੁਲਾਸ ਨਾਲ ਕਿਹਾ। (ਪੰਨਾ 55)

"...ਲੈ ਏਹੀ ਸਟੋਵ ਤੇਰਾ ਵਧੀਆ ਡੰਗ ਸਾਰੂ, ਤੇਰੇ ਤੋਂ ਪਹਿਲਾਂ ਏਥੇ ਇਕ ਮੁੰਡਾ ਸੁਮੀਤ ਰਹਿੰਦਾ ਰਿਹੈ, ਉਹਨੇ ਵੀ ਬਥੇਰਾ ਵਰਤਿਆ ਸਾਰਾ ਕੁਸ਼।" (ਪੰਨਾ 55)

ਇਸੇ ਤਰ੍ਹਾਂ 'ਆਈਸਕ੍ਰੀਮ' ਕਹਾਣੀ ਵਿਚਲਾ ਇਹ ਵੇਰਵਾ ਧਿਆਨਯੋਗ ਹੈ:-

"ਗੋਡਿਆਂ ਭਾਰ ਹੋ ਕੇ ਮੇਰੇ ਲਈ ਖਾਣਾ ਪਰੋਸਦੀ ਸੁਖਚੈਨ ਦੀ ਭਰਵੀਂ ਛਾਤੀ ਵੱਲ ਮੱਲੋ-ਜ਼ੋਰੀ ਮੇਰਾ ਧਿਆਨ ਚਲਿਆ ਜਾਂਦਾ ਹੈ। ਹਾਟ-ਕੇਸ ਖੁੱਲ੍ਹਣ ਨਾਲ ਪਰੌਠਿਆਂ ਦੀ ਮਹਿਕ ਚੁਫੇਰੇ ਖਿੱਲਰ ਗਈ ਹੈ। ਮੇਰੀ ਮਰ ਚੁੱਕੀ ਭੁੱਖ ਇਕਦਮ ਜਾਗ ਪਈ ਹੈ।" (ਪੰਨਾ 72)

ਪਾਠਕ 'ਕੀਕੁਣ ਆਖਾਂ ਛੱਡ' ਵਿਚਲੇ ਸਟੋਵ ਅਤੇ 'ਆਈਸਕ੍ਰੀਮ' ਵਿਚਲੇ ਹਾਟ ਕੇਸ ਦੇ ਮਾਧਿਅਮ ਰਾਹੀਂ ਕਹੀ ਗੱਲ ਦੇ ਅਰਥ ਜਲਦੀ ਹੀ ਸਮਝ ਜਾਂਦਾ ਹੈ। ਵੈਸੇ ਲੇਖਕ ਦੀ ਇਹ ਜੁਗਤ ਵੀ ਖਪਤ ਸਭਿਆਚਾਰ ਵਿਚ ਪੈਦਾ ਹੋਏ ਪਾਠਕ ਸੰਕਟ ਨਾਲ ਜੁੜਦੀ ਜਾਪਦੀ ਹੈ।

'ਆਪਣੇ ਆਪਣੇ ਕਾਰਗਿਲ' ਪੁਸਤਕ ਦਾ ਇਕ ਹੋਰ ਮਹੱਤਵਪੂਰਨ ਪਾਸਾਰ ਨਵੀਂ ਜੀਵਨ ਜਾਚ ਪ੍ਰਤੀ ਔਰਤ ਅਤੇ ਮਰਦ ਪਾਤਰਾਂ ਦੇ ਵਖਰੇਵੇਂ ਭਰੇ ਵਿਹਾਰ ਵਿਚ ਦਰਜ ਹੁੰਦਾ ਹੈ। ਵੱਖ-ਵੱਖ ਕਹਾਣੀਆਂ ਦੀਆਂ ਔਰਤ ਪਾਤਰਾਂ, ਮਰਦ ਪਾਤਰਾਂ ਦੇ ਮੁਕਾਬਲੇ ਨਵੀਂ ਜੀਵਨ ਸ਼ੈਲੀ ਵਿਚ ਵਧੇਰੇ ਵਿਵਹਾਰਕ ਅਤੇ ਤਾਲਮੇਲ ਬਿਠਾਉਣ ਵਾਲਾ ਵਤੀਰਾ ਧਾਰਨ ਕਰੀ ਬੈਠੀਆਂ ਹਨ। ਉਨ੍ਹਾਂ ਦੀ ਜੀਵ ਵਿਗਿਆਨਕ ਬਣਤਰ ਅਤੇ ਵਿਰਾਸਤੀ ਮੁੱਲ ਵਿਧਾਨ ਉਨ੍ਹਾਂ ਨੂੰ ਮਰਦ ਪਾਤਰਾਂ ਦੇ ਮੁਕਾਬਲੇ ਘੱਟ ਟਾਕਰਵੀਆਂ ਸਥਿਤੀਆਂ ਵਿਚ ਪਾ ਰਿਹਾ ਹੈ। 'ਕਾਰਗਿਲ' ਦਾ ਰਣਬੀਰ ਆਪਣੀਆਂ ਪੁਸ਼ਤੈਨੀ ਜਾਗੀਰਦਾਰੀ ਕਦਰਾਂ ਕੀਮਤਾਂ ਅਤੇ ਮਰਦਾਉਂ ਹਊਂ ਕਾਰਣ ਬਦਲੀ ਜੀਵਨ ਸ਼ੈਲੀ ਵਿਚ ਆਪਣੀ ਲਗਾਈ ਅੱਗ ਵਿਚ ਆਪ ਵੀ ਭਸਮ ਹੁੰਦਾ ਹੈ ਅਤੇ ਪਰਿਵਾਰ ਨੂੰ ਵੀ ਭਸਮ ਕਰ ਦਿੰਦਾ ਹੈ। 'ਕੀੜੀਆਂ ਦੀ ਮੌਤ' ਦਾ ਕੇ.ਪੀ. ਸਥਿਤੀਆਂ ਦੇ ਇਹੋ ਜਿਹੇ ਦਬਾਅ ਵਿਚ ਹੀ ਪਾਗਲਪੁਣੇ ਨੂੰ ਜਾ ਪਹੁੰਚਦਾ ਹੈ। 'ਮਸਾਜ਼' ਦਾ ਓਮ ਪ੍ਰਕਾਸ਼ ਸ਼ਾਹੀ ਇਹੋ ਜਿਹੀਆਂ ਸਵੈ-ਸਹੇੜੀਆਂ ਸਥਿਤੀਆਂ ਵਿਚ ਡੂੰਘੇ ਸਦਮੇ ਉਪਰੰਤ ਹਾਰਟ ਅਟੈਕ ਕਰਵਾ ਕੇ ਬਿਸਤਰਾ ਮੱਲੀ ਬੈਠਾ ਹੈ। 'ਅਮਲਤਾਸ' ਦਾ ਕੁਲਵੰਤ ਤਾਂ ਕੈਂਸਰ ਵਰਗੀ ਬਿਮਾਰੀ ਦਾ ਸ਼ਿਕਾਰ ਹੋਇਆ ਨਿਰੰਤਰ ਨਿਵਾਣਾਂ ਵਿਚ ਸਿਮਟਦਾ ਪਿਆ ਹੈ। 'ਆਈਸਕ੍ਰੀਮ' ਦਾ ਪ੍ਰੋਫੈਸਰ ਪਾਤਰ ਡਾਵਾਂਡੋਲ ਸਥਿਤੀ ਦਾ ਸ਼ਿਕਾਰ ਹੋਇਆ ਪਰਿਵਾਰ ਦੇ ਮਜ਼ਾਕ ਦਾ ਪਾਤਰ ਬਣਿਆ ਬੈਠਾ ਹੈ। 'ਅਰਧ ਕੁੰਭ' ਦਾ ਮਰਦ ਪਾਤਰ ਔਰਤ ਪਾਤਰ ਨਾਲ ਸਰੀਰਕ ਸੰਬੰਧ ਸਥਾਪਤ ਕਰਕੇ ਆਪਣੇ ਆਪ ਵਿਚ ਸੁੰਗੜਿਆ ਪਿਆ ਹੈ।

ਇਸ ਦੇ ਮੁਕਾਬਲੇ ਔਰਤ ਪਾਤਰਾਂ ਦੀ ਸਥਿਤੀ ਵਧੇਰੇ ਸਹਿਜ ਭਰੀ ਹੈ। ਉਹ ਨਵੀਂ ਜੀਵਨ ਜਾਚ ਅਨੁਸਾਰੀ ਸੋਚ, ਆਪਣੇ ਅੰਦਰਲੀ ਆਸਥਾ ਸ਼ਕਤੀ ਅਤੇ ਕਾਰਜ ਭਰੀ ਜੀਵਨ ਸ਼ੈਲੀ ਨਾਲ ਨਵੀਆਂ ਸਥਿਤੀਆਂ ਨੂੰ ਟੱਕਰ ਦੇ ਰਹੀਆਂ ਹਨ। ਪਰ ਸਥਿਤੀ ਦੀ ਵਿਡੰਬਨਾ ਹੈ ਕਿ ਇਹ ਜੀਵਨ ਜਾਚ ਕਿਸੇ ਸਮੂਹਿਕ ਹਿੱਤ ਲਈ ਪਹਿਰਾ ਦੇਣ ਦੀ ਥਾਂ ਨਿੱਜੀ ਹਿੱਤਾਂ ਨੂੰ ਪਹਿਲ ਦੇਣ ਵੱਲ ਉਲਾਰ ਹੈ। ਅਜੋਕੇ ਸਮੇਂ ਦੀਆਂ ਵਸਤੂ ਸਥਿਤੀਆਂ ਵੀ ਕੁਝ ਅਜਿਹੀਆਂ ਹੀ ਹਨ। ਇਸ ਗੱਲ ਨੂੰ ਹੇਠਲੀ ਮਿਸਾਲ ਨਾਲ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ:-

"ਏਹ ਯੂਨੀਅਨਾਂ-ਯੂਨੀਅਨਾਂ ਅੱਜ-ਕੱਲ੍ਹ ਕਿਸੇ ਦਾ ਕੁਸ਼ ਨੀ ਸੰਵਾਰਨ ਜੋਗੀਆਂ। ਲੀਡਰ ਲੋਕ ਤਾਂ ਮਚਦੀ ਅੱਗ ਤੇ ਆਪਣੀਆਂ ਰੋਟੀਆਂ ਸੇਕਣ ਵਾਲੇ ਹੁੰਦੇ ਐ... ਐਵੇਂ ਨਾ ਆਓ ਉਨ੍ਹਾਂ ਦੇ ਝਾਂਸੇ 'ਚ, ਜੁਆਇਨ ਕਰਨ ਦੀ ਕਰੋ ਕੱਲ੍ਹ ਨੂੰ...।' ਸੁਰਜੀਤ ਕੌਰ ਦੀ ਸੰਸਾਰੀ ਸੂਝ ਨੇ ਕੇ.ਪੀ. ਦਾ ਹੌਸਲਾ ਫਿਰ ਲੜਖੜਾਉਣ ਲਾ ਦਿੱਤਾ। (ਕੀੜੀਆਂ ਦੀ ਮੌਤ, ਪੰਨਾ 18)

'ਅਮਲਤਾਸ' ਦੀ ਸੁਰਜੀਤ ਤਾਂ ਇਸ ਸਭ ਦੀ ਮਿਸਾਲੀ ਪਾਤਰ ਹੈ। ਉਹ ਆਪਣੀ ਆਸਥਾ ਅਤੇ ਐਕਸ਼ਨ ਭਰੀ ਜ਼ਿੰਦਗੀ ਨਾਲ ਮਾਰੂਥਲਾਂ ਵਿਚ ਵੀ ਫੁੱਲ ਖਿੜਾਉਣ ਦੀ ਇੱਛਾ ਸ਼ਕਤੀ ਨਾਲ ਭਰੀ ਔਰਤ ਹੈ। 'ਮਸਾਜ਼' ਦੀ ਸੀਤਾ ਜ਼ਿੰਦਗੀ ਵਿਚ ਆਏ ਏਡੇ ਭਿਆਨਕ ਜਲਜਲੇ ਨੂੰ 'ਬਸ ਹੜ੍ਹ ਵਰਗਾ ਸੀ ਕੁਸ' ਕਹਿ ਕੇ ਆਪਣੇ ਨਾਲ-ਨਾਲ ਆਪਣੇ ਪਤੀ ਕੇ.ਪੀ. ਨੂੰ ਵੀ ਤਰਕ ਦਾ

ਆਸਰਾ ਦਿੰਦੀ ਹੈ। 'ਅਰਧ ਕੁੰਭ' ਦੀ ਔਰਤ ਪਾਤਰ, ਮਰਦ ਪਾਤਰ ਨਾਲ ਸਰੀਰਕ ਸੰਬੰਧ ਸਥਾਪਤ ਕਰਕੇ ਵੀ 'ਕੁਝ ਲੈਣ' ਨਾਲੋਂ 'ਕੁਝ ਦਿੱਤੇ' ਹੋਣ ਦੇ ਸਵੈ ਉਸਾਰੇ ਤਰਕ ਨਾਲ ਸਭ ਗੁਨਾਹਾਂ, ਪਾਪਾਂ ਤੋਂ ਮੁਕਤ ਹੋ ਜਾਂਦੀ ਹੈ। ਇਹ ਇਕ ਨਵੀਂ ਜੀਵਨ ਸ਼ੈਲੀ ਹੈ ਜਿਸ ਵਿਚ ਔਰਤ ਨੇ ਦੇਹ ਨਾਲ ਸੰਬੰਧਤ ਆਪਣੇ ਨਵੇਂ ਤਰਕ ਉਸਾਰਨੇ ਸ਼ੁਰੂ ਕਰ ਦਿੱਤੇ ਹਨ। ਇਸ ਤਰਕ ਨਾਲ ਹੀ ਰਿਸ਼ਤਿਆਂ ਦੀਆਂ ਸਮੀਕਰਣਾਂ ਨਵੇਂ ਸਿਰਿਓਂ ਟੁੱਟ-ਜੁੜ ਰਹੀਆਂ ਹਨ। 'ਆਈਸਕ੍ਰੀਮ' ਕਹਾਣੀ ਦੀ ਰਚਨਾ ਨੂੰ ਵਿਆਹੇ ਵਰ੍ਹੇ, ਬਾਲ ਬੱਚੇਦਾਰ ਆਪਣੇ ਪ੍ਰੋਫੈਸਰ ਨਾਲ ਮੁਹੱਬਤੀ ਸੰਬੰਧ ਸਿਰਜਣ ਵਿਚ ਕੋਈ ਗੁਨਾਂਹ ਜਾਂ ਅਪਰਾਧ ਬੋਧ ਮਹਿਸੂਸ ਨਹੀਂ ਹੋ ਰਿਹਾ। ਰਚਨਾ ਦੇ ਬੋਲ ਗੌਰ ਕਰਨ ਵਾਲੇ ਹਨ:-

"... ਤੁਸੀਂ ਮੈਰਿਡ ਹੋ, ਦੋ ਬੱਚੇ ਐ, ਸੋਡੀ ਮੇਰੇ ਨਾਲੋਂ ਡੇੜ ਗੁਣਾਂ ਵੱਧ ਉਮਰ ਐ, ਮੇਰੇ ਟੀਚਰ ਓ, ਆਲ ਰਾਈਟ ? ਦਿਸ ਡਜ਼-ਨਾਟ ਮੀਨ... ਆਈ ਕਾਂਅਟ ਮੇਕ ਲਵ, ਆਈ ਨੋ ਐਵਰੀ ਥਿੰਗ, ਬਟ ਆਈ ਵਾਂਟ ਟੂ ਨੋ ਔਨਲੀ ਦੈਟ ਯੂ ਆਰ ਮਾਈ ਲਵ।" (ਆਈਸਕ੍ਰੀਮ, ਪੰਨਾ 67)

ਇਹ ਇਕ ਵੱਖਰੀ ਬਹਿਸ ਦਾ ਵਿਸ਼ਾ ਹੈ ਕਿ ਇਹ ਸਭ ਮਰਦ ਕਹਾਣੀਕਾਰ ਕਾਰਣ ਵਾਪਰਿਆ ਹੈ ਜਾਂ ਸਥਿਤੀਆਂ ਦਾ ਸੱਚਮੁੱਚ ਇਹੀ ਸੱਚ ਹੈ।

ਜਿਸ ਜੀਵਨ ਸ਼ੈਲੀ ਨੂੰ ਬਲਦੇਵ ਧਾਲੀਵਾਲ ਆਪਣੀ ਸਿਰਜਣਾ ਦਾ ਸਰੋਕਾਰ ਬਣਾ ਰਿਹਾ ਹੈ ਉਹ ਸੁਪਨਿਆਂ ਦੇ ਤਲਿੱਸਮ ਨਾਲ ਭਰੀ ਹੋਈ ਜ਼ਿੰਦਗੀ ਹੈ। ਇਹ ਆਪਣੇ ਆਪ ਵਿਚ ਦਿਲਚਸਪ ਗੱਲ ਹੈ ਕਿ ਉਸਦੀਆਂ ਬਹੁਤੀਆਂ ਕਹਾਣੀਆਂ ਵਿਚ ਉਸਦੇ ਪਾਤਰ ਸੱਚਮੁੱਚ ਸੁਪਨਿਆਂ ਵਿਚ ਗੁਆਚਦੇ ਹਨ। ਇਹ ਸੁਪਨੇ ਇਕ ਜੁਗਤ ਵਾਂਗ ਉਸ ਦੀ ਕਥਾ ਨੂੰ ਅੱਗੇ ਵੀ ਤੋਰਦੇ ਹਨ ਅਤੇ ਪਾਤਰਾਂ ਦੀ ਮਾਨਸਿਕਤਾ ਵੀ ਬਿਆਨਦੇ ਹਨ। ਬਹੁਪਰਤੀ ਯਥਾਰਥ ਨੂੰ ਪਕੜਨ ਲਈ ਉਹ 'ਸ਼ਬਦ' ਜਾਂ 'ਵਾਕ ਸੰਗਲੀ' ਦੀ ਜੁਗਤ ਨਾਲ ਖਿੱਲਰੀਆਂ ਲੜੀਆਂ ਦੇ ਸਿਰੇ ਏਕ ਦੂਜੇ ਨਾਲ ਇਉਂ ਕਲਾਕਾਰੀ ਨਾਲ ਜੋੜਦਾ ਹੈ ਕਿ ਕਿਤੇ ਟਾਂਕਾ ਲੱਗਾ ਰੜਕਦਾ ਨਹੀਂ ਹੈ। ਇਸ ਨੂੰ ਬਹੁਤ ਹੀ ਗੌਹ ਨਾਲ ਲੱਭਣਾ ਪੈਂਦਾ ਹੈ। ਇਸ ਗੱਲ ਨੂੰ ਤੱਕਣਾ ਹੋਵੇ ਤਾਂ ਪਾਠਕ ਉਸਦੀ ਕਹਾਣੀ 'ਕਾਰਗਿਲ' ਨੂੰ ਵੇਖੇ। ਇਥੇ ਖਿੱਲਰੀਆਂ ਲੜੀਆਂ ਸਮਅਰਥੀ ਜਾਂ ਵਿਰੋਧਅਰਥੀ ਸ਼ਬਦ ਕੁੰਡਲਾਂ ਨਾਲ ਇਉਂ ਜੋੜੀਆਂ-ਬੀੜੀਆਂ ਹਨ ਕਿ ਉਸਦੀ ਕਲਾਕਾਰੀ ਤੇ ਰਸ਼ਕ ਆਉਂਦਾ ਹੈ। ਇਹ ਗੱਲ ਹੌਲੀ-ਹੌਲੀ ਸਮਝ ਪੈਂਦੀ ਹੈ ਕਿ ਜ਼ਿੰਦਗੀ ਦੇ ਰਣਤੱਤੇ ਵਿਚੋਂ ਭਾਜ ਖਾਣ ਵਾਲੇ ਦਾ ਨਾਮ ਉਸ ਨੇ 'ਰਣਬੀਰ, ਯੁੱਧ ਖੇਤਰ ਦਾ ਯੋਧਾਜ਼ ਕਿਉਂ ਰੱਖਿਆ ਹੈ। 'ਕੀੜੀਆਂ ਦੀ ਮੌਤ' ਦੇ ਪਾਤਰ ਨੂੰ ਕੇ.ਪੀ. ਕਹਿਣ ਦੀ ਜ਼ਰੂਰਤ ਕਿਉਂ ਪਈ। ਸਭ ਤਰ੍ਹਾਂ ਦੀਆਂ ਪਰਿਵਾਰਕ ਲਛਮਣ ਰੇਖਾਵਾਂ ਉਲੰਘਣ ਵਾਲਿਆਂ ਨੂੰ ਸੀਤਾ ਤੇ ਓਮ ਪ੍ਰਕਾਸ਼ ਕਿਉਂ ਕਹਿਣਾ ਪਿਆ। ਹੱਥੋਂ ਕਿਰ ਰਹੀ ਜ਼ਿੰਦਗੀ ਨੂੰ ਮੁੜ-ਮੁੜ ਸਾਂਭਣ ਵਾਲੀ 'ਅਮਲਤਾਸ' ਦੀ ਸੁਰਜੀਤ ਅਤੇ ਬੁਝ ਰਹੇ ਦੀਪਕ ਨੂੰ ਕੁਲਵੰਤ ਨਾਮਾਂ ਨਾਲ ਕਿਉਂ ਪੁਕਾਰਦਾ ਹੈ। ਉਸਦੀਆਂ ਕਹਾਣੀਆਂ ਦੇ ਨਾਮ ਅਤੇ ਕਿਤਾਬ ਦਾ ਨਾਮਕਰਣ ਵੀ ਨਵੀਂ ਜੀਵਨ ਸ਼ੈਲੀ ਦੇ ਫਲਸਫੇ ਅਨੁਸਾਰ ਹੈ। ਅਸਲ ਵਿਚ ਇਹ ਸਭ ਮਲਵਈ ਉਪਭਾਸ਼ਾ ਵਿਚ ਢਲ ਕੇ ਬਲਦੇਵ ਦਾ ਟਰੇਡ ਮਾਰਕ ਬਣ ਗਿਆ ਹੈ। ਮੈਨੂੰ ਰਸੂਲ ਹਮਜ਼ਾਤੋਵ ਦੀ ਗੱਲ ਚੇਤੇ ਆ ਰਹੀ ਹੈ ਕਿ 'ਜਿਸ ਲਿਖਤ ਵਿਚ ਲੇਖਕ ਦਾ ਚਿਹਰਾ-ਮੁਹਰਾ ਨਹੀਂ ਦਿਸਦਾ, ਉਹ ਬਿਨਾਂ ਸਵਾਰ ਦੇ ਘੋੜੇ ਵਾਂਗ ਹੈ, ਜਿਹੜਾ ਸੜਕ ਉੱਤੇ ਨੱਠਾ ਜਾ ਰਿਹਾ ਹੋਵੇ।'

'ਆਪਣੇ ਆਪਣੇ ਕਾਰਗਿਲ' ਵਿਚ ਬਲਦੇਵ ਸਿੰਘ ਧਾਲੀਵਾਲ ਆਪਣੀਆਂ ਕਹਾਣੀਆਂ ਦੇ ਉਸ ਘੋੜ ਸਵਾਰ ਵਾਂਗ ਸਾਹਮਣੇ ਆਇਆ ਹੈ ਜਿਸਨੂੰ ਪਤਾ ਹੈ ਕਿਥੋਂ, ਕਿੰਨੀ ਕੁ ਲਗਾਮ ਖਿੱਚਣੀ ਹੈ, ਕਿਥੇ ਅੱਡੀ ਲਾਉਣੀ ਹੈ, ਕਿਥੇ ਛੜੱਪਾ ਮਰਾਉਣਾ ਹੈ ਅਤੇ ਕਿਸ ਦਿਸ਼ਾ ਵੱਲ ਜਾਣਾ ਹੈ। ਨਵੇਂ ਰਾਹਾਂ 'ਤੇ ਤੁਰਦਿਆਂ ਵੀ ਉਹ ਭਟਕਦਾ ਨਹੀਂ ਹੈ। ਇਸ ਲਈ ਹੀ ਉਸਦੇ ਪਿਛਲੇ ਸਵਾਰ ਦੇ ਵੀ ਭਟਕਣ ਦੀ ਸੰਭਾਵਨਾ ਨਹੀਂ ਹੈ।



**ਨਵੀਆਂ ਪੁਸਤਕਾਂ**

## ਗ੍ਰੀਸ਼ਨ-ਰੋਮਨ ਦੇਵਤੇ/ਅਸ਼ੋਕ ਚਰਨ 'ਆਲਮਗੀਰ'

ਵਿਸ਼ਵ ਦਰਸ਼ਨ ਅਤੇ ਸਾਹਿਤ ਜਗਤ ਵਿੱਚ ਗ੍ਰੀਕ ਮਿੱਥ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਨੇ ਵਿਸ਼ਵ ਭਰ ਦੇ ਦਰਸ਼ਨ ਨੂੰ ਪ੍ਰਭਾਵਿਤ ਕੀਤਾ ਹੈ। ਪੱਛਮੀ ਦਰਸ਼ਨ ਦੇ ਆਧਾਰ ਗ੍ਰੀਕ ਮਿਥਿਹਾਸ ਵਿੱਚ ਪਏ ਹੋਏ ਹਨ। ਇਸ ਲਈ ਦਰਸ਼ਨ ਜੋ ਕਿ ਸਾਹਿਤ ਅਤੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ, ਨੂੰ ਸਮਝਣ ਲਈ ਗ੍ਰੀਕ ਮਿਥਿਹਾਸ ਦੀ ਜਾਣਕਾਰੀ ਹੋਣਾ ਇਸ ਕਾਰਜ ਨੂੰ ਸੌਖਾਲਾ ਕਰ ਦਿੰਦੀ ਹੈ। ਗ੍ਰੀਕ ਮਿਥਿਹਾਸ ਇੱਕ ਲੰਮੇ ਸਮੇਂ ਤੋਂ ਪੱਛਮੀ ਦਰਸ਼ਨ ਦੀ ਆਧਾਰਸ਼ਿਲਾ ਹੋਣ ਦੇ ਨਾਲ ਉਥੋਂ ਦੇ ਸਾਹਿਤ ਨੂੰ ਵੀ ਪ੍ਰਭਾਵਿਤ ਕਰਦਾ ਰਿਹਾ ਹੈ। 1819 ਵਿੱਚ ਪ੍ਰਸਿੱਧ ਅੰਗਰੇਜ਼ੀ ਕਵੀ ਪੀ. ਬੀ. ਸ਼ੈਲੀ ਨੇ ਹੈਲਾਸ ਨਾਮ ਦੀ ਕਵਿਤਾ ਵਿੱਚ ਇਹ ਗ੍ਰੀਕ ਇਤਿਹਾਸ ਦੇ ਪ੍ਰਭਾਵ ਨੂੰ ਪਛਾਣਦਿਆਂ ਕਿਹਾ ਹੈ ਕਿ ਗ੍ਰੀਸ਼ਨ ਸਭਿਆਚਾਰ ਨੂੰ ਪੱਛਮ ਨੇ ਏਨੀ ਤੀਬਰਤਾ ਨਾਲ ਸਨਮਾਨਿਆ ਤੇ ਸਤਿਕਾਰਿਆ ਹੈ ਕਿ ਉਹ ਪੱਛਮੀ ਮਾਨਸਿਕਤਾ ਦਾ ਅਟੁੱਟ ਅੰਗ ਹੋ ਨਿਬੜਿਆ ਹੈ। ਇਸੇ ਤਰ੍ਹਾਂ ਪੰਜਾਬੀ ਸਾਹਿਤ ਨੇ ਵੀ ਸਿੱਧੇ ਅਸਿੱਧੇ ਤੌਰ 'ਤੇ ਗ੍ਰੀਕ ਮਿਥਿਹਾਸ ਦੇ ਪ੍ਰਭਾਵ ਸਹਿਜੇ ਹੀ ਪਛਾਣੇ ਸਕਦੇ ਹਨ। ਗ੍ਰੀਕ ਯੋਧਿਆਂ ਦੀਆਂ ਕਹਾਣੀਆਂ ਪੰਜਾਬੀ ਸਾਹਿਤ ਵਿਚ ਲੰਮੇ ਸਮੇਂ ਤੋਂ ਪ੍ਰਚਲਿਤ ਹਨ, ਜਿਸ ਦੇ ਇਵਜ਼ ਵਿੱਚ ਭਾਸ਼ਾ ਵਿਭਾਗ ਨੇ ਦੋ ਮਹਾਂਕਾਵਿ 'ਇਲਿਆਡ' ਅਤੇ 'ਉਡੀਸੀ' ਵੀ ਅਨੁਵਾਦ ਕਰਵਾ ਕੇ ਛਾਪੇ ਸਨ ਜੋ ਕਿ ਪੰਜਾਬੀ ਸਾਹਿਤ ਜਗਤ ਲਈ ਲਾਹੇਵੰਦ ਸਾਬਤ ਹੋਏ। ਉਸ ਤੋਂ ਇੱਕ ਲੰਮੇ ਸਮੇਂ ਤੱਕ ਕੋਈ ਵੀ ਐਸੀ ਪੁਸਤਕ ਸਾਹਿਤ ਜਗਤ ਦੀ ਝੋਲੀ ਨਹੀਂ ਪਈ ਜੋ ਗ੍ਰੀਕ ਮਿਥਿਹਾਸ ਨਾਲ ਪੰਜਾਬੀ ਪਾਠਕਾਂ ਦੀ ਸਾਂਝ ਪਾ ਸਕੇ। ਇੱਕ ਲੰਮੀ ਉਡੀਕ ਤੋਂ ਬਾਅਦ ਅਸ਼ੋਕ ਚਰਨ 'ਆਲਮਗੀਰ' ਦੀ ਮਿਹਨਤ ਸਦਕਾ ਪੁਸਤਕ 'ਗ੍ਰੀਸਨ-ਰੋਮਨ ਦੇਵਤੇ' 2009 ਪੰਜਾਬੀ ਸਾਹਿਤ ਦੇ ਪਾਠਕਾਂ ਅਤੇ ਵਿਦਵਾਨਾਂ ਨੂੰ ਇਕ ਵੱਡਮੁੱਲੀ ਦੇਣ ਹੈ। ਇਸ ਵਿਚ ਆਮਲਗੀਰ ਨੇ ਗ੍ਰੀਕ ਇਤਿਹਾਸ ਵਿਚ ਆਏ ਯੋਧਿਆਂ ਅਤੇ ਹੋਰ ਦੇਵਤਿਆਂ ਦੀ ਬਹੁਤ ਹੀ ਸੁਚੱਜੇ ਢੰਗ ਨਾਲ ਜਾਣ ਪਛਾਣ ਕਰਵਾਈ ਹੈ। ਗ੍ਰੀਕ ਦੇਵਤਿਆਂ ਦੇ ਜੀਵਨ ਬਿਰਤਾਂਤ ਨਾਲ ਸਾਂਝ ਪਵਾਉਂਦਿਆਂ ਆਲਮਗੀਰ ਨੇ ਇਸ ਪੁਸਤਕ ਨੂੰ 27 ਕਾਂਡਾਂ ਵਿਚ ਵੰਡਿਆ ਗਿਆ ਹੈ। ਇਸ ਵਿਚ ਗ੍ਰੀਕ ਦੇਵਤੇ ➢✚☨↔ ਦੇ ਜਨਮ ਨਾਲ ਜੁੜੀਆਂ ਘਟਨਾਵਾਂ ਅਤੇ ਉਸ ਦੇ ਜਵਾਨ ਹੋਣਾ, ਆਕਾਸ਼ ਅਤੇ ਪਾਤਾਲ ਦੇ ਰਾਜ ਲਈ ਯੁੱਧ ਲੜਨਾ ਅਤੇ ਉਸ ਦੁਆਰਾ ਹੋਰ ਦੇਵਤਿਆਂ, ਯੋਧਿਆਂ ਅਤੇ ਨਾਇਕਾਂ ਨੂੰ ਦਿੱਤੇ ਵਰਦਾਨਾਂ ਨਾਲ ਸੰਬੰਧਤ ਘਟਨਾਵਾਂ ਨੂੰ ਗਾਲਪਨਿਕ ਜੁਗਤਾਂ ਰਾਹੀਂ ਬਹੁਤ ਰੌਚਕ ਬਣਾ ਕੇ ਪੇਸ਼ ਕੀਤਾ ਗਿਆ ਹੈ। ਬਿਰਤਾਂਤ ਨੂੰ ਰੌਚਕ ਅਤੇ ਲੋਕਮਾਨਸਿਕਤਾ ਪਹੁੰਚਾਉਣ ਦੇ ਨਿਮਿਤ ਪੰਜਾਬੀ ਮੁਹਾਵਰੇ ਦਾ ਯਥਾਸ਼ਕਤ ਪ੍ਰਯੋਗ ਕਰਨ ਦੇ ਨਾਲ-ਨਾਲ ਕੁਝ ਬਿਰਤਾਂਤ ਪੇਸ਼ ਕਰਨ ਲਈ ਕਵਿਤਾ ਦਾ ਸਹਾਰਾ ਲਿਆ ਗਿਆ ਹੈ ਜੋ ਕਿ ਲੇਖਕ ਦੀ ਕਾਵਿ ਪ੍ਰਤਿਭਾ ਨੂੰ ਉਜਾਗਰ ਕਰਦੀ ਹੈ। ਇਸ ਪੁਸਤਕ ਵਿੱਚ ➢✚☨↔ ਦੇ ਜੀਵਨ ਬਿਰਤਾਂਤ ਦੇ ਨਾਲ ਨਾਲ ♦✥↔✚←➢✚✪,←☛✥✡✚☨✩✚☨↔,1☛☨✚✡←↔,1✚✥♦♦✥8✚☛✡←↔,"✩✚↔✚☨↔8✚♦✚✪-5☛←↔, ®➢⮏↔↔✚☨↔,8✚☛✭☨♦✚↔ਅਤੇ✭▲↔☨3✥✡✡▲✪➢✡✚✪☨✩⮏●☨✚←☨✚☛ਆਦਿਦੇਵਤਿਆਂਦੇ ਜੀਵਨ ਤੋਂ ਜਾਣੂ ਕਰਵਾਇਆ ਗਿਆ ਹੈ। ਸੁੰਦਰਤਾ, ਖੁਸ਼ਹਾਲੀ, ਖੇੜੇ ਦੀਆਂ ਤਿੰਨ ਦੇਵੀਆਂ ਦੀਆਂ ਝਲਕਾਂ, ਕਾਵਿ-ਕਲਾ ਵਿਗਿਆਨ ਦੀਆਂ ਦੇਵੀਆਂ, 7✥➢➢✚↔↔ ⊃✚↔☨✥▲,⊃✚↔☨▲⊃←☛-✥←✪↔ ਅਤੇ 2▲✷✷✩☨↔ ਦੇ ਕਵਿਤਾ ਵਿੱਚ ਬਿਰਤਾਂਤ ਰਚੇ ਗਏ ਹਨ। ਮੁਖ ਰੂਪ ਵਿੱਚ ਇਹ ਪੁਸਤਕ ਦੇਵਤੇ ➢✚☨↔ ਦੇ ਜੀਵਨ ਨੂੰ ਵਿਸਤ੍ਰਿਤ ਰੂਪ ਵਿੱਚ ਪੇਸ਼ ਕਰਦੀ ਹੈ। ➢✚☨↔ ਦੇਵਤਾ ਜਿਸ ਦੀਆਂ ਭਾਰਤੀ ਮਿਥਿਹਾਸ ਦੇ ਦੇਵਤੇ ਇੰਦੂ ਨਾਲ ਸਮਾਨਤਾਵਾਂ ਪਛਾਣੀਆਂ ਜਾ ਸਕਦੀਆਂ ਹਨ। ➢✚☨↔ ਜੋ

ਕਿ ਦੇਵਤਾ ਹੈ ਆਕਾਸ਼, ਪਾਤਾਲ ਅਤੇ ਹੇਡ ਦੇ ਇਲਾਕੇ ਦਾ, ਉਸ ਦੇ ਸੰਬੰਧ ਕਿਸ ਕਿਸ ਦੇਵਤੇ ਨਾਲ ਸਨ ਅਤੇ ਉਸ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਨੂੰ ਹੋਰ ਗ੍ਰੀਕ ਦੇਵਤਿਆਂ ਦੇ ਜੀਵਨ ਸੰਦਰਭ ਨਾਲ ਪੇਸ਼ ਕੀਤਾ ਹੈ। ਨਾਵਲ ਦੀ ਵਿਧਾ ਨੂੰ ਮੁੱਖ ਰੱਖਦਿਆਂ ਭਾਵੇਂ ਕਿ ਮੁੱਖ ਪਾਤਰ ➢✥🚹↔ ਹੀ ਹੈ ਪ੍ਰੰਤੂ ਜਿਵੇਂ ਜਿਵੇਂ ਬਿਰਤਾਂਤ ਅੱਗੇ ਵੱਧਦਾ ਹੈ ਹੋਰ ਦੇਵਤਿਆਂ ਦੇ ਜੀਵਨ ਵੱਖਰੀਆਂ ਕਹਾਣੀਆਂ ਦਾ ਰੂਪ ਲੈ ਕੇ ਸਾਹਮਣੇ ਆਉਣ ਲੱਗ ਪੈਂਦੇ ਹਨ। ਇਸ ਲਈ ਵਿਧਾਗਤ ਪੱਖ ਤੋਂ ਨਾਵਲ ਦਾ ਕਹਾਣੀ ਸੰਗ੍ਰਹਿ ਦਾ ਰੂਪ ਇਖਤਿਆਰ ਕਰ ਲੈਣ ਦੇ ਅੰਦਾਜ਼ ਤੇ ਵਿਚਾਰ ਕੀਤਾ ਜਾ ਸਕਦਾ ਹੈ।

**-ਕੁਲਦੀਪ ਸਿੰਘ ਢਿਲੋਂ**

## ਕਿਸ ਪਛਾਤਾ ਸੱਚ/ਰਾਜਿੰਦਰ ਕੌਰ

ਰਾਜਿੰਦਰ ਕੌਰ ਨੇ 'ਕਿਸ ਪਛਾਤਾ ਸੱਚ' ਪੁਸਤਕ ਦੇ ਮਾਧਿਅਮ ਰਾਹੀਂ ਆਪਣੇ ਦੋ ਨਾਵਲਾਂ 'ਤੇਰੇ ਲਈ ਨਹੀਂ' ਅਤੇ 'ਆ ਪਰਤ ਚਲੀਏ' ਨੂੰ ਪਾਠਕਾਂ ਸਾਹਵੇਂ ਰੱਖਿਆ ਹੈ।

"ਤੇਰੇ ਲਈ ਨਹੀਂ" ਨਾਵਲ ਬਣਦੇ ਟੁੱਟਦੇ ਰਿਸ਼ਤਿਆਂ ਦੀ ਦਾਸਤਾਨ ਹੈ। ਇਹ ਨਾਵਲ ਮਨੁੱਖੀ ਜੀਵਨ ਵਿਚਲੇ ਖਲਾਅ ਅਤੇ ਇਸ ਖਲਾਅ ਨੂੰ ਭਰਨ 'ਚ ਰਿਸ਼ਤਿਆਂ ਦੀ ਅਹਿਮ ਭੂਮਿਕਾ, ਰਿਸ਼ਤਿਆਂ ਦੇ ਬਣਨ ਟੁੱਟਣ ਤੇ ਟੁੱਟਣ ਬਣਨ ਦੇ ਫਲਸਰੂਪ ਮਨੁੱਖੀ ਜੀਵਨ ਵਿਚ ਆਉਣ ਵਾਲੇ ਉਤਰਾਅ-ਚੜਾਅ ਅਤੇ ਇਹਨਾਂ ਉਤਰਾਵਾਂ ਚੜ੍ਹਾਵਾਂ ਦੇ ਵਿਅਕਤੀ ਮਾਨਸਿਕਤਾ 'ਤੇ ਪੈਂਦੇ ਪ੍ਰਭਾਵਾਂ ਦੇ ਗੁੰਝਲਦਾਰ ਤਾਣੇ ਬਾਣੇ ਨੂੰ ਅਨੇਕਾਂ ਪਹਿਲੂਆਂ ਤੋਂ ਦੇਖਦਾ ਨਜ਼ਰ ਆਉਂਦਾ ਹੈ। ਇਸ ਨਾਵਲ ਵਿਚਲੀ ਮੁੱਖ ਪਾਤਰ ਸਵਾਤੀ ਆਪਣੀਆਂ ਪਰਿਵਾਰਕ ਪਰਸਥਿਤੀਆਂ ਵੱਸ ਬਚਪਨ ਤੋਂ ਹੀ ਇਕੱਲਤਾ ਅਤੇ ਖਲਾਅ ਦੀ ਸਥਿਤੀ ਹੰਢਾਉਂਦੀ ਹੈ। ਉਸਦੇ ਬਚਪਨ ਵਿਚ ਉਸ ਦੀ ਮਾਂ ਦੀ ਮੌਤ ਅਤੇ ਪਿਤਾ ਦੇ ਦੂਸਰੀ ਔਰਤ ਨਾਲ ਸੰਬੰਧ ਬਣਾਉਣ ਕਾਰਨ ਘਰ ਦੇ ਹਾਲਾਤ ਬਹੁਤ ਤੇਜ਼ੀ ਨਾਲ ਬਦਲਦੇ ਹਨ। ਇਹ ਬਦਲਦੀਆਂ ਪਰਸਥਿਤੀਆਂ ਨਾ ਕੇਵਲ ਸਵਾਤੀ ਬਲਕਿ ਉਸ ਦੀਆਂ ਭੈਣਾਂ ਮਾਲਾ, ਸੁਜਾਤਾ, ਅੰਜਲੀ ਦੇ ਜੀਵਨ ਵਿਚ ਵੀ ਉੱਥਲ/ਪੁੱਥਲ ਦਾ ਕਾਰਨ ਬਣਦੀਆਂ ਹਨ। ਲੇਖਿਕਾ ਸਵਾਤੀ ਦੇ ਜੀਵਨ ਵਿਚਲੇ ਉਤਰਾਵਾਂ-ਚੜ੍ਹਾਵਾਂ ਦੇ ਚਿਤਰਣ ਰਾਹੀਂ ਜ਼ਿੰਦਗੀ ਦੀ ਨਿਰੰਤਰਤਾ ਨੂੰ ਦਰਸਾਉਂਦੀ ਨਜ਼ਰ ਆਉਂਦੀ ਹੈ। ਸਵਾਤੀ ਦਾ ਆਪਣੀ ਇਕੱਲਤਾ ਅਤੇ ਖਲਾਅ ਨੂੰ ਵਿੱਦਿਆ ਨਾਲ ਭਰਨਾ ਸੰਕੇਤ ਕਰਦਾ ਹੈ ਕਿ ਜ਼ਿੰਦਗੀ ਵਿੱਚ ਕੋਈ ਰੁਝਾਨ ਹੋਵੇ, ਕੋਈ ਆਦਰਸ਼ ਹੋਵੇ ਤਾਂ ਇਕੱਲਤਾ ਦਾ ਅਹਿਸਾਸ ਨਹੀਂ ਹੁੰਦਾ। ਜ਼ਿੰਦਗੀ ਦੇ ਹਰ ਪੜਾਅ 'ਤੇ ਨਿਰਾਸ਼ਾ ਦਾ ਮਿਲਣਾ ਅਤੇ ਉਸ ਨਿਰਾਸ਼ਾ 'ਚੋਂ ਬਾਹਰ ਨਿਕਲਣ ਦਾ ਹੰਭਲਾ ਹੀ ਇਸ ਨਾਵਲ ਵਿਚਲੀ ਸਾਕਾਰਾਤਮਕ ਸੋਚ ਹੈ ਜੋ ਇਸਦੀ ਵਿਸ਼ੇਸ਼ ਪ੍ਰਾਪਤੀ ਵੀ ਹੈ। 'ਆ ਪਰਤ ਚੱਲੀਏ' ਨਾਵਲ ਮਨੁੱਖੀ ਰਿਸ਼ਤਿਆਂ ਵਿਚ ਆਈਆਂ ਤ੍ਰੇੜਾਂ ਅਤੇ ਉਹਨਾਂ ਤੋਂ ਪੈਦਾ ਹੋਈਆਂ ਉਲਝਣਾਂ ਬਾਰੇ ਹੈ। ਵਿਅਕਤੀ ਦੀਆਂ ਬਦਲਦੀਆਂ ਇੱਛਾਵਾਂ ਕਾਰਣ ਉਸਦੀ ਬਦਲਦੀ ਮਾਨਸਿਕਤਾ, ਮਨੁੱਖੀ ਰਿਸ਼ਤਿਆਂ 'ਚ ਆਉਣ ਵਾਲੀਆਂ ਤ੍ਰੇੜਾਂ ਦੀ ਪ੍ਰਮੁੱਖ ਵਜ੍ਹਾ ਬਣਦੀ ਹੈ। ਇਸ ਨਾਵਲ ਵਿਚ ਵੀ ਬਦਲਦੀਆਂ ਵਿਅਕਤੀਗਤ ਇੱਛਾਵਾਂ ਤਹਿਤ ਰਿਸ਼ਤਿਆਂ ਦੇ ਦਾਇਰੇ ਨੂੰ ਉਲੰਘਣ ਅਤੇ ਮੁੜ ਪਰਤਣ ਦੀ ਦਾਸਤਾਨ ਹੈ। ਇਸ ਨਾਵਲ ਵਿਚਲੇ ਮੁਖ ਪਾਤਰ ਅਮਨ ਦੇ ਵਿਆਹੁਤਾ ਹੋਣ ਦੇ ਬਾਵਜੂਦ ਦੂਸਰੀ ਲੜਕੀ ਅੰਜੂ ਦੇ ਨਜ਼ਦੀਕ ਆਉਣ ਅਤੇ ਆਪਣੀ ਪਤਨੀ ਨਾਲ ਕਿਸੇ ਵੀ ਕਿਸਮ ਦੇ ਸੰਬੰਧਾਂ ਨੂੰ ਝੁਠਲਾਉਣ ਨਾਲ ਉਹ ਖੁਦ ਮਾਨਸਿਕ ਉਲਝਣ ਦਾ ਸ਼ਿਕਾਰ ਹੋ ਜਾਂਦਾ ਹੈ। ਅਮਨ ਨੂੰ ਇਸ ਮਾਨਸਿਕ ਅਵਸਥਾ 'ਚੋਂ ਕੱਢਣ ਅਤੇ ਮੁੜ ਵਾਸਤਵਿਕਤਾ ਵੱਲ ਪਰਤਣ ਵਿਚ ਉਸ ਦਾ ਪਰਿਵਾਰ, ਦੋਸਤ ਅਤੇ ਬਦਲਦੇ ਹਾਲਾਤ ਅਹਿਮ ਭੂਮਿਕਾ ਨਿਭਾਉਂਦੇ ਹਨ। ਅਮਨ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਜੋ ਚੀਜ਼ ਉਸਦੀ ਪਹੁੰਚ ਤੋਂ ਦੂਰ ਹੈ, ਉਸ ਪਿਛੇ ਭਟਕਣ ਦੀ ਬਜਾਇ ਉਸ ਨੂੰ ਆਪਣੀ ਬੀਵੀ, ਆਪਣੇ ਪਰਿਵਾਰ ਨਾਲ ਖੁਸ਼ ਰਹਿਣਾ ਚਾਹੀਦਾ ਹੈ। ਇਹ ਨਾਵਲ ਮਨੁੱਖੀ ਭਟਕਣਾ ਨੂੰ ਜਨਮ ਦੇਣ ਵਾਲੀ ਦੋਚਿੱਤੀ, ਦੋਚਿੱਤੀ ਦੇ ਕਾਰਨਾਂ ਨੂੰ ਤਲਾਸ਼ਣ ਦੇ ਨਾਲ-ਨਾਲ ਉਚਿਤ ਮਾਰਗ 'ਤੇ ਚੱਲਣ ਵੱਲ ਸੰਕੇਤ ਕਰਦਾ ਹੈ। 'ਆ ਪਰਤ ਚੱਲੀਏ' ਨਾਵਲ ਦਾ ਬਿਰਤਾਂਤ ਅਨਯ ਪੁਰਖੀ ਹੈ। ਸਮੁੱਚੇ ਨਾਵਲੀ ਬਿਰਤਾਂਤ ਨੂੰ ਸੋਲ੍ਹਾਂ ਭਾਗਾਂ ਵਿਚ ਵੰਡਿਆ ਗਿਆ ਹੈ। 'ਤੇਰੇ ਲਈ ਨਹੀਂ' ਅਤੇ 'ਆ ਪਰਤੀ ਚੱਲੀਏ' ਦੋ ਮੁਖਤਲਿਫ਼ ਨਾਵਲ ਹੋਣ ਦੇ ਬਾਵਜੂਦ ਵਿਸ਼ੇ ਅਤੇ ਤਕਨੀਕ ਦੇ ਪੱਖੋਂ ਕੁਝ ਸਮਾਨਤਾਵਾਂ ਰੱਖਦੇ ਹਨ। ਇਹਨਾਂ ਦੋਵਾਂ ਨਾਵਲਾਂ ਦੀ ਕੇਂਦਰੀ ਧੁਰੀ ਮਨੁੱਖੀ ਰਿਸ਼ਤੇ ਹਨ ਤੇ ਇਸ ਧੁਰੀ ਦੁਆਲੇ ਘੁੰਮਦਿਆਂ, ਇਹ ਮਨੁੱਖੀ ਰਿਸ਼ਤਿਆਂ ਦੇ ਬਣਨ, ਸਵਰਣ, ਤਿੜਕਣ ਦੀ ਜਟਿਲ ਪ੍ਰਕਿਰਿਆ ਨੂੰ ਪ੍ਰਸਤੁਤ ਕਰਦੇ ਹਨ। ਦੋਵਾਂ ਨਾਵਲਾਂ ਦਾ ਬਿਰਤਾਂਤ ਅਨਯ ਪੁਰਖੀ ਹੈ ਅਤੇ ਜਿਸਦੀ ਉਸਾਰੀ ਲਈ ਲੇਖਿਕਾ ਨੇ ਸਰਲ, ਸਾਧਾਰਨ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ। ਜਟਿਲ ਮਨੁੱਖੀ ਮਾਨਸਿਕਤਾ ਦਾ ਸਰਲ ਪ੍ਰਸਤੁਤੀਕਰਣ 'ਕਿਸ ਪਛਾਤਾ ਸੱਚ' ਦੀ ਵਿਸ਼ੇਸ਼ ਪ੍ਰਾਪਤੀ ਹੈ।

**-ਮੇਘਾ ਸਲਵਾਨ**

## ਪੱਤ ਕੁਮਲਾ ਗਏ/ਅਵਤਾਰ ਸਿੰਘ ਬਿਲਿੰਗ

'ਪੱਤ ਕੁਮਲਾ ਗਏ' ਅਵਤਾਰ ਸਿੰਘ ਬਿਲਿੰਗ ਦਾ ਨਵਾਂ ਨਾਵਲ ਹੈ। ਇਸ ਤੋਂ ਪਹਿਲਾਂ ਉਸਦੇ ਤਿੰਨ ਨਾਵਲ ਅਤੇ ਤਿੰਨ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਪੰਜਾਬੀ ਗਲਪ ਦੇ ਖੇਤਰ ਵਿੱਚ ਉਹ ਇਕ ਅਜਿਹਾ ਸਮਰੱਥ ਗਲਪਕਾਰ ਹੈ ਜੋ ਪੇਂਡੂ ਜੀਵਨ ਦੇ ਯਥਾਰਥ ਦਾ ਹੂ-ਬ-ਹੂ ਬਿਰਤਾਂਤ ਪਾਠਕਾਂ ਦੀਆਂ ਅੱਖਾਂ ਸਾਹਮਣੇ ਸਾਕਾਰ ਕਰ ਦਿੰਦਾ ਹੈ। ਬੇਜ਼ਮੀਨੇ ਜਾਂ ਘੱਟ ਜ਼ਮੀਨ ਵਿਚ ਕਿਸਾਨ ਦੀ ਹੋਂਦ ਤੇ ਹੋਣੀ ਨਾਲ ਜੁੜੇ ਗੰਭੀਰ ਪ੍ਰਸ਼ਨ, ਬਿਲਿੰਗ ਆਪਣੇ ਗਲਪ ਰਾਹੀਂ ਇਸ ਤਰ੍ਹਾਂ ਪਾਠਕਾਂ ਸਨਮੁੱਖ ਰੱਖਦਾ ਹੈ ਕਿ ਕਿਤਾਬ ਦੀ 'ਅੰਨਦਾਤਾ' ਵਾਲੀ ਮਿੱਥ ਕਾਟੇ ਹੇਠ ਆ ਜਾਂਦੀ ਹੈ। ਇਸ 'ਅੰਨਦਾਤਾ' ਦੀ ਤਸਵੀਰ ਵੇਖਕੇ ਪਾਠਕ ਇਕਦਮ ਸਕਤੇ ਵਿਚ ਆ ਜਾਂਦਾ ਹੈ। ਇਹ ਕਿਸਾਨ 'ਅੰਨਦਾਤਾ' ਨਹੀਂ ਤੇ ਨਾ ਹੀ 'ਜੈ ਕਿਸਾਨ' ਵਾਲਾ ਕਿਸਾਨ ਹੈ ਸਗੋਂ ਉਹ ਤਾਂ ਤੰਗੀਆਂ, ਤੁਰਸ਼ੀਆਂ ਦਾ, ਬੈਂਕਾਂ ਦੇ ਕਰਜ਼ਿਆਂ ਦਾ ਸ਼ਿਕਾਰ ਕਿਸਾਨ ਹੈ, ਜਿਸਨੂੰ ਬੈਂਕਾਂ ਵਾਲੇ ਤੇ ਫਾਈਨਾਂਸ ਕੰਪਨੀਆਂ ਵਾਲੇ ਜੂੜੀ ਬੈਠੇ ਹਨ ਤਾਂ ਕਿ ਉਸਦੇ ਨੰਗੇ ਹੱਢਾਂ 'ਚੋਂ ਕਰਜ਼ਾ ਵਸੂਲ ਸਕਣ। ਤੇ ਉਹ ਅੰਨਦਾਤਾ ਅਜਿਹੀ ਜ਼ਿੰਦਗੀ ਨਾਲੋਂ ਸਲਫਾਸ ਖਾਣਾ ਬੇਹਤਰ ਸਮਝਦਾ ਹੈ, ਜੋ ਉਸਦੇ ਦੁੱਖਾਂ ਦੀ ਇਕੋ ਇਕ ਦਵਾ ਹੈ। ਨਾਵਲਕਾਰ ਦੀ ਖੂਬੀ ਇਹ ਹੈ ਕਿ ਉਸਨੇ ਕਿਸਾਨ ਦੇ ਦੁਆਲੇ ਸਾਰੇ ਪਿੰਡ ਦੀ ਬਣਤਰ ਦੀ ਬੁਣਤੀ ਕੀਤੀ ਹੈ। ਪੇਂਡੂ ਭਾਈਚਾਰਾ ਜਿਸ ਵਿਚ ਸਾਰੇ ਵਰਗ ਆਪੋ ਆਪਣੀਆਂ ਗਰਜਾਂ ਨੂੰ ਲੈ ਕੇ ਇਕਮੁੱਠ ਹਨ। ਪਰ ਫਿਰ ਵੀ ਉਨ੍ਹਾਂ 'ਚ ਵਖਰੇਵੇਂ ਦੀ ਇਕ ਲਕੀਰ ਹੈ। ਉੱਚ ਜਾਤਾਂ ਤੇ ਦਲਿਤਾਂ ਵਿਚ ਤੇ ਫਿਰ ਦਲਿਤਾਂ ਦੀ ਦਲਿਤਾਂ ਨਾਲ ਇਕ ਵਖਰੇਵੇਂ ਦੀ ਲਕੀਰ ਹੈ ਜੋ ਸਮਾਜ ਦੀ ਸਦਾ ਗਤੀਮਾਨਤਾ ਦੀ ਜਾਮਨੀ ਭਰਦੀ ਹੈ।

**-ਡਾ. ਜਗਦੀਪ ਸਿੰਘ**

## ਰੰਗ ਤਮਾਸ਼ਾ/ਕੁਲਦੀਪ ਸਿੰਘ ਬੇਦੀ

ਹਿੰਦ-ਪਾਕ ਦੀ ਪੱਤਰਕਾਰਾਂ ਦੀ ਇਕ ਟੋਲੀ ਵਿਚ ਪੰਜ ਮਰਦ-ਪੱਤਰਕਾਰਾਂ ਦੇ ਨਾਲ ਇਕ ਮੁਸਲਿਮ ਪਾਕਿਸਤਾਨੀ ਬੀਬੀ ਵੀ ਸ਼ਾਮਿਲ ਸੀ। ਵੀਹ ਬਾਈ ਦਿਨਾਂ ਦੇ ਇਸ ਟੂਰ ਵਿਚ

ਪੱਤਰਕਾਰਾਂ ਦੀ ਕਈ ਸੰਸਥਾਵਾਂ, ਸੰਗਠਨਾਂ ਨਾਲ ਮੁਲਾਕਾਤ ਕਰਵਾਈ ਗਈ, ਜਿਹੜੇ ਹਰੇਕ ਬੰਦੇ ਦੀ ਸਹਾਇਤਾ ਕਰਨ ਦਾ ਦਾਅਵਾ ਕਰਦੇ ਸਨ ਪਰ ਅਸਲ ਵਿੱਚ ਉਹ ਈਸਾਈ ਧਰਮ ਦੇ ਅਨੁਯਾਈਆਂ ਤੇ ਯੂਰਪੀਨਾਂ ਦੀ ਹੀ ਹਿੱਤ-ਸੰਭਾਲ ਕਰਦੇ ਸਨ। ਇਸ ਲੀਪਾਪੋਤੀ ਪਿੱਛੇ ਛੁਪੇ ਸਾਫਗੋਈ ਦੇ ਮਕਸਦ ਨੂੰ ਪੱਤਰਕਾਰਾਂ ਦੀ ਤਿੱਖੀ ਟੋਲੀ ਨੇ ਝੱਟ ਹੀ ਪਛਾਣ ਲਿਆ। ਪੱਤਰਕਾਰਾਂ ਨੂੰ ਮਹਿਮਾਨ ਬਣਾ ਕੇ ਸੱਦਣ ਪਿੱਛੇ ਵੀ ਮੁੱਖ ਮਕਸਦ ਗੋਗਲੂਆਂ ਤੋਂ ਮਿੱਟੀ ਲਾਉਣਾ ਸੀ ਤਾਂਕਿ ਇਹ ਮਹਿਮਾਨ ਪੱਤਰਕਾਰ ਆਪਣੇ ਦੇਸ਼ਾਂ ਵਿਚ ਅਮਰੀਕਾ ਦੀ ਸਾਫ ਤੇ ਬੇਦਾਗ ਤਸਵੀਰ ਨੂੰ ਪੇਸ਼ ਕਰਨ ਜੋ ਉਸ ਦੇ ਨੰਬਰ ਇਕ ਹੋਣ ਦੇ ਦਾਅਵੇ ਨੂੰ ਹੋਰ ਵੀ ਪੁਖਤਾ ਕਰਨ ਵਿੱਚ ਵਾਧਾ ਕਰੇ। ਖੈਰ, ਇਹ ਮਸਲਾ ਤਾਂ ਅਜਿਹਾ ਹੈ ਜੋ ਅਜੇ ਚੱਲ ਰਿਹਾ ਹੈ ਪਤਾ ਨਹੀਂ ਅਜੇ ਇਸ ਮਸਲੇ ਨੇ ਕੀ-ਕੀ ਰੂਪ ਬਣਾ ਕੇ, ਕਿਹੜੇ ਹਾਲਾਤਾਂ ਵਿੱਚ ਸਾਹਮਣੇ ਆਉਣਾ ਹੈ। ਪਰ ਇਸ ਚਲੰਤ ਮਸਲੇ ਨਾਲ ਨਾਵਲਕਾਰ ਨੇ ਇਕ ਪ੍ਰੇਮ ਕਹਾਣੀ ਜੋੜ ਕੇ ਇਸ ਨੂੰ ਦਿਲਚਸਪ ਤੇ ਰੌਮਾਂਚਕ ਬਣਾ ਦਿੱਤਾ। ਪ੍ਰੇਮ ਕਹਾਣੀ ਵੀ ਸਿੱਖ ਪੱਤਰਕਾਰ ਅਵਿਨਾਸ਼ ਤੇ ਪਾਕਿਸਤਾਨੀ ਜਮੀਲਾ ਬਾਨੋ ਵਿਚਕਾਰ। ਅਮਰੀਕੀ ਮਸਲਾ ਤਾਂ ਅਜੇ ਜਾਰੀ ਹੈ ਤੇ ਜਾਰੀ ਰਹੇਗਾ ਪਰ ਨਾਵਲਕਾਰ ਨੇ ਪ੍ਰੇਮ ਕਹਾਣੀ ਨੂੰ ਜ਼ਰੂਰ ਸਿਰੇ ਚਾੜ੍ਹ ਦਿੱਤਾ, ਕਿਉਂਕਿ ਇਹ ਉਸ ਦੇ ਆਪਣੇ ਹੱਥ ਵੀ ਸੀ ਤੇ ਵੱਸ ਵੀ ਸੀ।

9/11 ਮਗਰੋਂ ਦੇ ਮਸਲੇ ਜਿੰਨੇ ਯਥਾਰਥ ਹਨ, ਇਹ ਪ੍ਰੇਮ ਕਹਾਣੀ ਵੀ ਓਨੀ ਹੀ ਯਥਾਰਥਕ ਜਾਪਦੀ ਹੈ। ਪਿਆਰ ਧਰਮ, ਜਾਤੀ, ਉਮਰ, ਸਰਹੱਦ ਕਿਸੇ ਦਾ ਮੁਹਤਾਜ ਨਹੀਂ, ਇਹ ਸਮੇਂ-ਸਥਾਨ ਸਥਿਤੀ ਨੂੰ ਆਪਣੇ ਵੱਸ ਕਰਨ ਦੀ ਯੋਗਤਾ ਰੱਖਦਾ ਹੈ। ਪਿਆਰ ਦੇ ਇਸੀ ਸਦੀਵੀ ਸਰੂਪ ਨੂੰ ਨਾਵਲਕਾਰ ਪੇਸ਼ ਕਰਦਾ ਹੈ। ਉਸ ਨੇ ਆਪ ਹੀ ਕਿਹਾ ਹੈ ਕਿ, "ਇਸ ਨੂੰ ਸਫਰਨਾਮਾ ਵੀ ਕਿਹਾ ਜਾ ਸਕਦਾ ਹੈ ਤੇ ਨਾਵਲ ਵੀ। ਉਹ ਦੋਵੇਂ ਪ੍ਰਤੀਕ੍ਰਿਆਵਾਂ ਲਈ ਤਿਆਰ ਹੈ।"

ਮੇਰੇ ਵਿਚਾਰ ਵਿੱਚ, ਰੋਮਾਂਸ, ਰੌਚਕਤਾ ਤੇ ਕਹਾਣੀ ਕਾਰਣ ਇਸ ਵਿੱਚ ਨਾਵਲੀ ਖੂਬੀਆਂ ਜ਼ਿਆਦਾ ਹਨ। ਭਾਵੇਂ ਇਹ ਅਮਰੀਕਾ ਦੇ ਤਿੰਨ ਪ੍ਰਮੁੱਖ ਸ਼ਹਿਰਾਂ, ਅਨੇਕ ਸੰਸਥਾਵਾਂ, ਥਾਵਾਂ ਬਾਰੇ ਵੱਡਮੁੱਲੀ ਜਾਣਕਾਰੀ ਵੀ ਦੇਂਦਾ ਹੈ। ਅਜਿਹੀ ਜਾਣਕਾਰੀ ਤਾਂ ਪਤ੍ਰਿਕਾਵਾਂ, ਇੰਟਰਨੈਟ ਆਦਿ ਕਿਤੋਂ ਵੀ ਹਾਸਿਲ ਕੀਤੀ ਜਾ ਸਕਦੀ ਹੈ, ਪਰ ਇਸ ਸਫਰ ਦੌਰਾਨ ਉਪਜੀ, ਪੁੰਗਰੀ ਤੇ ਵਿਕਸਿਤ ਹੋਈ ਪਿਆਰ ਕਹਾਣੀ ਉਸ ਜਾਣਕਾਰੀ ਵਿਚੋਂ ਨਹੀਂ ਲੱਭੀ ਜਾ ਸਕਦੀ।

ਇਕ ਨਵੀਨ ਤੇ ਚਲੰਤ ਵਿਸ਼ੇ ਜਿਸ ਨੇ ਸਾਰੀ ਦੁਨੀਆਂ ਨੂੰ ਪ੍ਰਭਾਵਿਤ ਕੀਤਾ ਹੈ, ਉਸ ਨੂੰ ਆਧਾਰ ਬਣਾ ਕੇ ਨਾਵਲ ਲਿਖਣਾ ਇਕ ਚੰਗਾ ਪ੍ਰਯਾਸ ਹੈ।

**-ਜਸਵਿੰਦਰ ਕੌਰ ਬਿੰਦਰਾ**

## ਅਜਾਇਬ ਕਮਲ/ਸ਼ੀਸ਼ੇ ਤੇ ਚਿਹਰੇ

ਨਾਵਲ 'ਸ਼ੀਸ਼ੇ ਤੇ ਚਿਹਰੇ' ਇਕ ਅਜਿਹੇ ਚਿਤਰਕਾਰ ਦੀ ਕਹਾਣੀ ਹੈ, ਜੋ ਅਫਰੀਕਾ ਮਹਾਂਦੀਪ ਦੇ ਖੁੱਲ੍ਹ-ਖੁਲਾਸੇ ਸਭਿਆਚਾਰ ਵਿਚ ਪਰਵਾਸੀ ਬਣਕੇ ਪਹੁੰਚਦਾ ਹੈ ਤੇ ਉਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਉਸ ਨੂੰ ਉਥੋਂ ਦੇ ਖੁੱਲ੍ਹੇ ਮਾਹੌਲ ਵਿਚ ਆਨੰਦ ਆਉਂਦਾ ਹੈ, ਖੁੱਲ੍ਹੇ ਕਾਮ ਸੰਬੰਧ ਉਸਦੀ ਸਿਰਜਣਸ਼ੀਲਤਾ ਨੂੰ ਨਵੇਂ ਆਯਾਮ ਪ੍ਰਦਾਨ ਕਰਦੇ ਹਨ। ਉਹ ਆਪਣੇ ਸੰਪਰਕ ਵਿਚ ਆਈਆਂ ਅਫਰੀਕਨ ਕਾਲੀਆਂ ਸੁੰਦਰੀਆਂ ਦੇ ਦਿਲਕਸ਼ 'ਨਿਊਡ' ਬਣਾਉਂਦਾ ਹੈ, ਜਿਨ੍ਹਾਂ ਵਿੱਚ ਇਕ ਰੋਮ ਦੀ ਈਸਾਈ ਜੁਆਨ ਸਾਧਵੀ ਦਾ ਵੀ ਨਿਊਡ ਹੈ, ਜੋ ਆਪਣੇ ਕਾਲੇ ਚਿੱਟੇ ਬੁਰਕਿਆਂ ਤੇ ਧਰਮ ਦੇ ਕੱਟੜ ਬੰਧਨਾਂ ਤੋਂ ਤੰਗ ਆਈ ਹੁੰਦੀ ਹੈ। ਖੁਦ ਚਿਤਰਕਾਰ ਵੀ ਧਰਮ ਦੇ ਦੰਭ ਨੂੰ ਭੰਡਦਾ ਹੋਇਆ, ਭਾਰਤ ਦੇ ਸਭਿਆਚਾਰ ਦੀਆਂ ਬੰਦ ਤੇ ਘੁਟਣ ਭਰੀਆਂ ਵਲਗਣਾਂ ਵਾਲੇ ਚਿੱਤਰ ਦੇ ਪਾਜ ਉਘੇੜਦਾ, ਉਸਨੂੰ ਨਫਰਤ ਕਰਦਾ ਹੈ। ਉਸਦੀ ਸਿਰਜਣਸ਼ੀਲਤਾ ਦਾ ਸਿਖਰ ਉਦੋਂ ਹੁੰਦਾ ਹੈ, ਜਦੋਂ ਉਹ ਮੁੰਬਾਸੇ ਸ਼ਹਿਰ ਵਿਚ ਆਪਣੇ ਇਕ ਦੋਸਤ ਰਾਹੀਂ ਉਥੋਂ ਦੀ ਇਕ ਵੇਸਵਾ ਤਾਹਿਰਾ ਨਾਲ ਮੁਲਾਕਾਤ ਕਰਦਾ ਹੈ। ਉਹ ਉਸ ਉਪਰ ਏਨਾ ਪ੍ਰਭਾਵ ਪਾਉਂਦੀ ਹੈ ਕਿ ਉਸਦੇ ਅੰਦਰ ਦੱਬੀਆਂ ਪਈਆਂ ਸਿਰਜਣਾ ਦੀਆਂ ਅਸੀਮ ਸੰਭਾਵਨਾਵਾਂ ਉਜਾਗਰ ਹੋ ਜਾਂਦੀਆਂ ਹਨ ਤੇ ਉਹ ਇਕ ਨੁਮਾਇਸ਼ ਜੋਗੇ ਚਿਤਰ ਬਣਾ ਦਿੰਦਾ ਹੈ। ਇਸ ਦਾ ਸਿਹਰਾ ਉਹ ਤਾਹਿਰਾ ਸਿਰ ਬੰਨ੍ਹ ਕੇ ਚਿਤਰ ਪ੍ਰਦਰਸ਼ਨੀ ਦਾ ਉਦਘਾਟਨ ਵੀ ਉਸੇ ਤੋਂ ਕਰਵਾਉਂਦਾ ਹੈ। ਨਾਵਲ ਦੀ ਇਕ ਵਿਸ਼ੇਸ਼ ਖੂਬੀ ਇਹ ਹੈ ਕਿ ਇਸ ਰਾਹੀਂ ਪਾਠਕ ਅਫਰੀਕੀ ਮਹਾਂਦੀਪ ਦੇ ਇਕ ਵਿਸ਼ੇਸ਼ ਸਭਿਆਚਾਰ ਨਾਲ ਤੇ ਉਥੋਂ ਦੇ ਇਲਾਕਿਆਂ ਨਾਲ ਭਲੀ ਭਾਂਤ ਸਾਂਝ ਸਥਾਪਤ ਕਰ ਲੈਂਦਾ ਹੈ। ਇਸ ਦੇ ਨਾਲ ਹੀ ਉਥੋਂ ਦੇ ਲੋਕਾਂ ਦੀਆਂ ਲਿੰਗ ਸੰਬੰਧਾਂ ਪ੍ਰਤਿ ਉਦਾਰ ਮਾਨਤਾਵਾਂ ਤੇ ਵਿਆਹਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਲੇਖਕ ਵੀ ਉਨ੍ਹਾਂ ਦੀ ਇਸ ਉਦਾਰਤਾ ਦਾ ਭਰਪੂਰ ਸਮਰਥਣ ਕਰਦਾ ਹੋਇਆ, ਭਾਰਤੀ ਲੋਕਾਂ ਦੇ ਲਿੰਗ ਸੰਬੰਧਾਂ ਪ੍ਰਤਿ ਨਜ਼ਰੀਏ ਦੀ ਖਿੱਲੀ ਉਡਾਉਂਦਾ ਹੈ। ਇਸ ਤੋਂ ਇਲਾਵਾ ਨਾਵਲਕਾਰ ਸਿਧਾਂਤਕ ਭਾਸ਼ਨ ਵੀ ਧੱਕੇ ਨਾਲ ਪਾਠਕਾਂ ਨੂੰ ਸੁਣਾਉਂਦਾ ਹੈ। ਈਸਾਈ ਸਾਧਵੀ ਤੇ ਵੇਸਵਾ ਤਾਹਿਰਾ, ਅਫਰੀਕ ਸੁੰਦਰੀ ਮਾਰਥਾ ਦੀਆਂ ਗੱਲਾਂ ਸੁਣ ਕੇ ਉਹ ਅੱਸ਼-ਅੱਸ਼ ਕਰ ਉੱਠਦਾ ਹੈ ਤੇ ਉਨ੍ਹਾਂ ਨੂੰ ਜਿੰਦਾਬਾਦ ਤੇ ਸਲਾਮਾਂ ਕਰਦਾ ਨਹੀਂ ਥੱਕਦਾ। ਕਿਤੇ-ਕਿਤੇ ਦੂਸਰੇ ਪੁਰਖ ਵਿਚ ਚੱਲਦਾ ਨਾਵਲ ਉੱਤਮ ਪੁਰਖ ਵਿਚ ਤਬਦੀਲ ਹੋ ਜਾਂਦਾ ਹੈ। ਨਾਵਲਕਾਰ ਨੇ ਵਿਚ-ਵਿਚ ਪਰੰਪਰਾ ਤੋਂ ਹਟ ਕੇ ਪ੍ਰਯੋਗ ਵੀ ਕੀਤੇ ਹਨ, ਜਿਵੇਂ ਕਾਂਡ ਨੌਂ ਤੋਂ ਬਾਅਦ ਆਪਣੇ ਇਕ ਦੋਸਤ 'ਗੁਰਚਰਨ ਦੀ ਕਥਾ ਵਾਰਤਾ' ਨੂੰ ਪੇਸ਼ ਕੀਤਾ ਹੈ। ਕਾਂਡ ਸਤਾਰ੍ਹਾਂ ਵਿਚ ਫਲੈਸ਼ ਬੈਕ ਦੇ ਸਿਰਲੇਖ ਹੇਠ ਈਸਾਈ ਸਾਧਵੀ ਬਾਰੇ ਗੱਲ ਕਰਨ ਲੱਗ ਪੈਂਦਾ ਹੈ ਤੇ ਫਿਰ 'ਝਾਕੀ ਬਦਲ' ਸਿਰਲੇਖ ਦੇ ਕੇ ਆਪਣੀ ਕਹਾਣੀ ਸ਼ੁਰੂ ਕਰ ਦੇਂਦਾ ਹੈ। ਆਖਰ ਤੇ ਅੰਤਿਕਾ ਦੇ ਕੇ ਪੋਸਟ ਸਕ੍ਰਿਪਟ ਵੀ ਦਿੱਤੀ ਹੈ। ਉਪਰੋਕਤ ਸਭ ਦੇ ਬਾਵਜੂਦ ਨਾਵਲ ਪੜ੍ਹਨਯੋਗ ਹੈ। ਅਫਰੀਕਨ ਸੁੰਦਰੀਆਂ ਨਾਲ ਬੀਤਾਈਆਂ ਰਾਤਾਂ ਦੇ ਮੰਜਰ ਕਾਫੀ ਤਰਦੱਦ ਨਾਲ ਲਿਖੇ ਗਏ ਹਨ।

**-ਡਾ. ਜਗਦੀਪ ਸਿੰਘ**

## ਤਮਾਸ਼ਾ/ਕੇ.ਐਲ.ਗਰਗ

ਕੇ. ਐਲ. ਗਰਗ ਇਕ ਵਿਅੰਗਕਾਰ ਹੈ। ਉਸਦੇ ਬਹੁਤ ਸਾਰੇ ਨਾਵਲ ਤੇ ਕਹਾਣੀ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ, ਜਿਨ੍ਹਾਂ ਦੀ ਮੂਲ ਸੁਰ ਵਿਅੰਗਾਤਮਕ ਹੈ। ਵਿਅੰਗ ਸਾਹਿਤ ਦਾ ਇਕ ਅਜਿਹਾ ਕਾਰਗਰ ਹਥਿਆਰ ਹੈ ਜਿਸ ਰਾਹੀਂ ਵਿਅੰਗਕਾਰ ਸਮਾਜ ਦੇ ਅਨੈਤਿਕ ਤੇ ਅਮਾਨਵੀ ਵਿਹਾਰ ਨੂੰ ਸ਼ਰੇਆਮ ਨੰਗਾ ਕਰਦਾ ਜਾਂਦਾ ਹੈ। ਇਸ ਤਰ੍ਹਾਂ ਸਾਹਿਤਕਾਰ ਸਮਾਜ ਦੇ ਕੁਹਜ ਨੂੰ ਸ਼ੀਸ਼ੇ ਵਿਚ ਦੀ ਵਿਖਾ ਕੇ ਉਸ ਨੂੰ ਚੇਤਨ ਕਰਨ ਦਾ ਹੰਭਲਾ ਮਾਰਦਾ ਹੈ। ਉਸਦੇ ਯਤਨ ਕਿੰਨੇ ਕੁ ਸਫਲ ਹੁੰਦੇ ਹਨ ਉਹ ਸਮਾਜਕ ਕਿਰਦਾਰ 'ਤੇ ਨਿਰਭਰ ਹੁੰਦਾ ਹੈ। ਪਰ ਚੰਗਾ ਸਾਹਿਤਕਾਰ ਆਪਣੇ ਯਤਨ ਜਾਰੀ ਰੱਖਦਾ ਹੈ।

ਹੱਥਲਾ ਨਾਵਲ 'ਤਮਾਸ਼ਾ' ਗਰਗ ਦਾ ਛੇਵਾਂ ਨਾਵਲ ਹੈ। ਇਹ ਵੀ ਉਸਦੇ ਬਾਕੀ ਨਾਵਲਾਂ ਵਾਂਗ ਵਿਅੰਗ-ਨਾਵਲ ਹੈ। ਬਾਈ ਕਾਂਡਾਂ ਵਿਚ ਫੈਲੇ ਇਸ ਨਾਵਲ ਵਿਚ ਜਗਤ ਤਮਾਸ਼ੇ ਦੇ ਇਕ ਵਿਸ਼ੇਸ਼ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਨਾਵਲ ਦਾ ਕੇਂਦਰ-ਬਿੰਦੂ ਇਕ ਅਵਾਰਾ ਗਾਂ ਹੈ ਜੋ ਚਾਰੇ ਖੁਣੋਂ ਘਰੋਂ ਕੱਢ ਦਿੱਤੀ ਜਾਂਦੀ ਹੈ ਤੇ ਉਸਦੀ ਮੌਤ ਤੇ ਧਰਮ ਦੇ ਠੇਕੇਦਾਰ ਕਿਸ ਤਰ੍ਹਾਂ ਪ੍ਰਚੰਡ ਰਚਦੇ ਤੇ ਦੰਗੇ

ਭੜਕਾਉਂਦੇ ਹਨ, ਇਹ ਵੇਰਵੇ ਨਾਵਲ ਦੇ ਆਰ-ਪਾਰ ਫੈਲੇ ਹੋਏ ਹਨ। ਇਸਦੇ ਸਮਰੂਪ ਅਤ੍ਰਿਪਤ ਖਾਹਸ਼ਾਂ ਨਾਲ ਕਮਲੀ ਹੋਈ ਇਕ ਮਾਂ ਹੈ ਜੋ ਇਲਾਜ ਖੁਣੋਂ ਘਰੋਂ ਕੱਢ ਕੇ ਹਰਿਦੁਆਰ ਰੁਲਣ ਲਈ ਭੇਜ ਦਿੱਤੀ ਜਾਂਦੀ ਹੈ। ਸਮੇਂ ਤੇ ਸਥਾਨ ਦੇ ਪ੍ਰਸੰਗ ਵਿਚ ਗਾਂ ਤੇ ਮਾਂ ਦੋਵੇਂ ਬੰਦੇ ਲਈ ਬੇਮੁਆਫੀ ਹਨ, ਬੇ-ਫਾਇਦਾ। ਤੇ ਅੱਜ ਦੇ ਬੰਦੇ ਦੀ ਨਜ਼ਰ ਹਰ ਸਮੇਂ, ਹਰ ਥਾਂ ਤੇ ਫਾਇਦੇ ਦੀ ਤੱਕੜੀ ਵਿਚ ਝੂਲਦੀ ਹੈ। ਉਸ ਲਈ ਰਿਸ਼ਤਾ ਉਦੋਂ ਤੱਕ ਹੈ ਜਦੋਂ ਤੱਕ ਫਾਇਦਾ ਹੈ, ਉਸਤੋਂ ਬਾਅਦ ਉਹ ਮੋਹ-ਵਿਹੂਣਾ ਤੇ ਬੇਅਰਥ ਹੈ।

ਇਹ ਨਾਵਲ ਤੁਹਾਨੂੰ ਕਿਸੇ ਕਲਪਨਾ ਲੋਕ 'ਚ ਨਹੀਂ ਪਹੁੰਚਾਉਂਦਾ ਤੇ ਨਾ ਹੀ ਅਜਿਹੇ ਲੋਕ 'ਚ ਜਿਥੇ ਇਸ਼ਤਿਹਾਰਾਂ 'ਚ ਭਾਰਤ ਨੂੰ 'ਮੇਰਾ ਭਾਰਤ ਮਹਾਨ' ਕਹਿ ਕੇ ਵਡਿਆਇਆ ਜਾਂਦਾ ਹੈ। ਇਹ ਨਾਵਲ ਤੁਹਾਨੂੰ ਇਸੇ ਲੋਕ 'ਚ ਰੱਖਦਾ ਹੈ, ਜਿਥੇ ਦੇਸ਼ ਦੇ ਹਰ ਸ਼ਹਿਰ, ਕਸਬੇ ਤੇ ਪਿੰਡ ਵਿਚ ਅਵਾਰਾ ਡੰਗਰਾਂ ਦੀ ਭਰਮਾਰ ਹੈ ਤੇ ਵਿਚ ਵਿਚ ਗਊ ਮਾਤਾ ਵੀ ਹੈ। ਨਾਵਲ ਵਿਚਲੇ ਰਾਜਨੀਤੀ ਖੇਡਦੇ ਪਾਤਰ ਜੋ ਰੋਜ਼ ਤੁਹਾਡੇ ਆਲੇ ਦੁਆਲੇ ਘੁੰਮਦੇ ਹਨ, ਇਹੋ ਪਾਤਰ ਸਮਾਜ ਦੇ ਰੰਗ ਮੰਚ ਉਤੇ ਗਾਂ ਨੂੰ ਕਾਮਧੇਨੂ ਕਹਿਕੇ ਵਡਿਆਉਂਦੇ ਹਨ ਤੇ ਫਿਰ ਇਸਦੇ ਨਾਂ ਤੇ ਦੰਗੇ ਕਰਵਾਉਂਦੇ ਹਨ। ਪਾਠਕ ਇਸ ਨਾਵਲ ਨੂੰ ਪੜ੍ਹ ਕੇ ਕੁਝ ਕੁ ਵਿਚਾਰਵਾਨ ਬਣ ਸਕਣ ਤਾਂ ਨਾਵਲਕਾਰ ਦਾ ਯਤਨ ਸਾਰਥਿਕ ਹੈ।

**ਡਾ. ਜਗਦੀਪ ਸਿੰਘ**

## ਸੰਤਾਪ/ਸ਼ਮਸ਼ੇਰ ਸਿੰਘ ਡੂਮੇਵਾਲ

ਸ਼ਮਸ਼ੇਰ ਸਿੰਘ ਡੂਮੇਵਾਲ ਨੇ ਇਸ ਨਾਵਲ ਵਿਚ 1984 ਦੇ ਸਾਕਾ ਨੀਲਾ ਤਾਰਾ ਦੇ ਇਤਿਹਾਸ ਦੁਖਾਂਤ ਨੂੰ ਪੇਸ਼ ਕੀਤਾ ਹੈ। ਨਾਵਲਕਾਰ ਨੇ ਇਸ ਸਾਕੇ ਦੇ ਵਾਪਰਨ ਪਿੱਛੇ ਕਾਰਜ ਕਰਦੇ ਕਾਰਣਾਂ ਨੂੰ ਇਤਿਹਾਸਕ, ਰਾਜਨੀਤਕ, ਸਮਾਜਿਕ ਅਤੇ ਸਾਹਿਤਕ ਪਰਿਪੇਖਾਂ ਅਧੀਨ ਮੌਲਿਕਤਾ ਨਾਲ ਸੰਚਾਰਿਆ ਹੈ। ਲੇਖਕ ਦੀ ਕਲਮ ਰਾਜਨੀਤਕ ਬਗਾਵਤ ਕਰਦੀ ਕਿਤੇ ਵੀ ਥਿੜਕਦੀ ਨਹੀਂ। ਅਜੋਕੇ ਸਮੇਂ ਵਿਚ ਬਹੁਤੇ ਲੇਖਕ ਜਿਥੇ ਵਿਸ਼ਵੀਕਰਨ, ਪੂੰਜੀਵਾਦ ਤੇ ਮਨੁੱਖੀ ਮਨ ਦੀਆਂ ਅੰਦਰੂਨੀ ਤੰਦਾਂ ਨੂੰ ਆਪਣੀ ਕਲਮ ਰਾਹੀਂ ਪੇਸ਼ ਕਰ ਰਹੇ ਹਨ ਉਥੇ ਡੂਮੇਵਾਲ ਸਮਕਾਲੀ ਲੇਖਕਾਂ ਦਾ ਪਿਛਲੱਗ ਨਾ ਹੋ ਕੇ ਪਾਠਕਾਂ ਨੂੰ ਮੁੜ ਇਤਿਹਾਸਕ ਦੁਖਾਂਤ ਦਾ ਅਹਿਸਾਸ ਕਰਵਾਉਂਦਾ ਪ੍ਰਤੀਤ ਹੁੰਦਾ ਹੈ। 'ਸੰਤਾਪ' ਨਾਵਲ ਦੇ ਪਹਿਲੇ ਕਾਂਡ ਤੋਂ ਹੀ 1984 ਦੇ ਦੰਗਿਆਂ ਪਿਛੇ ਦਿੱਲੀ ਸਰਕਾਰ ਦੀਆਂ ਕੂਟਨੀਤੀਆਂ ਦੀ ਨਿਸ਼ਾਨਦੇਹੀ ਕੀਤੀ ਹੈ। ਨਾਵਲਕਾਰ ਨੇ ਇਸ ਦੁਖਾਂਤ ਦਾ ਪੰਜਾਬ ਅਤੇ ਦਿੱਲੀ ਵਿਚ ਇਨਸਾਨੀਅਤ ਦੇ ਘਾਣ ਦਾ ਜੀਵੰਤ ਸਰੂਪ ਉਘਾੜਿਆ ਹੈ। ਸਾਰਾ ਨਾਵਲ ਨਾਇਕਾ ਜਸਪ੍ਰੀਤ ਅਤੇ ਨਾਇਕ ਜਗਤਾਰ ਦੇ ਆਦਰਸ਼ ਪਿਆਰ ਦਾ ਪ੍ਰਗਟਾਵਾ ਕਰਦਾ ਹੈ। ਜਸਪ੍ਰੀਤ ਪਾਤਰ ਰਾਹੀਂ ਲੇਖਕ ਨੇ ਸਿੱਖ ਧਰਮ ਵਿਚ ਔਰਤ ਦੇ ਬਹਾਦਰ ਸਰੂਪ ਨੂੰ ਉਘਾੜਦਿਆਂ ਨਾਰੀ ਦੇ ਸ਼ਕਤੀਵਾਨ ਹੋਣ ਦੇ ਪ੍ਰਮਾਣ ਦਿੱਤੇ ਹਨ। ਨਾਵਲ ਵਿਚ ਹੋਇਆ ਮਾਨਵਤਾ ਦਾ ਘਾਣ ਪਾਠਕ ਦੀ ਰੂਹ ਨੂੰ ਝੰਜੋੜ ਦਿੰਦਾ ਹੈ। ਨਾਵਲ ਵਿਚ ਲੇਖਕ ਨੇ ਪੁਲਿਸ ਦੇ ਦੰਭ ਨੂੰ ਉਘਾੜਿਆ ਹੈ ਜੋ ਚੰਦ ਫੀਤੀਆਂ ਖਾਤਰ ਨਿਰਦੋਸ਼ ਸਿੱਖਾਂ ਦਾ ਕਤਲ ਕਰਕੇ ਆਪਣੀ ਤਰੱਕੀ ਦੇ ਜਸ਼ਨ ਮਨਾਉਂਦੇ ਸਨ। ਨਾਵਲ ਵਿੱਚ ਪੁਲਿਸ ਕਰਮਚਾਰੀਆਂ ਅਤੇ ਫਿਰ ਸਿਧਾਂਤਹੀਣ ਨੌਜਵਾਨਾਂ ਦੁਆਰਾ ਗਰੀਬਾਂ ਦੀ ਲੁੱਟ, ਆਪਸੀ ਵੈਰ ਦੀ ਭਾਵਨਾ ਅਧੀਨ ਕਤੇਲਆਮ ਹੁੰਦੇ ਪਰਿਵਾਰ ਤੇ ਔਰਤਾਂ ਨਾਲ ਹੁੰਦੀ ਬੇਪਤੀ ਨੂੰ ਦਰਸਾਇਆ ਹੈ। 'ਅੰਤਿਕਾਵਾਂ' ਸਿਰਲੇਖ ਅਧੀਨ ਲੇਖਕ ਨੇ ਪੰਜਾਬ ਦੇ ਨੇਤਾਵਾਂ ਦੀਆਂ ਦੰਭੀ ਚਾਲਾਂ ਨੂੰ ਉਘਾੜਿਆ ਹੈ ਜਿਹੜੇ ਆਪਣੀਆਂ ਕੁਰਸੀਆਂ ਖਾਤਰ ਜਨਤਾ ਵਿਚਕਾਰ ਧੜੇ ਸਥਾਪਿਤ ਕਰਦੇ ਹਨ ਤੇ ਕੁਰਸੀ



'ਤੇ ਬੈਠਣ ਉਪਰੰਤ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਭੁੱਲ ਜਾਂਦੇ ਹਨ। ਨਾਵਲ ਵਿੱਚ ਅੰਮ੍ਰਿਤਸਰ, ਕਦੀਵਿੰਡ, ਮੁੰਗੇਆਣੇ ਤੇ ਦਿੱਲੀ ਸ਼ਹਿਰ ਵਿਚ ਹੋਏ ਕਤਲੇਆਮ ਨੂੰ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਨਾਵਲ ਵਿਚ ਇਕ ਦਹਾਕੇ (1982-1992) ਦੇ ਸਮੇਂ ਨੂੰ ਦਰਸਾਇਆ ਹੈ। ਨਾਵਲ ਪੜ੍ਹਦਿਆਂ ਪਾਠਕ ਪਾਠ ਵਿਚ ਲੁਪਤ ਹੋ ਜਾਂਦਾ ਹੈ। ਨਾਵਲ ਦਾ ਸ਼ਬਦ-ਸ਼ਬਦ ਪੰਜਾਬ ਵਿਚ ਵਾਪਰੇ ਨੀਲੇ ਤਾਰੇ ਦੇ ਸੰਤਾਪ ਦੀ ਵਿਥਿਆ ਸੁਣਾਉਂਦਾ ਹੈ। ਇਹ ਨਾਵਲ ਪੰਜਾਬੀ ਗਲਪ ਜਗਤ ਵਿੱਚ ਮੁੱਲਵਾਨ ਹੈ।

**-ਪਰਮਜੀਤ ਕੌਰ**

## ਵਿਚ ਵਿਚਾਲੇ/ਨਿੰਦਰ ਗਿੱਲ

ਨਿੰਦਰ ਗਿੱਲ ਦਾ ਨਵੀਨ ਨਾਵਲ 'ਵਿਚ ਵਿਚਾਲੇ' ਸਵੀਡਨ ਦੀ ਜ਼ਿੰਦਗੀ ਉੱਤੇ ਆਧਾਰਿਤ ਹੈ ਤੇ ਉਥੋਂ ਦੀ ਕਮਿਊਨਿਸਟ ਵਿਚਾਰਧਾਰਾ ਉੱਤੇ ਡੂੰਘੀ ਝਾਤ ਪਵਾਉਂਦਾ ਹੈ। ਭਾਰਤ ਤੋਂ ਵਿਆਹ ਮਗਰੋਂ ਸਵੀਡਨ ਗਿਆ ਪ੍ਰੀਤਮ ਆਪਣੀ ਪਤਨੀ ਤੇ ਉਸ ਦੇ ਪਰਿਵਾਰ ਨਾਲ ਕਿਧਰੇ ਵੀ ਐਨਾ ਨਹੀਂ ਜੁੜ ਪਾਉਂਦਾ, ਜਿੰਨਾ ਕਿ ਅਨੀਕਾ ਤੇ ਉਸ ਦੀ ਵਿਚਾਰਧਾਰਕ ਗੱਲਾਂ ਤੇ ਸੁਸਾਇਟੀਆਂ ਨਾਲ। ਪੰਜਾਬ ਵਿੱਚ ਰਹਿੰਦਿਆਂ ਹੀ ਆਪਣੇ ਵਿਦਿਆਰਥੀ ਜੀਵਨ ਵਿਚ ਕਮਿਊਨਿਸਟ ਵਿਚਾਰਧਾਰਾ ਨਾਲ ਜੁੜੇ ਹੋਣ ਕਾਰਨ ਸਵੀਡਨ ਪਹੁੰਚ ਕੇ ਵੀ ਪ੍ਰੀਤਮ ਅਣਜਾਣੇ ਲੋਕਾਂ ਵਿਚੋਂ ਆਪਣੇ ਵਿਚਾਰਧਾਰਾਈ ਪਰਿਪੇਖ ਨੂੰ ਲੱਭ ਹੀ ਲੈਂਦਾ ਹੈ ਤੇ ਉਨ੍ਹਾਂ ਰਾਹੀਂ ਉਹ ਜਾਣਦਾ ਹੈ ਕਿ ਦੁਨੀਆਂ ਵਿੱਚ ਪੂੰਜੀਵਾਦੀ ਸ਼ਕਤੀਆਂ ਤੋਂ ਇਲਾਵਾ ਸਮਾਜਵਾਦੀ ਤੇ ਕਮਿਊਨਿਸਟੀ ਸ਼ਕਤੀਆਂ ਵੀ ਦੁਨੀਆਂ ਦੇ ਖੁਸ਼ਹਾਲ ਤੇ ਇਕ ਹੋ ਜਾਣ ਵਿੱਚ ਰੁਕਾਵਟਾਂ ਪੈਦਾ ਕਰਦੀਆਂ ਹੀ ਰਹਿੰਦੀਆਂ ਹਨ। ਹਰ ਪਾਰਟੀ ਦੇ ਅੰਦਰ ਅਨੇਕ ਗੁੱਟ ਤੇ ਮਤ ਸ਼ਾਮਿਲ ਹਨ ਤੇ ਅੰਦਰੋਂ ਹੀ ਅੰਦਰ ਇਨ੍ਹਾਂ ਵਿਚ ਕਾਫੀ ਖਿਚੋਤਾਣ ਤੇ ਵਿਰੋਧਾਭਾਸ ਚਲਦਾ ਹੀ ਰਹਿੰਦੀ ਹੈ। ਸਵੀਡਨ ਦੀ ਕਮਿਊਨਿਸਟ ਪਾਰਟੀ ਆਪਣੇ ਸਮਾਜਵਾਦ ਤੇ ਸਾਮਵਾਦ ਦੇ ਦਾਅਵਿਆਂ ਦੇ ਬਾਵਜੂਦ ਯੂਰਪ ਦੀਆਂ ਬਾਕੀ ਸਮਾਜਵਾਦੀ ਤੇ ਕਮਿਊਨਿਸਟ ਪਾਰਟੀਆਂ ਨਾਲ ਤਾਲਮੇਲ ਨਹੀਂ ਬਣਾਉਂਦੀ।

ਅਸਲ ਵਿੱਚ ਇਕ ਹੀ ਵਿਚਾਰਧਾਰਾ ਨਾਲ ਜੁੜੇ ਹੋਣ ਦੇ ਬਾਵਜੂਦ ਅੰਦਰ ਖਾਤੇ ਹਰ ਵਿਚਾਰਧਾਰਾ ਵਿੱਚ ਐਨੇ ਵਿਰੋਧਾਭਾਸ ਮੌਜੂਦ ਹੁੰਦੇ ਹਨ ਕਿ ਉਸ ਵਿਚਾਰਧਾਰਾ ਨੂੰ ਵਿਗਸਣ ਲਈ ਐਨਾ ਵਿਰੋਧ ਬਾਹਰੀ ਤੌਰ ਤੇ ਨਹੀਂ ਸਹਿਣਾ ਪੈਂਦਾ ਜਿੰਨਾ ਕਿ ਅੰਦਰੂਨੀ ਸਹਿਣਾ ਪੈਂਦਾ ਹੈ, ਇਸੇ ਕਰਕੇ ਯੂਰਪ ਦੇ ਕਈ ਦੇਸ਼ਾਂ ਤੇ ਰੂਸ ਵਿਚੋਂ ਸਮਾਜਵਾਦੀ ਸਰਕਾਰਾਂ ਮੂੰਹ ਭਾਰ ਡਿੱਗ ਪਈਆਂ। ਉਂਝ ਤਾਂ ਚੀਨ ਵਿਚ ਵੀ ਮਾਓਵਾਦੀਆਂ ਨਾਲ ਮਾੜਾ ਸਲੂਕ ਹੀ ਹੁੰਦਾ ਹੈ ਤੇ ਹੁਣ ਇਹ ਮਾਓਵਾਦ ਨੇਪਾਲ ਤੇ ਭਾਰਤ ਦੇ ਕੁਝ ਸੂਬਿਆਂ ਤੇ ਇਲਾਕਿਆਂ ਵਿੱਚ ਆਪਣੀ ਮਸ਼ਾਲ ਚੁੱਕੀ ਫਿਰਦਾ ਹੈ। ਵਿਚਾਰਧਾਰਾ ਕੋਈ ਵੀ ਹੋਵੇ, ਉਸ ਦੇ ਸਮਰਥਕਾਂ ਵਿੱਚ ਲੜਾਈ ਸਦਾ ਸੱਤਾ ਹਥਿਆਉਣ ਦੀ ਹੀ ਰਹਿੰਦੀ ਹੈ, ਜਿਸ ਕਾਰਣ ਅੰਦਰੂਨੀ ਵਿਰੋਧਾਂ ਨੂੰ ਝੱਲਣਾ ਪੈਂਦਾ ਹੈ ਤੇ ਇਸੇ ਕਾਰਣ ਸੋਵੀਅਤ ਰੂਸ ਦਾ ਖਾਤਮਾ ਹੋਇਆ।

ਅਨੀਕਾ ਜਿਹੇ ਪਾਤਰ ਬਹੁਤ ਘੱਟ ਮਿਲਦੇ ਹਨ ਜੋ ਦਿਲੋ ਦਿਮਾਗ ਤੋਂ ਸਮਵੇਤ ਦੁਨੀਆਂ ਤੇ ਖੁਸ਼ਹਾਲ ਦੁਨੀਆਂ ਦਾ ਸੁਪਨਾ ਵੇਖਦੇ ਹਨ ਤੇ ਤਨ-ਮਨ ਧਨ ਨਾਲ ਇਸ ਪਿੱਛੇ ਸਮਰਪਿਤ ਹੋ ਕੇ ਆਪਣੀ ਜਾਨ ਵੀ ਗੁਆ ਬਹਿੰਦੇ ਹਨ।

ਨਾਵਲਕਾਰ ਨੇ ਪ੍ਰੀਤਮ ਤੇ ਅਨੀਕਾ ਜਿਹੇ ਕੇਂਦਰੀ ਪਾਤਰਾਂ ਰਾਹੀਂ ਬਹੁਤ ਕੁਝ ਕਹਿਣ ਦਾ ਯਤਨ ਕੀਤਾ ਹੈ। ਉਸ ਨੇ ਇਨ੍ਹਾਂ ਦੋਵਾਂ ਨੂੰ ਸਿਰਫ ਇਸਤਰੀ-ਮਰਦ ਦੇ ਰੂਪ ਵਿੱਚ ਚਿਤ੍ਰਿਤ ਨਹੀਂ ਕੀਤਾ ਸਗੋਂ ਇਨਸਾਨੀ ਹੋਂਦਾਂ ਤੇ ਉਨ੍ਹਾਂ ਦੇ ਆਪਸੀ ਰਿਸ਼ਤੇ ਨੂੰ ਦੋਸਤੀ, ਪਿਆਰ, ਵਿਸ਼ਵਾਸ ਨਾਲ

ਉਭਾਰਿਆ ਹੈ। ਇਸਤਰੀ-ਮਰਦ ਨੂੰ ਜਿਸਮੀ ਰਿਸ਼ਤੇ ਤੋਂ ਪਰ੍ਹੇ ਖੁੱਲ੍ਹੇ ਪਾਸਾਰਾਂ ਵਿੱਚ ਵਿਚਰਣ ਦੇ ਨਵੀਨ ਅਰਥ ਪ੍ਰਦਾਨ ਕੀਤੇ ਹਨ।

ਅਨੀਕਾ, ਪ੍ਰੀਤਮ ਨੂੰ ਸਵੀਡਨ ਦੀ ਬਾਹਰੀ ਯੂਰੋਪੀਅਨ ਚਮਕ-ਦਮਕ ਦੀ ਥਾਂ ਉਸ ਦੇ ਅੰਦਰੂਨੀ ਹਿੱਸਿਆਂ ਨਾਲ ਜਾਣੂ ਕਰਵਾਉਂਦੀ ਹੈ ਜਿਥੇ ਉਸ ਨੂੰ ਭਾਂਤ-ਭਾਂਤ ਦੇ ਪਹਿਰਾਵੇ, ਬੋਲੀਆਂ ਤੇ ਇਲਾਕਿਆਂ ਵਿੱਚ ਰਹਿਣ ਵਾਲਿਆਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ। ਕੋਈ ਕੁਦਰਤ ਰਾਹੀਂ, ਕੋਈ ਬੁੱਧ ਧਰਮ ਰਾਹੀਂ, ਕੋਈ ਗਾਂਧੀ ਦੇ ਅਹਿੰਸਾਵਾਦ ਰਾਹੀਂ ਖੁਸ਼ਹਾਲ ਦੁਨੀਆਂ ਨੂੰ ਵੇਖਣਾ ਚਾਹੁੰਦੇ ਹਨ ਤੇ ਕਿਤੇ ਕਿਤੇ 'ਕ੍ਰਿਸ਼ਨ ਭਗਵਾਨ' ਦੇ ਨਾਂ ਤੇ ਲੋਟੂ ਸੰਸਥਾ ਤੇ ਮੰਦਰ ਨਿਰਮਿਤ ਹੋਏ ਹਨ। ਜਦਕਿ ਅਮਰੀਕਾ ਜਿਹੇ ਨਿਰਸਵਾਰਥ ਲੋਕਾਂ ਦੀ ਸੋਚ ਹੈ ਕਿ ਗਰਾਸ ਰੂਟ ਤੋਂ ਹੀ ਲੋਕਾਂ ਨੂੰ ਇਸ ਵਿਚਾਰਧਾਰਾ ਪ੍ਰਤੀ ਜਾਗ੍ਰਤ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਨੂੰ ਐਜੂਕੇਟ ਤੇ ਸੰਗਠਿਤ ਕਰਨ ਦੀ ਲੋੜ ਹੈ ਤਾਂ ਹੀ ਇਸ ਕੰਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਪਰ ਸਵਾਲ ਤਾਂ ਇਹ ਉੱਠਦਾ ਹੈ ਕਿ ਅਨੀਕਾ ਜਿਹੀ ਨਿਰਸਵਾਰਥ ਸੋਚ ਤੇ ਤਨ-ਮਨ ਤੋਂ ਸਮਰਪਿਤ ਲੋਕ ਹਨ ਕਿੰਨੇ ਕੁ ?

ਨਾਵਲ ਪ੍ਰੀਤਮ ਤੇ ਉਸ ਦੀ ਪਤਨੀ ਵਿਚਾਲੇ ਤਨਾਉ ਨੂੰ ਵੀ ਦਰਸਾਉਂਦਾ ਹੈ। ਦੋਵੇਂ ਇਕ ਦੂਸਰੇ ਤੋਂ ਉਲਟ ਤੇ ਖਿਚੇ-ਖਿਚੇ ਰਹਿੰਦੇ ਹਨ। ਬੱਚੇ ਸੰਬੰਧੀ ਦੋਵਾਂ ਦਾ ਆਪਸੀ ਸਰੀਰਕ ਸੰਬੰਧ ਵੀ ਭੋਗ-ਲਾਲਸਾ ਦੀ ਥਾਂ ਸਜ਼ਾ ਤੇ ਬੈੱਡ ਵਧੇਰੇ ਬਣ ਜਾਂਦਾ ਹੈ। ਨਾਵਲਕਾਰ ਕਈ ਥਾਵਾਂ ਤੇ ਬੜੇ ਸਪੱਸ਼ਟ ਸ਼ਬਦਾਂ ਵਿੱਚ ਸਰੀਰਕ ਸੰਬੰਧਾਂ ਬਾਬਤ ਚਰਚਾ ਕਰਦਾ ਹੈ। ਇਸ ਬਾਰੇ ਥੋੜ੍ਹਾ ਸੁਚੇਤ ਹੋਣਾ ਚਾਹੀਦਾ ਹੈ, ਕਿਉਂਕਿ ਨਾਵਲ ਘਰਾਂ ਵਿੱਚ ਹੁੰਦੇ ਹਨ ਤੇ ਕਾਲਜਾਂ ਦੇ ਕੋਰਸਾਂ ਵਿੱਚ ਵੀ ਲੱਗਦੇ ਹਨ। ਪਤੀ ਪਤਨੀ ਦੇ ਆਪਸੀ ਰਿਸ਼ਤੇ ਵਿੱਚ ਨਿਘ, ਪਿਆਰ ਨਾ ਹੋਣ ਤੇ ਇਹ ਸੈਕਸ ਸੰਬੰਧ ਨਿਭਾਉਣਾ ਵੀ ਭਾਰੂ ਹੋ ਜਾਂਦਾ ਹੈ।

ਸਵੀਡਨ ਤੋਂ ਬਗੈਰ ਕੁਝ ਹਾਸਿਲ ਕੀਤੇ ਜਦੋਂ ਪ੍ਰੀਤਮ ਆਪਣੀ ਛੁੱਟੀ ਪੂਰੀ ਹੋਣ ਮਗਰੋਂ ਸਵਦੇਸ ਮੁੜਦਾ ਹੈ ਤਾਂ ਛੋਟੀ ਜਿਹੀ ਖਾਨਾਪੂਰਤੀ ਨਾ ਹੋਣ ਦੇ ਇਵਜ਼ ਵਿੱਚ ਸਰਕਾਰੀ ਨੌਕਰੀ ਤੋਂ ਹੱਥ ਧੋਣਾ ਪੈਂਦਾ ਹੈ। ਇਕ ਪ੍ਰਾਈਵੇਟ ਕਾਲਜ ਵਿੱਚ ਬਹੁਤ ਘੱਟ ਤਨਖਾਹ 'ਤੇ ਪੜ੍ਹਾਉਣਾ ਮੰਜ਼ੂਰ ਕਰਨਾ ਪੈਂਦਾ ਹੈ। ਇਥੇ ਵੀ ਡਰ ਹੀ ਲੱਗਾ ਰਹਿੰਦਾ ਹੈ। ਪਤਨੀ ਨਾਲ ਤਲਾਕ ਤੇ ਹੋਰ ਭੱਜ ਦੌੜ ਨਾਲ ਅਨੀਕਾ ਦੀ ਮੌਤ ਦੀ ਖਤ ਰਾਹੀਂ ਮਿਲੀ ਖ਼ਬਰ ਉਸ ਨੂੰ ਹੋਰ ਵੀ ਤੋੜ ਜਾਂਦੀ ਹੈ। ਗੱਲ ਕੋਈ ਨਹੀਂ ਸਿਰ੍ਹੇ ਨਹੀਂ ਚੜ੍ਹਦੀ, ਨਾ ਵਿਆਹ ਨਾ ਬੱਚਾ, ਨਾ ਦੋਸਤੀ ਨਾ ਨੌਕਰੀ..। ਸਭ ਵਿਚ ਵਿਚਾਲੇ ਤੇ ਅਧੂਰੇ ਹੀ ਰਹਿ ਜਾਂਦੇ ਹਨ।

**-ਜਸਵਿੰਦਰ ਕੌਰ ਬਿੰਦਰਾ**

## ਮਨ ਕੀ ਬਿਰਥਾ/ਚੰਦਨ ਨੇਗੀ

ਕਾਫੀ ਅਰਸੇ ਬਾਅਦ ਚੰਦਨ ਨੇਗੀ ਦਾ ਨਵਾਂ ਨਾਵਲ 'ਮਨ ਕੀ ਬਿਰਥਾ' ਪੜ੍ਹਨ ਨੂੰ ਮਿਲਿਆ। ਹਾਲਾਂਕਿ ਇਸ ਨਾਵਲ ਵਿੱਚ ਚੰਦਨ ਨੇਗੀ ਨੇ ਇਹ ਪ੍ਰਯੋਗ ਜ਼ਰੂਰ ਕੀਤਾ ਹੈ ਕਿ ਉਹ ਇਕੋ ਹੀ ਵੇਲੇ ਪਾਤਰ ਨੂੰ ਭੂਤ-ਵਰਤਮਾਨ ਨੂੰ ਭੋਗਦੇ ਸਿਰਜਦੀ ਹੈ। ਵਿਕਰਮ ਜਿਸਨੇ ਜਵਾਨੀ ਵੇਲੇ ਫੌਜੀ ਬਣਨ ਨੂੰ ਤਰਜੀਹ ਦਿੱਤੀ, ਪ੍ਰੰਤੂ ਛੇਤੀ ਹੀ ਭਾਰਤ-ਪਾਕ ਜੰਗ ਕਾਰਣ ਉਸ ਦਾ ਮਨ ਅੰਦਰੋਂ ਹੀ ਅੰਦਰ ਜੰਗ ਦੀ ਭਿਆਨਕ ਵੇਖ ਸਿਹਰ ਉਠਿਆ। ਇਸੇ ਕਰਕੇ ਉਹ ਫੌਜ ਛੱਡ ਪ੍ਰਵਾਸ ਲਈ ਅਹੁਲਣ ਲੱਗਾ। ਕਈ ਸਾਲਾਂ ਦੀ ਜਦੋ-ਜਹਿਦ, ਨੱਸ ਭੱਜ, ਜਾਇਜ਼ ਨਜਾਇਜ਼ ਤਰੀਕੇ ਨਾਲ ਉਹ ਅਮਰੀਕਾ ਜਾ ਪੁੱਜਾ। ਅਮਰੀਕਾ ਵਿੱਚ ਵੀਹ ਵਰ੍ਹੇ ਬਿਤਾ, ਆਪਣੀ ਇਕ ਇੱਜ਼ਤਦਾਰ ਪੁਜੀਸ਼ਨ



ਮਗਰੋਂ ਭਾਰਤ ਆਪਣੀ ਭੈਣ ਨੂੰ ਮਿਲਣ ਆਇਆ। ਹੁਣ ਇਥੋਂ ਨਿਊਯਾਰਕ ਜਾਣ ਦੀ ਯਾਤਰਾ ਸਵੇਰ ਸਾਰ ਅਰੰਭ ਕਰਦੇ ਹੀ ਉਹ ਆਪਣੀ ਜੀਵਨ ਯਾਤਰਾ ਦਾ ਸਫਰਨਾਮਾ ਫਰੋਲਣ ਲੱਗਾ। ਹਵਾਈ ਯਾਤਰਾ ਵਿੱਚ ਸਫਰ ਕਰਕੇ ਲੱਗਦੇ ਝਟਕੇ, ਨਕਲੀ ਮੁਸਕਰਾਹਟ, ਕੁਦਰਤ ਦੇ ਸੁੰਦਰ ਨਜ਼ਾਰੇ, ਸਾਥੀ ਦਾ ਅਭਾਵ ਆਦਿ ਜੋ ਕੁਝ ਵੀ ਵੇਖਦਾ, ਉਸੇ ਹਿਸਾਬ ਨਾਲ ਆਪਣੇ ਬੀਤੀ ਨੂੰ ਵੀ ਪਰਖੀ ਜਾਂਦਾ। ਜੀਵਨ ਵਿੱਚ ਤਿੰਨ ਕੁੜੀਆਂ ਦੀ ਆਮਦ ਹੋਣ ਦੇ ਬਾਵਜੂਦ ਉਹ ਸਾਰੀ ਉਮਰ ਇਕੱਲਾ ਰਿਹਾ। ਸ਼ੀਰੀਨ ਜਿਹੀ ਮਦਮਸਤ, ਆਜ਼ਾਦ ਕੁੜੀ ਦਾ ਸਾਥ ਉਸ ਨੂੰ ਵਾਸਨਾ ਦੇ ਵੇਗ ਵਿੱਚ ਵਹਾਕੇ ਹਮੇਸ਼ਾ ਆਪਣੇ ਨਾਲ ਲੈ ਜਾਂਦਾ ਰਿਹਾ, ਪ੍ਰੰਤੂ ਉਹ ਇਹ ਵੀ ਜਾਣਦਾ ਸੀ ਕਿ ਸ਼ੀਰੀਨ ਚੰਗੀ ਜੀਵਨ ਸਾਥਣ ਨਹੀਂ ਬਣ ਸਕੇਗੀ ਜਦਕਿ ਸੀਤਲ ਜਿਹੀ ਘਰੇਲੂ, ਉਸ ਨੂੰ ਦਿਲੋਂ ਪਿਆਰ ਕਰਨ ਵਾਲੀ ਕੁੜੀ ਹੀ ਉਸਦੀ ਜੀਵਨ ਸੰਗਿਨੀ ਬਣਨ ਦੇ ਯੋਗ ਹੈ। ਇਸ ਸੰਬੰਧ ਵਿੱਚ ਪਹਿਲ ਤੇ ਦਲੇਰੀ ਸੀਤਲ ਨੇ ਹੀ ਵਿਖਾਈ, ਲੱਗਾ ਵਿਕਰਮ ਨੇ ਜਿਵੇਂ ਸਿਰਫ ਉਸ ਦਾ ਸਾਥ ਦਿੱਤਾ ਹੋਵੇ, ਬਿਨਾਂ ਕਿਸੇ ਤਾਂਅ ਤੇ ਹੁਲਾਰੇ ਦੇ। ਪ੍ਰੰਤੂ ਵਿਆਹ ਮਗਰੋਂ ਸ਼ੀਰੀਨ ਨਾਲ ਵਾਸਨਾ ਦੀ ਖੇਡ ਐਨੀ ਮਹਿੰਗੀ ਪਈ ਕਿ ਘਰ ਟੁੱਟ ਗਿਆ, ਅਤਿਅੰਤ ਨਮੋਸ਼ੀ ਝੱਲਣੀ ਪਈ। ਦੇਸ਼ ਛੱਡ ਪ੍ਰਦੇਸ਼ਾਂ ਵਿੱਚ ਵਸਣ ਲਈ ਧੱਕੇ ਖਾਣ ਨਿਕਲ ਪਿਆ। ਅਮਰੀਕਾ ਵਿੱਚ ਸੁਹਾਸਿਨੀ ਜਿਹੀ ਕਲਾਕਾਰ ਬੰਗਾਲਣ ਮਿਲੀ, ਜਿਸ ਨਾਲ ਨਾਤਾ ਤਾਂ ਜੋੜਿਆ ਪ੍ਰੰਤੂ ਸਦੀਵੀ ਸੰਬੰਧ ਨਾ ਬਣਾਇਆ। ਇਸ ਯਾਤਰਾ ਤੇ ਨਿਕਲੇ ਰਾਹੀ ਵਾਂਗ ਉਹ ਹੁਣ ਸੋਚਦਾ ਹੈ ਕਿ ਉਸ ਨੇ ਜ਼ਿੰਦਗੀ ਵਿਚ ਕਦੇ ਵੀ ਕੁਝ ਹਾਸਿਲ ਨਾ ਕੀਤਾ। ਕਿਸੇ ਨੂੰ ਦਿਲੋਂ ਨਾ ਚਾਹੁਣ ਕਾਰਣ ਤੇ ਕਿਸੇ ਦੀ ਦਿਲੋਂ ਚਾਹਤ ਦੀ ਕਦਰ ਨਾ ਪਾਉਣ ਕਾਰਣ ਉਹ ਇਕੱਲਾ ਹੀ ਟੁੱਟਦਾ ਰਿਹਾ। ਹਾਲਾਂਕਿ ਔਲਾਦ ਹੋਣ ਦੇ ਬਾਵਜੂਦ ਉਹ ਉਨ੍ਹਾਂ ਦੋਵਾਂ ਹੀ ਵੱਖ-ਵੱਖ ਕੁੜੀਆਂ ਤੋਂ ਪਿਤਾ ਕਹਾਉਣ ਦਾ ਹੱਕ ਤੇ ਮਾਣ ਪ੍ਰਾਪਤ ਨਾ ਕਰ ਸਕਿਆ। ਹੁਣ ਜੀਵਨ-ਯਾਤ੍ਰਾ ਤੇ ਹਵਾਈ ਯਾਤਰਾ ਨੂੰ ਇਕ ਸਾਰ ਕਰਦੇ ਹੋਏ ਉਹ ਮਨ ਦੀ ਬਿਰਥਾ ਵਿੱਚ ਹਿਚਕੋਲੇ ਖਾਂਦਾ ਪ੍ਰਤੀਤ ਹੁੰਦਾ ਰਿਹਾ। ਨਾਵਲ ਕਾਫੀ ਦਿਲਚਸਪ ਹੈ। ਕਹਾਣੀ ਦੀ ਬੁਣਤੀ ਸੰਘਣੀ ਹੋਣ ਦੇ ਬਾਵਜੂਦ ਲੇਖਿਕਾ ਉਸ ਵਿੱਚ ਕਿਧਰੇ ਵੀ ਝੌਲ ਨਹੀਂ ਆਉਣ ਦੇਂਦੀ। ਫ਼ੌਜ, ਜਹਾਜ਼ ਤੇ ਬਾਹਰਲੇ ਦੇਸ਼ਾਂ ਦੀ ਬਨਦੀ ਜਾਣਦੀ ਜਾਣਕਾਰੀ ਉਹ ਭਰਪੂਰ ਦੇਂਦੀ ਹੈ। ਵਿਕਰਮ ਜਿਹੇ ਪਾਤਰ ਨਾਲ ਨਫ਼ਰਤ ਤੇ ਰੋਸ ਦੀ ਬਜਾਏ ਹਮਦਰਦੀ ਵਧੇਰੇ ਉਭਾਰਦੀ ਹੈ, ਵਿਚਾਰਾ ਮਨ ਦੀ ਕਿਸੇ ਕਮਜ਼ੋਰੀ ਕਾਰਣ ਅਜਿਹਾ ਤਿਲਕਿਆ ਕਿ ਫਿਰ ਜ਼ਿੰਦਗੀ ਤੋਂ ਥਿੜਕਦਾ ਵਧੇਰੇ ਗਿਆ ਤੇ ਇਕੱਲੇਪਨ ਦਾ ਸਾਥੀ ਬਣਦਾ ਗਿਆ।

**-ਡਾ. ਜਸਵਿੰਦਰ ਕੌਰ ਬਿੰਦਰਾ**

## ਕੁਰਸੀ ਜਾਂ.../ਦਰਸ਼ਨ ਸਿੰਘ ਧੀਰ

ਪ੍ਰਵਾਸੀ ਕਥਾਕਾਰ, ਨਾਵਲਕਾਰ ਦਰਸ਼ਨ ਸਿੰਘ ਧੀਰ ਦੀ ਹਥਲੀ ਪੁਸਤਕ 'ਕੁਰਸੀ ਜਾਂ...' ਉਸਦੀ ਅੱਠਵੀਂ ਕਹਾਣੀ ਪੁਸਤਕ ਹੈ। ਵਿਚਾਰ ਅਧੀਨ ਉਸਦੀ ਕਹਾਣੀ ਪੁਸਤਕ ਵਿਚ 13 ਕਹਾਣੀਆਂ ਸ਼ਾਮਿਲ ਹਨ। ਇਹ ਹਨ ਆਲ੍ਹਣਾ, ਹਨੇਰੀ, ਤਿਲਕਧਾਰੀ ਬੰਦਾ, ਖੇਡ, ਦੇਰ, ਮੈਂ, ਪੋਲ, ਕੁਰਸੀ, ਧੁੰਦ, ਬੇਟੀ ਪਤਨੀ ਤੇ ਮਾਂ, ਰੰਗਾਂ ਦੀ ਖੇਡ, ਪਰਤ, ਪੌੜੀ। ਉਸਨੇ ਇਹ ਕਹਾਣੀਆ ਤੇਜ਼ੀ ਨਾਲ ਬਦਲਦੇ ਰਿਸ਼ਤਿਆਂ ਦੇ ਨਾਂ ਕੀਤੀਆਂ ਹਨ। ਅੱਜ ਦੇ ਮਨੁੱਖ ਦੀ ਮਾਇਆ ਪਿੱਛੇ ਲੱਗੀ ਦੌੜ ਏਨੀ ਬੇ-ਕਿਰਕ ਹੋ ਗਈ ਹੈ ਕਿ ਉਸਨੇ ਮੋਹ ਮਾਇਆ ਦੇ ਸਾਰੇ ਰਿਸ਼ਤੇ, ਬਾਜ਼ਾਰੂ ਪੂੰਜੀਵਾਦੀ ਜਮ੍ਹਾਂ ਤਕਨੀਮ ਵਿਚ ਬਦਲ ਦਿੱਤੇ ਹਨ। ਮਨੁੱਖ ਲਈ ਨਾ ਕੋਈ ਮਾਂ ਦੀ ਮਮਤਾ ਦੀ ਕਦਰ ਹੈ, ਨਾ ਪਿਉ ਦੀ ਮਿਹਨਤ-ਮੁਸ਼ੱਕਤ। ਨਾ ਉਸ ਲਈ ਭੈਣ-ਭਰਾ ਦਾ ਰਿਸ਼ਤਾ ਹੈ, ਨਾ ਧੀ-ਪੁੱਤਰ ਦਾ। ਇਹ ਸਾਰੇ ਸੰਬੰਧ

ਸਿਰਫ ਲਾਭ-ਹਾਨੀ ਦੀ ਗਿਣਤੀ-ਮਿਣਤੀ ਵਿਚ ਤਬਦੀਲ ਹੋ ਗਏ ਹਨ। ਉਦਾਹਰਣ ਹਿੱਤ ਇਸ ਪੁਸਤਕ ਅੰਦਰ ਦਰਜ ਕਹਾਣੀ ਹਨੇਰੀ ਦਾ ਕੇਂਦਰੀ ਪਾਤਰ ਸੁਖਜੀਤ ਸਿੰਘ ਗਰੇਵਾਲ ਸੁੱਖਾਂ ਸੁੱਖ ਕੇ ਪ੍ਰਾਪਤ ਕੀਤੇ ਪੁੱਤਰ ਹਰਜਿੰਦਰ ਦਾ ਵਿਆਹ ਇੰਗਲੈਂਡ ਦੀ ਜੰਮੀ ਪਲੀ ਕੁੜੀ ਕਿਰਨਜੀਤ ਨਾਲ ਕਰਕੇ, ਉਹ ਤੇ ਉਸਦੀ ਪਤਨੀ ਸੁਰਜੀਤ ਕੌਰ ਸੁਖਾਵੀਂ ਪੱਧਰੀ ਜ਼ਿੰਦਗੀ ਬਸਰ ਕਰਦੇ ਮਹਿਸੂਸਦੇ ਹਨ, ਪਰ ਥੋੜ੍ਹੇ ਹੀ ਸਮੇਂ ਪਿਛੋਂ ਨੌਂਹ-ਪੁੱਤਰ ਉਹਨਾਂ ਦੋਨਾਂ ਨੂੰ ਬੇ-ਆਸਰਾ ਛੱਡ ਕੇ ਘਰ ਵੱਖਰਾ ਕਰ ਲੈਂਦੇ ਹਨ। ਉਹਨਾਂ ਘਰ ਪੁੱਤਰ ਜੰਮਣ ਤੇ, ਉਸ ਦੀ ਸਾਂਭ ਸੰਭਾਲ ਲਈ ਉਹ ਮੁੜ ਮਾਪਿਆ ਵੱਲ ਔਲਦੇ ਹਨ। ਉਹਨਾਂ ਦਾ ਪੁੱਤਰ ਜਦ ਸਕੂਲ ਜਾਣ ਜੋਗਾ ਹੋ ਜਾਂਦਾ ਹੈ ਤਾਂ ਪਿਉ ਮਾਂ ਤੋਂ ਉਹਨਾਂ ਦਾ ਘਰ ਵੇਚ ਕੇ ਵਟੋਰੇ ਪੈਸੇ ਵਟੋਰ ਕੇ, ਉਹਨਾਂ ਨੂੰ ਫਿਰ ਘਰੋਂ ਬਾਹਰ ਭੇਜ ਦਿੰਦੇ ਹਨ। ਸੁਆਰਥੀ ਵਿਰਤੀ ਦੀ ਅਜੋਕੀ ਪੀੜੀ ਲਈ ਮਾਂ-ਬਾਪ ਦਾ ਸੰਵੇਦਨਸ਼ੀਲ ਰਿਸ਼ਤਾ ਵਸਤੂ ਤੋਂ ਵੱਧ ਕੁਝ ਨਹੀਂ ਜਾਪਦਾ।

ਇਵੇਂ ਹੀ ਦਰਸ਼ਨ ਧੀਰ ਦੀ ਇਸ ਪੁਸਤਕ ਦੀ ਕਹਾਣੀ 'ਆਲ੍ਹਣਾ' ਵਿਚ ਸੁਖਚੈਨ ਤੇ ਸੁਨੀਤਾ ਨਾਮੀ ਜੋੜੇ ਦੀ ਰੰਗੀਨ ਜ਼ਿੰਦਗੀ ਨੂੰ ਸਵੈਮੀਤ ਨਾਮੀ ਲੋਫਰ ਕਿਸਮ ਦਾ ਵਿਅਕਤੀ ਨਰਕ ਬਣਾਉਣ ਵਿਚ ਸਫਲ ਹੋ ਜਾਂਦਾ ਹੈ। ਇਥੋਂ ਤੱਕ ਕਿ ਸੁਨੀਤਾ ਆਪਣੇ ਪੁੱਤਰ ਹਰਦਿਆਲ ਨੂੰ ਘਰੋਂ ਲੈ ਕੇ ਸਵੈਮੀਤ ਨਾਲ ਰਹਿਣ ਲਈ ਨਿਕਲ ਜਾਂਦੀ ਹੈ। ਉਹ ਨਾ ਘਰ ਦੀ ਰਹਿੰਦੀ ਹੈ ਨਾ ਘਾਟ ਦੀ। ਉਸਨੂੰ ਧੋਖਾ ਦੇਣ ਵਾਲੇ ਸਵੈਮੀਤ ਦੀ ਅਸਲੀਅਤ ਉਸਦੇ ਘਰ ਪੁੱਜ ਕੇ ਨੰਗੀ ਹੋ ਜਾਂਦੀ ਹੈ।

ਇਸ ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਕੁਰਸੀ ਜਾਂ...' ਵੱਖਰੇ ਧਰਾਤਲ ਤੇ ਵਿਚਰਦੀ ਹੈ। ਅਜੋਕੇ ਮਨੁੱਖ ਦੀ ਸੰਵੇਦਨਾ ਉੱਤੇ ਉਸਦੇ ਆਲੇ ਦੁਆਲੇ ਦਾ ਏਨਾ ਭਾਰ ਹੈ ਕਿ ਚਾਹੁੰਦਾ ਹੋਇਆ ਵੀ ਮਨੁੱਖ, ਮਨੁੱਖੀ ਕਰਦਾਰ ਦੀ ਰਾਖੀ ਨਹੀਂ ਕਰ ਸਕਦਾ। ਇਸ ਕਹਾਣੀ ਦਾ ਮੁੱਖ ਪਾਤਰ ਚਿਤਰਕਾਰ-ਅਧਿਆਪਕ ਵਿਦੇਸ਼ ਵਿਚ ਭਾਰਤੀ ਭਾਸ਼ਾਵਾਂ ਦਾ ਵਿਭਾਗੀ ਮੁਖੀ ਹੋ ਕੇ ਪ੍ਰਿੰਸੀਪਲ ਵੱਲੋਂ ਕੀਤੀ ਜਾਣ ਵਾਲੀ ਵਿੱਤੀ ਹੇਰਾ ਫੇਰਾ ਵਿਚ ਭਾਈਵਾਲ ਬਨਣ ਲਈ ਮਜ਼ਬੂਰ ਹੈ।

ਕੁਲ ਮਿਲਾ ਕੇ ਮਨੁੱਖੀ ਰਿਸ਼ਤਿਆਂ ਵਿਚ ਆਈ ਗਿਰਾਵਟ ਦਾ ਉਲੇਖ ਕਰਦੀਆਂ ਇਹ ਕਹਾਣੀਆਂ ਮਨੁੱਖ ਨੂੰ ਚੰਗੇ ਤੇ ਸਿਹਤਮੰਦ ਸੰਸਾਰ ਨੂੰ ਉਸਾਰਨ ਦੀ ਪ੍ਰੇਰਨਾ ਦੇਂਦੀਆਂ ਹਨ।

## ਗੜ੍ਹੀ ਬਖ਼ਸ਼ਾ ਸਿੰਘ/ਲਾਲ ਸਿੰਘ

ਸਾਹਿਤ ਸਭੀਆਂ ਗਿਣੇ ਜਾਂਦੇ ਮਾ. ਲਾਲ ਸਿੰਘ ਦਾ 'ਗੜ੍ਹੀ ਬਖ਼ਸ਼ਾ ਸਿੰਘ' ਛੇਵਾਂ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਜਿਹਨਾਂ ਪੰਜ ਕਹਾਣੀ ਸੰਗ੍ਰਹਿਆਂ ਰਾਹੀਂ ਪੰਜਾਬੀ ਕਹਾਣੀ ਲਿਖਤ ਵਿਚ ਅੱਛਾ ਖ਼ਾਸਾ ਪ੍ਰਦੂਸ਼ਨ ਖਿਲਾਰ ਚੁੱਕਾ ਹੈ, ਉਹ ਹਨ 'ਮਾਰਖੋਰੇ', 'ਬਲੌਰ', 'ਧੁੱਪ-ਛਾਂ', 'ਕਾਲੀ ਮਿੱਟੀ' ਤੇ 'ਅੱਧੇ ਅਧੂਰੇ'। ਇਸੇ ਹੀ ਖਿੱਲਰ ਖਿਲਾਰੇ ਦੀ ਅਗਲੀ ਕੜੀ 'ਗੜ੍ਹੀ ਬਖ਼ਸ਼ਾ ਸਿੰਘ' ਨਾਮੀਂ ਪੁਸਤਕ ਵਿਚ ਉਸਦੀਆਂ ਛੇ ਕਹਾਣੀਆਂ ਸ਼ਾਮਿਲ ਹਨ। ਇਹ ਹਨ-ਥਰਸਟੀ ਕਰੋਅ, ਚੀਕ-ਬੁਲਬੁਲੀ, ਗੜ੍ਹੀ ਬਖ਼ਸ਼ਾ ਸਿੰਘ, ਅਕਾਲਗੜ੍ਹ, ਐਚਕਨ ਤੇ ਪਿੜੀਆਂ।

ਇਸ ਪੁਸਤਕ ਦੀ ਪਹਿਲੀ ਕਹਾਣੀ 'ਥਰਸਟੀ ਕਰੋਅ', ਕਾਲਜ ਅਧਿਆਪਕੀ ਤੱਕ ਪੁੱਜੇ, ਨਿਮਨ ਜਾਤ ਦੀ ਪਿੱਠ-ਭੂਮੀ ਵਾਲੇ ਇਕ ਤਬਲਾ-ਵਾਦਕ ਵਿਅਕਤੀ ਦੇ ਪੱਛਮੀ ਪੋਪ ਕਲਚਰ ਦੀ ਰੰਗੀਨੀ ਵਿਚ ਗੁਆਚ ਜਾਣ ਦੀ ਕਹਾਣੀ ਹੈ। 'ਚੀਕ-ਬੁਲਬਲੀ' ਸਾਮੰਤੀ ਸੋਚ-ਪੈਟਰਨ ਨਾਲ ਚਿੱਪਕੇ, ਪਿੰਡ ਦੇ ਸਰਦੇ-ਪੁੱਜਦੇ ਜੱਟ ਜਿਮੀਂਦਾਰ ਦੇ ਟੱਬਰ ਦੀ ਉਸਦੇ ਆਪਣੇ ਹੀ ਘਰ 'ਚ ਚਿਰਾਂ ਤੋਂ ਗੋਹਾ-ਕੂੜਾ ਕਰਦੀ ਨੌਕਰਾਣੀ ਦੀ ਚੜ੍ਹਤ ਹੱਥੋਂ ਹੋਈ ਹੇਠੀ ਦੀ ਬਾਤ ਪਾਉਂਦੀ ਹੈ। ਇਸ ਪੁਸਤਕ ਦੀਆਂ ਅਗਲੀਆਂ ਦੋ ਕਹਾਣੀਆਂ 'ਗੜ੍ਹੀ ਬਖ਼ਸ਼ੇ ਸਿੰਘ' ਅਤੇ 'ਅਕਾਲਗੜ੍ਹ' ਭਾਰਤ ਦੇ ਆਜ਼ਾਦੀ



ਸੰਘਰਸ਼ ਦੇ ਵੱਖ-ਵੱਖ ਪਹਿਲੂਆਂ ਨਾਲ ਜੁੜੇ ਦੇਸ਼-ਭਗਤਾਂ ਦੇ ਜੀਵਨ ਦੇ ਇਤਿਹਾਸਕ ਵੇਰਵਿਆਂ ਨੂੰ ਆਪਣੇ ਕਲੇਵਰ ਵਿਚ ਲੈਂਦੀਆਂ, ਆਜ਼ਾਦੀ ਸੰਗਰਾਮ ਨਾਲ ਜੁੜੇ ਸੁਆਰਥ-ਰਹਿਤ ਯੋਧਿਆਂ ਦੇ ਕਾਰਨਾਮਿਆਂ ਦੀ ਪੁਨਰ ਵਿਆਖਿਆ ਕਰਨ ਵੱਲ ਰੁਚਿਤ ਹਨ। ਗੜ੍ਹੀ ਬਖ਼ਸ਼ਾ ਸਿੰਘ ਦਾ ਜਥੇਦਾਰ ਗੁਰਬਖ਼ਸ਼ ਸਿੰਘ ਆਜ਼ਾਦੀ ਘੁਲਾਟੀਆ ਹੋ ਕੇ ਵੀ ਪੈਨਸ਼ਨ ਨੂੰ ਸਵੀਕਾਰ ਨਹੀਂ ਕਰਦਾ। ਜਦ ਕਿ 'ਅਕਾਲਗੜ੍ਹ' ਕਹਾਣੀ ਆਜ਼ਾਦੀ ਸੰਗਰਾਮ ਵਿਚ ਅਣਗੌਲੇ ਰਹਿ ਗਏ ਅਹਿਮ ਕਿਰਦਾਰਾਂ ਨੂੰ ਅਣਡਿੱਠ ਕੀਤੇ ਰੱਖਣ ਦਾ ਜ਼ੁੰਮਾਂ, ਸੰਗਰਾਮ ਦੀ ਇਤਿਹਾਸਕਾਰੀ ਕਰਨ ਵਾਲੇ ਨਾਮ-ਨਿਹਾਦ ਖੋਜਕਾਰਾਂ ਵਿਚ ਮੜ੍ਹਦੀ ਹੈ।

ਇਵੇਂ ਹੀ 'ਐਚਕਨ' ਕਹਾਣੀ ਪੱਛਮੀ ਪੰਜਾਬ ਤੋਂ ਉਜੜ ਕੇ ਇਧਰਲੇ ਪੰਜਾਬ ਵਿਚ ਆ ਵਸੇ ਫਿਊਡਲੀ ਪਿਛੋਕੜ ਵਾਲੇ ਕਵੀ-ਅਧਿਆਪਕ ਦੁਆਲੇ ਘੁੰਮਦੀ ਉਸਦੇ ਸੁਆਰਥੀ ਕਿਰਦਾਰ ਨੂੰ ਪੈਰ-ਦਰ-ਪੈਰ ਨੰਗਾ ਕਰਦੀ ਹੈ। 'ਪਿੜੀਆਂ' ਪੰਜਾਬੀ ਭਾਈਚਾਰੇ ਅੰਦਰ ਧਰਮਾਂ ਮਜ਼੍ਹਬਾਂ ਦੇ ਨਾਂ ਤੇ ਛੇੜਾਂ ਪਾਉਣ ਵਾਲੀਆਂ ਮੁਤੱਸਵੀ ਜਮਾਤਾਂ ਵਰਤੋਂ ਵਰਤੇ ਜਾਂਦੇ ਹੱਥ ਕੰਡਿਆਂ ਨੂੰ ਖੁੰਡਿਆਂ ਕਰਨ ਦਾ ਭਾਵੁਕ ਉਪਰਾਲਾ ਕਰਦੀ ਹੈ।

ਉਪਰੋਕਤ ਕਹਾਣੀਆਂ ਨੂੰ, ਲਾਲ ਸਿੰਘ ਦੀਆਂ ਪਹਿਲੀਆਂ ਕਹਾਣੀਆਂ ਵਾਂਗ ਕੁਝ ਸੂਝਵਾਨ ਚਿੰਤਕ ਸਮਾਜਵਾਦੀ-ਯਥਾਰਥਵਾਦੀ ਲਿਖਤਾਂ ਦੀ ਵੰਨਗੀ ਵਿਚ ਸ਼ਾਮਿਲ ਕਰਕੇ, ਕੁਝ ਇਹਨਾਂ ਨੂੰ ਆਲੋਚਨਾਤਮਿਕ ਯਥਾਰਥਵਾਦੀ ਹੋਣ ਦਾ ਫ਼ਤਵਾ ਦੇਣਗੇ। ਪਰ, ਜੇ ਉਪਰੋਕਤ ਦੋਨਾਂ ਵੰਨਗੀਆਂ ਦੇ ਮਹੀਨ ਤੱਤਾਂ ਨੂੰ ਅਣਗੌਲਿਆ ਵੀ ਕਰ ਦਿੱਤਾ ਜਾਵੇ ਤਾਂ ਵੀ ਉਸਦੀਆਂ ਇਹਨਾਂ ਕਹਾਣੀਆਂ ਨੂੰ ਕਹਾਣੀ-ਪ੍ਰਦੂਸ਼ਨ ਵਿਚ ਸਭ ਤੋਂ ਭਰਵਾਂ ਯੋਗਦਾਨ ਪਾਉਣ ਵਾਲੀਆਂ ਚੋਲੀ-ਚੱਡੀ ਦੇ ਮੁਸ਼ਕ ਨਾਲ ਅੱਟੀਆਂ ਲਿਖਤਾਂ ਤੋਂ ਬਚੀਆਂ ਰਹਿਣ ਦਾ ਮਾਣ ਜ਼ਰੂਰ ਹਾਸਿਲ ਹੈ। ਇਹ ਕਹਾਣੀਆਂ ਕੇਵਲ ਤੇ ਕੇਵਲ ਜਨਸਾਧਾਰਨ ਦੇ ਉਸ ਜੀਵਨ ਧਰਾਤਲ ਨਾਲ ਜੁੜੀਆਂ ਹੋਈਆਂ ਹਨ, ਜਿਸ ਧਰਾਤਲ ਤੇ ਵਿਚਰਦਿਆਂ ਮਨੁੱਖ ਦਾ ਤਨ-ਬਦਨ ਤੇ ਰੂਹ-ਜਾਨ ਵੀ ਰੋਜ਼ੀ-ਰੋਟੀ ਦੇ ਸੰਘਰਸ਼ ਅੰਦਰ ਬਲੀ ਦਾ ਬੱਕਰਾ ਬਣ ਜਾਂਦੇ ਹਨ। ਸ਼ਾਇਦ ਏਸੇ ਲਈ ਸਨਕੀ, ਹਮਜ਼ਾਦੀ ਜਾਂ ਭਾੜੇ ਤੇ ਚੱਲਣ ਵਾਲੀ ਨਾਮ-ਨਿਹਾਦੀ ਪੰਜਾਬੀ ਕਥਾ ਆਲੋਚਕਾਂ ਨੂੰ ਇਹ ਕਹਾਣੀਆਂ ਢੇਰ ਸਾਰੀ ਝੋਲ ਮਾਰਦੀਆਂ ਪ੍ਰਤੀਤ ਹੋਣਗੀਆਂ। ਪਰ, ਸਮਾਜਿਕ ਵਰਤਾਰੇ ਦੀਆਂ ਵਸੰਗਤੀਆਂ ਨਾਲ ਦੋ-ਚਾਰ ਹੋਣ ਵਾਲੇ ਪ੍ਰਤੀਬੱਧ ਸਮੀਖਿਆਕਾਰਾਂ ਨੂੰ, ਇਹਨਾਂ ਲਿਖਤਾਂ ਵੱਲੋਂ ਕਾਰ ਵਲਗਣੀ ਕਹਾਣੀ ਦੇ, ਮਕਾਨਕੀ ਵਿਧਾਨ ਨਾਲ ਕੀਤੀ ਛੇੜ-ਛਾੜ ਬਿਲਕੁਲ ਵੀ ਓਪਰੀ ਨਹੀਂ ਲੱਗੇਗੀ।

'ਗੜ੍ਹੀ ਬਖ਼ਸ਼ਾ ਸਿੰਘ' ਨਾਮੀਂ ਪੁਸਤਕ ਦੀਆਂ ਕਰੀਬ ਸਾਰੀਆਂ ਹੀ ਕਹਾਣੀਆਂ ਸਾਲਾਨਾ ਕਹਾਣੀ ਸਰਵੇਖਣਾਂ ਵਿਚ ਅਹਿਮ ਥਾਂ ਪ੍ਰਾਪਤ ਕਰ ਚੁੱਕੀਆਂ ਹਨ। ਲਾਲ ਸਿੰਘ ਨੇ ਤਾਂ ਸਰਵੇਖਣੀ-ਪਾਠਕਾਂ ਦਾ ਰਿਣ, ਇਹਨਾਂ ਕਹਾਣੀਆਂ ਨੂੰ ਇਕ ਪੁਸਤਕ ਰੂਪ ਵਿੱਚ ਵੱਟਦੀ ਕਰਕੇ, ਮੋੜਨ ਦਾ ਹੀ ਉਪਰਾਲਾ ਕੀਤਾ ਹੈ।

---

## ਪੰਜਾਬੀ ਕਹਾਣੀ ਦੀ ਸ਼ਾਹਰਾਹ

(16 ਕਹਾਣੀ ਦਾ ਸੰਗ੍ਰਹਿ)

**ਸੰਪਾਦਕ : ਡਾ. ਰਮਿੰਦਰ ਕੌਰ**

**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

## ਲੋਕਗੀਤ ਪ੍ਰਕਾਸ਼ਨ ਦੀਆਂ ਨਵੀਂਆਂ ਛਪੀਆਂ ਕਿਤਾਬਾਂ

**-ਡਾ. ਮੁਕੇਸ਼ ਕੁਮਾਰ ਅਰੋੜਾ**

### ਦੱਬੀ ਅੱਗ ਦਾ ਸੇਕ

ਅਮਰਜੀਤ ਸਿੰਘ ਹੇਅਰ ਦੇ ਇਸ ਸੰਗ੍ਰਹਿ 'ਚ 25 ਕਹਾਣੀਆਂ ਸ਼ਾਮਿਲ ਹਨ। ਉਹ ਭੂਮਿਕਾ 'ਚ ਲਿਖਦਾ ਹੈ : "ਇਨ੍ਹਾਂ ਕਹਾਣੀਆਂ ਵਿਚ ਹਕੀਕਤ ਬਹੁਤੀ ਅਤੇ ਕਲਪਨਾ ਮਾਮੂਲੀ ਜਿਹੀ ਹੈ ਜਿਵੇਂ ਆਟੇ ਵਿਚ ਲੂਣ, ਕਰਾਰੇਪਨ ਲਈ। ਮੈਨੂੰ ਇਹ ਕਹਾਣੀਆਂ ਲਿਖਦਿਆਂ ਖੁਸ਼ੀ ਮਿਲੀ।" ਇਸ ਸੰਗ੍ਰਹਿ 'ਚ ਜੜ੍ਹਾਂ, ਪਹਿਲਾ ਪਿਆਰ, ਤਾਇਆ ਕੇਹਰੂ ਪੜ੍ਹਣ ਵਾਲੀਆਂ ਕਹਾਣੀਆਂ ਹਨ। ਇਹ ਕਹਾਣੀਆਂ ਯਥਾਰਥਵਾਦੀ ਹਨ।

### ਮਾਰਫਤ ਲੋਟਾ ਸਿੰਘ

ਅਸ਼ੋਕ ਚਰਨ 'ਆਲਮਗੀਰ' ਮੁਖ ਰੂਪ 'ਚ ਨਾਵਲਕਾਰ ਹੈ। ਉਸ ਦੇ ਨਾਵਲ 'ਗ੍ਰੀਸ਼ਨ-ਰੋਮਨ ਦੇਵਤੇ' ਦੀ ਖਾਸੀ ਚਰਚਾ ਹੋਈ ਹੈ। 'ਮਾਰਫਤ ਲੋਟਾ ਸਿੰਘ' ਵਿਅੰਗ ਸੰਗ੍ਰਹਿ ਹੈ। ਇਸ 'ਚ ਉਸ ਦੇ 19 ਵਿਅੰਗ ਹਨ। ਇਸ ਸੰਗ੍ਰਹਿ ਦੀ ਭੂਮਿਕਾ 'ਚ ਸੁਲੱਖਣ ਸਰਹੱਦੀ ਲਿਖਦਾ ਹੈ, "ਇਹ ਪੁਸਤਕ ਸਾਡੇ ਆਸੇ ਪਾਸੇ ਫੈਲੇ ਗੰਦ ਨੂੰ ਸਾੜਨ ਦੇ ਆਹਰ ਵਿੱਚ ਇਕ ਸ਼ੁਰੂਆਤੀ ਕਦਮ ਹੈ।" ਆਲਮਗੀਰ ਨੇ ਅਜੋਕੇ ਸਮਾਜ 'ਚ ਫੈਲੀਆਂ ਕੁਰੀਤੀਆਂ, ਰਾਜਨੀਤੀ, ਯੂਨੀਵਰਸਿਟੀਆਂ 'ਚ ਹੋ ਰਹੇ ਊਲ ਜਲੂਲ ਖੋਜ ਕਾਰਜਾਂ ਅਤੇ ਨੇਤਾਵਾਂ ਤੇ ਵਿਅੰਗ ਕੀਤਾ ਹੈ। ਉਸ ਦੀ ਕਲਮ 'ਚ ਤਿੱਖਾਪਣ ਹੈ। ਪਤੇ ਦੀ ਗੱਲ, ਮੁੱਢ ਪੁੱਟਣ ਵਾਲੇ, ਕੁੱਕੜ ਸੱਤਿਆਨਾਸੀ ਖੇਤਰ ਦੇ ਵਿਚ-ਵਿਚ ਵਿਅੰਗ ਸਾਡਾ ਵਿਸ਼ੇਸ਼ ਧਿਆਨ ਖਿਚਦੇ ਹਨ।

### ਗੁਰੂ ਨਾਨਕ ਅਤੇ ਵਿਗਿਆਨ

ਗੁਰਬਚਨ ਸਿੰਘ ਦੀ ਇਸ ਪੁਸਤਕ 'ਚ 12 ਪਾਠ ਹਨ ਜਿਨ੍ਹਾਂ 'ਚ ਗੁਰੂ ਨਾਨਕ ਦੇਵ ਜੀ ਦਾ ਜੀਵਨ ਫਲਸਫਾ, ਸਾਇੰਸ ਦੀਆਂ ਪ੍ਰਾਪਤੀਆਂ, ਜ਼ਰੂਰੀ ਯੰਤਰਾਂ ਦਾ ਖੁਲਾਸਾ, ਬ੍ਰਹਿਮੰਡੀ ਜਹਾਜ਼ ਦੀ ਸੁੰਨੋ ਸੁੰਨ ਆਦਿ ਅਨੇਕਾਂ ਵਿਸ਼ਿਆਂ 'ਤੇ ਚਾਨਣਾ ਪਾਇਆ ਗਿਆ ਹੈ। ਇਹ ਪੁਸਤਕ ਖੋਜ ਭਰਪੂਰ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫੇ ਨੂੰ ਸਮਝਣ ਲਈ ਇਹ ਇਕ ਅਹਿਮ ਪੁਸਤਕ ਹੈ ਜਿਵੇਂ ਕਿ ਲੇਖਕ ਆਪ ਕਹਿੰਦਾ ਹੈ, "ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਕੁਝ ਆਪਣੇ ਜ਼ਮਾਨੇ 1469-1538 ਈ: ਤੱਕ ਸਾਇੰਸ ਦੀ ਝੋਲੀ ਪਾਇਆ ਹੈ, ਉਹ ਸਭ ਉਸ ਸਮੇਂ ਦੇ ਹਾਲਾਤ ਮੁਤਾਬਕ ਬਹੁਤ-ਬਹੁਤ ਜ਼ਿਆਦਾ ਸੀ।" ਇਹ ਪੁਸਤਕ ਪੜ੍ਹਨਯੋਗ ਤੇ ਵਾਚਣਯੋਗ ਹੈ।

### ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ

ਡਾ. ਜੋਗਿੰਦਰ ਸਿੰਘ ਨਿਰਾਲਾ ਸਥਾਪਤ ਕਹਾਣੀਕਾਰ ਹੈ। ਉਹ ਕਦੇ-ਕਦਾਈਂ ਆਲੋਚਨਾ ਵੱਲ ਵੀ ਰੁਚਿਤ ਹੁੰਦਾ ਹੈ। ਇਸ ਪੁਸਤਕ 'ਚ ਉਸ ਨੇ ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ ਦਾ ਲੇਖਾ ਜੋਖਾ 11 ਲੇਖਾਂ 'ਚ ਕੀਤਾ ਹੈ। ਇਸ ਤੋਂ ਇਲਾਵਾ ਦਸ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਹੈ। 'ਪੰਜਾਬੀ ਦਾ ਨਵਾਂ ਕਹਾਣੀ ਸ਼ਾਸਤਰ' ਕਮਾਲ ਦਾ ਲੇਖ ਹੈ। ਇਸ ਤੋਂ ਇਲਾਵਾ ਦੋ ਟਾਪੂ, ਬੱਸ, ਹੁਣ ਤੂੰ ਸੌਂ ਜਾਈਂ, ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ ਅਤੇ ਅੰਤਰਾ ਕਹਾਣੀ ਸੰਬੰਧੀ ਉਸ ਨੇ ਨਵੀਆਂ ਧਾਰਨਾਵਾਂ ਪੈਦਾ ਕੀਤੀਆਂ ਹਨ। ਪੰਜਾਬੀ ਆਲੋਚਨਾ ਦੇ ਖੇਤਰ 'ਚ ਇਹ ਇਕ ਅਹਿਮ ਪੁਸਤਕ ਹੈ।



ਨਵੇਂ ਕਹਾਣੀਕਾਰ ਨੂੰ ਇਹ ਅਵੱਸ਼ ਪੜ੍ਹਨੀ ਚਾਹੀਦੀ ਹੈ।

### ਇਕ ਗਿਆਰਾਂ ਚੁਰਾਸੀ

ਚੁਰਾਸੀ ਬਾਰੇ ਅਨੇਕਾਂ ਹੀ ਨਾਵਲ ਲਿਖੇ ਗਏ ਹਨ। ਕਹਾਣੀਆਂ ਤੇ ਕਵਿਤਾਵਾਂ ਲਿਖੀਆਂ ਗਈਆਂ ਹਨ। ਬਲਜੀਤ ਸਿੰਘ ਦਾ ਇਹ ਨਾਵਲ ਵਿਸ਼ੇਸ਼ ਚਰਚਾ ਦੀ ਮੰਗ ਕਰਦਾ ਹੈ ਕਿਉਂਕਿ ਉਸ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਸਾਫ ਹੈ। ...ਇਕ ਗਿਆਰਾਂ ਚੁਰਾਸੀ-ਬੱਸ ਇਕ ਗਿਣਤੀ ਦੇ ਹਿੰਦਸੇ ਹੀ ਮੇਰੀ ਜ਼ਿੰਦਗੀ ਦਾ ਆਦਿ ਅੰਤ ਨੇ ਇਨ੍ਹਾਂ ਤੋਂ ਬਿਨਾਂ ਨਾ ਮੇਰੀ ਕੋਈ ਪਹਿਚਾਣ ਹੈ ਤੇ ਨਾ ਹੀ ਮੇਰਾ ਕੋਈ ਵਜੂਦ। ਜੇ ਕਦੇ ਮੈਂ ਆਪਣੀ ਜ਼ਿੰਦਗੀ ਦੀ ਕਹਾਣੀ ਲਿਖੀ ਤਾਂ ਉਹ ਇਨ੍ਹਾਂ ਹਿੰਦਸਿਆਂ 'ਚ ਹੀ ਮੁਕ ਜਾਵੇਗੀ। ਇਸ ਤਾਰੀਖ ਤੋਂ ਪਹਿਲਾਂ ਨਾ ਕੋਈ ਤਾਰੀਖ਼ ਹੈ ਤੇ ਇਸ ਤਾਰੀਖ਼ ਤੋਂ ਬਾਅਦ ਫੇਰ ਨਾ ਹੀ ਕਦੇ ਕੋਈ ਤਾਰੀਖ਼ ਆਈ...ਮੈਨੂੰ ਲੱਗਦੈ ਏਸ ਤਾਰੀਖ਼ ਨੂੰ ਹੀ ਮੈਂ ਜਨਮੀ ਤੇ ਇਸੇ ਦਿਨ ਹੀ ਮੈਂ ਮਰ ਗਈ...ਇਹਨਾਂ ਸਤਰਾਂ 'ਚ ਬਹੁਤ ਕੁਝ ਸਮੋਇਆ ਹੋਇਆ ਹੈ। ਚੁਰਾਸੀ ਨੂੰ ਇਕ ਹੋਰ ਬਿੰਦੂ ਤੋਂ ਸਮਝਣ ਲਈ ਇਹ ਨਾਵਲ ਅਹਿਮ ਹੈ। ਬਲਜੀਤ ਸਿੰਘ ਨੂੰ ਮੁਬਾਰਕਾਂ।

### ਪੂਰਬੀ ਭਾਰਤ ਦੀ ਯਾਤਰਾ

ਡਾ. ਗੁਰਚਰਨ ਸਿੰਘ ਮਹਿਤਾ ਨੇ ਨਵੰਬਰ-ਦਸੰਬਰ 2004 'ਚ ਪੰਜ ਹਫਤਿਆਂ ਲਈ ਪੂਰਬੀ ਭਾਰਤ ਦੇ ਪਟਨਾ, ਦਾਰਜੀਲਿੰਗ, ਸਿਕਿਮ, ਕੱਲਕਤਾ, ਪੁਰੀ, ਭੁਵਨੇਸ਼ਵਰ, ਗਯਾ, ਬੋਧ ਗਯਾ, ਰਾਜਗੀਰ ਤੇ ਨਾਲੰਦਾ ਆਦਿ ਸ਼ਹਿਰਾਂ ਦੀ ਯਾਤਰਾ ਕੀਤੀ। ਇਸ ਪੁਸਤਕ 'ਚ ਉਨ੍ਹਾਂ ਸ਼ਹਿਰਾਂ ਸੰਬੰਧੀ ਉਸ ਦੇ ਆਪਣੇ ਪ੍ਰਭਾਵ, ਵਾਕਫੀ, ਅਨੁਭਵ ਦਾ ਲੇਖਾ ਜੋਖਾ ਕੀਤਾ ਗਿਆ ਹੈ। ਗੁਰਚਰਨ ਸਿੰਘ ਸਿਆਣਾ ਲੇਖਕ ਹੈ-ਇਸੇ ਲਈ ਇਸ ਪੁਸਤਕ 'ਚ ਕੋਈ ਵੀ ਫਾਲਤੂ ਵੇਰਵਾ ਨਹੀਂ ਦਿੱਤਾ ਗਿਆ। ਇਸ ਪੁਸਤਕ ਨੂੰ ਪੜ੍ਹਨ ਉਪਰੰਤ ਇਹੀ ਪ੍ਰਭਾਵ ਬਣਦਾ ਹੈ ਕਿ ਇਹ ਪੁਸਤਕ ਨੂੰ ਆਪਣੀ ਲਾਇਬ੍ਰੇਰੀ 'ਚ ਸੰਭਾਲ ਕੇ ਰੱਖ ਲੈਣਾ ਚਾਹੀਦਾ ਹੈ। ਜਦੋਂ ਵੀ ਮਨ ਕਰੇ-ਇਸ ਨੂੰ ਦੋਬਾਰਾ ਪੜ੍ਹਿਆ ਜਾ ਸਕਦਾ ਹੈ।

### ਮਿਰਗ ਨਾ ਵੇਚਣ ਨਾਭੀਆਂ

ਸ਼ਹਰਯਾਰ ਵੱਡਾ ਸ਼ਾਇਰ ਹੈ। ਉਸ ਕਵਿਤਾਵਾਂ ਵੀ ਲਿਖੀਆਂ ਹਨ ਤੇ ਨਾਟਕ ਵੀ। ਇਸ ਸੰਗ੍ਰਹਿ 'ਚ ਦੋਹੇ ਸ਼ਾਮਿਲ ਹਨ। ਅਜਿਹੀਆਂ ਪੁਸਤਕਾਂ ਰੀਵੀਊਯੋਗ ਨਹੀਂ ਹੁੰਦੀਆਂ। ਬੱਸ ਪੜ੍ਹਣ ਵਾਲੀਆਂ ਹੁੰਦੀਆਂ ਹਨ। ਦੇਖੋ ਦੋਹੇ ਦੇ ਕੁਝ ਨਮੂਨੇ -

1. ਦੁਸ਼ਮਣ ਦੁਸ਼ਮਣ ਵੇਖ ਨਾ, ਮੇਲਾ ਖਿੰਡ ਜਾਵੇਗਾ
ਅਗਲਾ ਕਿਸ ਨੇ ਵੇਖਿਆ, ਜਾਣੋ ਕਦ ਆਵੇਗਾ

2. ਮੈਂ ਵਾਜਾਂ ਮਾਰੀ ਗਿਆ, ਸੁਣਦੇ ਗਏ ਪਹਾੜ
ਫਿਰ, ਵਾਜਾਂ ਦੀ ਵਾਰਤਾ, ਬੁਣਦੇ ਗਏ ਪਹਾੜ

3. ਸਹਿਜ ਸੁਭਾ ਹੀ ਲੈ ਗਈ ਖੋਹ ਕੇ ਮੇਰੇ ਹੋਸ਼
ਸੁਹਣੀ ਰੰਨ, ਤਿਰਛੀ ਨਜ਼ਰ, ਦੱਸ ਮੇਰਾ ਕੀ ਕਸੂਰ।

## ਬਦਲੇ ਰੰਗ ਸਮੇਂ ਦੇ

ਬੂਟਾ ਸਿੰਘ ਚੌਹਾਨ ਦੀ ਇਹ ਪੁਸਤਕ ਪੜ੍ਹਦਿਆਂ ਪ੍ਰਕਾਸ਼ਕ ਦੇ ਇਹ ਸ਼ਬਦ ਸਾਡੇ ਨਾਲ-ਨਾਲ ਹੀ ਤੁਰਦੇ ਜਾਂਦੇ ਹਨ : ਇਹ ਕਿਰਤਾਂ ਪੜ੍ਹਦਿਆਂ ਕਦੇ ਲਗਦਾ ਹੈ, ਇਹ ਕਹਾਣੀਆਂ ਹਨ। ਕਦੇ ਲੱਗਦਾ ਹੈ, ਇਹ ਵਾਰਤਕ ਦਾ ਉੱਤਮ ਨਮੂਨਾ ਹੈ। ਸਾਰੀਆਂ ਕਿਰਤਾਂ ਪੜ੍ਹਣ ਪਿਛੋਂ ਇਹ ਸਵੈ-ਕਥਨ ਵੀ ਪ੍ਰਤੀਤ ਹੁੰਦੀਆਂ ਹਨ। ਪਰ ਪਾਠਕ ਨਿਰਣਾ ਨਹੀਂ ਕਰ ਸਕਦਾ, ਇਹ ਕਿਸ ਵਿਧਾ ਵਿਚ ਲਿਖੀ ਹੋਈ ਪੁਸਤਕ ਹੈ। ਮੈਂ ਪਹਿਲਾਂ ਬੂਟਾ ਸਿੰਘ ਦੀਆਂ ਗ਼ਜ਼ਲਾਂ ਤੇ ਨਾਵਲਾਂ ਦਾ ਪ੍ਰਸ਼ੰਸਕ ਸੀ, ਹੁਣ ਉਸ ਦੀ ਵਾਰਤਕ ਦਾ ਵੀ ਲੋਹਾ ਮੰਨ ਰਿਹਾ ਹਾਂ। ਰੇਤ ਨਿਗਲ ਗਈ ਹੀਰਾ, ਰੰਗ ਮੁਹੱਬਤ ਦੇ ਅਤੇ ਹੁਣ ਨੀਂ ਇੰਦਰਾ ਵੇਖਣੀ ਸਰਵੋਤਮ ਰਚਨਾਵਾਂ ਹਨ।

## ਰੇਸ, ਕਲਾਸ ਤੇ ਜੰਗ

ਪ੍ਰੋ. ਹਰਭਜਨ ਸਿੰਘ ਪ੍ਰਵਾਸੀ ਕਹਾਣੀਕਾਰ ਹੈ। ਉਸ ਨਾਵਲ ਵੀ ਲਿਖੇ ਹਨ। ਪਹਿਲਾਂ ਉਹ ਨਕਸਲਵਾਦੀ ਲਹਿਰ ਨਾਲ ਜੁੜਿਆ ਹੁੰਦਾ ਸੀ। ਹੁਣ ਨਹੀਂ। ਹੁਣ ਉਹ ਖੁੱਲ੍ਹੇ ਖ਼ਿਆਲਾਂ ਦਾ ਲੇਖਕ ਹੈ-ਇਸੇ ਲਈ ਉਸ ਦੇ ਲੇਖਨ-ਸੰਸਾਰ 'ਚ ਵੀ ਕਈ ਅਹਿਮ ਤਬਦੀਲੀਆਂ ਆਈਆਂ ਹਨ। ਇਸ ਸੰਗ੍ਰਹਿ 'ਚ ਨੌਂ ਕਹਾਣੀਆਂ ਸ਼ਾਮਿਲ ਹਨ। ਕਾਲੇ ਪਾਣੀ, ਮਜ੍ਹਮਾ, ਕਾਲਾ ਨਾਚ ਤੇ ਗਰਾਊਂਡ ਜ਼ੀਰੋ ਵੱਡੇ ਕਲੇਵਰ ਵਾਲੀਆਂ ਕਹਾਣੀਆਂ ਹਨ। ਪ੍ਰੋ. ਹਰਭਜਨ ਸਿੰਘ ਨੂੰ ਇਸ ਕਹਾਣੀ ਸੰਗ੍ਰਹਿ ਲਈ ਮੁਬਾਰਕਾਂ। ਹੁਣ ਉਸ ਦੀ ਗਿਣਤੀ ਮੋਹਰਲੇ ਕਹਾਣੀਕਾਰਾਂ 'ਚ ਹੋ ਗਈ ਹੈ।

## ਰਿਸ਼ਤਿਆਂ ਦੀ ਸਤਰੰਗੀ ਪੀਂਘ

ਡਾ. ਕੇ. ਜਗਜੀਤ ਸਿੰਘ ਬੰਬਈ ਰਹਿੰਦਾ ਹੈ। ਮਸ਼ਹੂਰ ਕਹਾਣੀਕਾਰਾ ਰਜਿੰਦਰ ਕੌਰ ਦਾ ਭਰਾ ਹੈ। ਕਦੇ ਕਹਾਣੀਆਂ ਲਿਖਦਾ ਹੁੰਦਾ ਸੀ। ਫੇਰ ਉਸ ਰਾਜਿੰਦਰ ਬੇਦੀ ਦਾ ਕਮਾਲ ਦਾ ਰੇਖਾ-ਚਿਤਰ ਲਿਖਿਆ ਸੀ। ਉਹ ਪਾਕਿਸਤਾਨ ਬਾਰੇ ਸਫਰਨਾਮਾ ਵੀ ਲਿਖ ਚੁੱਕਾ ਹੈ। ਇਸ ਸੰਗ੍ਰਹਿ 'ਚ ਉਸ ਦੇ ਯਾਤਰਾ ਸੰਸਮਰਣ, ਰੇਖਾ ਚਿਤਰ, ਲੇਖ ਤੇ ਬਹੁਤ ਕੁਝ ਹੋਰ ਵੀ ਛਪਿਆ ਹੈ ਜਿਨ੍ਹਾਂ ਨੂੰ ਉਹ ਸਤਰੰਗੀ ਪੀਂਘ ਕਹਿੰਦਾ ਹੈ। ਜਗਜੀਤ ਕੋਲ ਪੈਨੀ ਨਜ਼ਰ ਹੈ। ਅਚੇਤ ਤੇ ਸੁਚੇਤ ਦਿਮਾਗ ਹੈ ਜੋ ਹਰ ਪਲ ਨੂੰ ਨਾਲੋਂ ਨਾਲ ਪਕੜਦਾ ਹੈ ਤੇ ਫੇਰ ਉਨ੍ਹਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਂਦਾ ਹੈ। ਉਸ ਦਾ ਗਿਆਨ, ਅਨੁਭਵ ਤੇ ਲੇਖਣੀ ਪ੍ਰਭਾਵਤ ਕਰਦੀ ਹੈ। ਇਸ ਪੁਸਤਕ ਨੂੰ ਜੀ ਆਇਆਂ ਕਹਿਣਾ ਬਣਦਾ ਹੈ। ਮੈਂ ਇਹ ਪੁਸਤਕ ਪੜ੍ਹਣ ਦੀ ਸਿਫਾਰਸ਼ ਹੀ ਕਰ ਸਕਦਾ ਹਾਂ।

## ਸੰਭਲੋ ਪੰਜਾਬ

ਗੁਰਪ੍ਰੀਤ ਸਿੰਘ ਤੂਰ ਪੰਜਾਬ ਪੁਲਿਸ ਦਾ ਅਹਿਮ ਅਧਿਕਾਰੀ ਹੈ ਤੇ ਉਸ ਨੂੰ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਪ੍ਰੇਸ਼ਾਨ ਕਰਦੀਆਂ ਹਨ। ਉਸ 'ਸੰਭਲੋ ਪੰਜਾਬ' ਪੁਸਤਕ ਪੰਜਾਬੀ ਪਾਠਕਾਂ ਦੇ ਦਰਬਾਰ 'ਚ ਪੇਸ਼ ਕੀਤੀ ਹੈ ਜਿਸ 'ਚ ਭ੍ਰਿਸ਼ਟਾਚਾਰੀ, ਬੇਰੁਜ਼ਗਾਰੀ ਅਤੇ ਨਸ਼ਿਆਂ ਦੇ ਮੌਜੂਦਾ ਹਾਲਾਤਾਂ ਨੂੰ ਸੱਤ ਸਿਰਲੇਖਾਂ ਹੇਠ ਪੇਸ਼ ਕੀਤਾ ਗਿਆ ਹੈ। ਨੌਜਵਾਨ, ਮਾਂ ਤੇ ਪੰਜਾਬ ਹੁਣ ਕਮਾਲ ਦੇ ਲੇਖ ਹਨ। ਦੇਖੋ, 'ਮਾਂ' ਲੇਖ ਦੀਆਂ ਅੰਤਮ ਸਤਰਾਂ : ਇਕ ਪੁੱਤ ਦਾ ਸਧਾਰਨ ਬੁਖਾਰ ਉਤਾਰਨ ਲਈ ਤੂੰ ਉਦੋਂ ਕਿੰਨੇ ਓਹੜ-ਪੋਹੜ ਕਰਦੀ ਸੀ। ਅੱਜ ਪੰਜਾਬ ਦਾ ਹਰ ਨੌਜਵਾਨ ਬਿਮਾਰ ਹੈ, ਉਨ੍ਹਾਂ ਨੂੰ ਪੀੜੀਆਂ ਤੱਕ ਨਾ ਉਤਰਨ ਵਾਲੇ ਬੁਖਾਰ ਨੇ ਘੇਰ ਲਿਆ ਹੈ। ਮਾਂ ਅੱਜ ਤੂੰ ਖਾਮੋਸ਼ ਕਿਉਂ ਹੈਂ, ਹੁਣ ਕੋਈ ਯਤਨ ਕਿਉਂ ਨਹੀਂ ਕਰਦੀ ? ਇਸ ਸੰਗ੍ਰਹਿ 'ਚ ਸ਼ਾਮਿਲ ਲੇਖ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ। ਇਹੀ ਕਿਸੇ ਲੇਖਕ ਦੀ ਪ੍ਰਾਪਤੀ ਹੁੰਦੀ ਹੈ।



## ਵਿਸ਼ਵ ਦੇ ਪ੍ਰਸਿੱਧ ਚਿੱਤਰਕਾਰ ਸ਼ਾਹਕਾਰ

ਜਰਨੈਲ ਸਿੰਘ ਆਰਟਿਸਟ ਦੀ ਇਸ ਪੁਸਤਕ 'ਚ ਲਿਉਨਾਰਡੋ ਡਾ ਵਿੰਸੀ ਦੇ ਚਿਤਰ 'ਮੋਨਾਲਿਜ਼ਾ' ਤੋਂ ਲੈ ਕੇ ਫਰੈਂਕ ਫਰੈਜੈਟਾਂ ਦੇ ਚਿਤਰ 'ਵਿਨਾਸ਼ਕ' 32 ਚਿਤਰਕਾਰਾਂ/ਚਿਤਰਾਂ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਪੁਸਤਕ 'ਚ ਇਨ੍ਹਾਂ ਚਿੱਤਰਾਂ ਤੇ ਚਿਤਰਕਾਰਾਂ ਦੀਆਂ ਫੋਟੋ ਵੀ ਛਾਈਆਂ ਹਨ। ਇਹ ਇਕ ਅਹਿਮ ਪੁਸਤਕ ਹੈ ਜਿਹੜੀ ਕਿ ਸਾਨੂੰ ਚਿਤਰਕਾਰਾਂ ਦੀ ਦੁਨੀਆਂ 'ਚ ਲੈ ਜਾਂਦੀ ਹੈ। ਕਲਾ ਦੇ ਪਾਠਕਾਂ ਲਈ ਇਹ ਖਾਸ ਪੁਸਤਕਾਂ ਤਾਂ ਹੈ ਹੀ-ਇਹ ਆਮ ਪਾਠਕ ਤੇ ਲੇਖਕ ਲਈ ਵੀ ਇਕ ਵਡਮੁੱਲੀ ਪੁਸਤਕ ਹੈ।

## ਦੁਪਹਿਰੇ ਢਲਿਆ ਸੂਰਜ

ਬੰਤ ਸਿੰਘ ਚੱਠਾ ਮਾਲਵੇ ਖੇਤਰ ਦਾ ਅਹਿਮ ਤੇ ਸਥਾਪਤ ਕਹਾਣੀਕਾਰ ਹੈ। ਇਸ ਸੰਗ੍ਰਹਿ 'ਚ ਉਸ ਦੀਆਂ 12 ਕਹਾਣੀਆਂ ਸ਼ਾਮਿਲ ਹਨ। ਇਸ ਸੰਗ੍ਰਹਿ 'ਚ ਸ਼ਾਮਿਲ ਕਹਾਣੀਆਂ ਪੁਰਾਣੇ ਕੱਪੜੇ, ਪੱਕਾ ਘਰ, ਬਾਬੂ ਹੁਣ ਮੇਰਾ ਈ ਐ ਅਤੇ ਇਕ ਸੀ ਮੀਨੂੰ ਵਿਲਖਣ ਕਿਸਮ ਦੀਆਂ ਕਹਾਣੀਆਂ ਹਨ। ਉਸ ਦੀ ਭਾਸ਼ਾ, ਸਰਲ, ਸੰਜਮੀ ਹੈ। ਉਸ ਕੋਲ ਜ਼ਿੰਦਗੀ ਦਾ ਵਿਸ਼ਾਲ ਅਨੁਭਵ ਹੈ। ਕਹਾਣੀ ਸੰਗ੍ਰਹਿ ਪੜ੍ਹਨਯੋਗ ਹੈ। ਮੁਬਾਰਕਾਂ।

## ਇਕ ਬਾਤ ਮੈਂ ਪਾਵਾਂ

ਬੱਬੂ ਤੀਰ ਪੰਜਾਬੀ ਦੇ ਬਹੁਤ ਚਰਚਿਤ ਵਿਅੰਗਕਾਰ ਗੁਰਨਾਮ ਸਿੰਘ ਤੀਰ ਦੀ ਬੇਟੀ ਹੈ। ਇਹ ਸੰਗ੍ਰਹਿ ਇਕੋ ਵੇਲੇ ਕਹਾਣੀ ਸੰਗ੍ਰਹਿ ਹੈ, ਨਿਬੰਧ ਸੰਗ੍ਰਹਿ ਹੈ ਤੇ ਰੇਖਾ ਚਿਤਰ ਸੰਗ੍ਰਹਿ ਵੀ। ਦੀਵਾਲੀ ਮੁਬਾਰਕ, ਤੀਆਂ ਮੋਗੇ ਦੀਆਂ, ਕਲ੍ਹ ਮੇਰਾ ਹੈ, ਹੁਣ ਹੋਰ ਨਹੀਂ, ਗ੍ਰਹਿ ਚੱਕਰ ਪੜ੍ਹਨਯੋਗ ਰਚਨਾਵਾਂ ਹਨ। ਪਾਠਕ ਨਾਲ ਸਿੱਧਾ ਸੰਵਾਦ ਰਚਾਉਂਦੀਆਂ ਉਹਦੀਆਂ ਬਾਤਾਂ ਪਾਠਕ ਦੇ ਅੰਤਰੀਵ ਨੂੰ ਮਖ਼ਮਲੀ ਛੂਹ ਨਾਲ ਤਰੰਗਿਤ ਕਰਕੇ ਅਨਹੱਦ ਸੰਗੀਤ ਪੈਦਾ ਕਰਦੀਆਂ ਹਨ। ਇਹ ਸੰਗ੍ਰਹਿ ਪੜ੍ਹਨਯੋਗ ਹੈ।

## ਅੱਧ ਕੱਟਿਆ ਸੂਰਜ

ਜਦੋਂ ਰਾਬਿੰਦਰ ਸਿੰਘ ਬਾਠ ਕਿਸੇ ਕਹਾਣੀ ਜਾਂ ਨਾਵਲ ਨੂੰ ਅਨੁਵਾਦ ਕਰਦਾ ਹੈ ਤਾਂ ਉਹ ਰਚਨਾ ਹਮੇਸ਼ਾ ਹੀ ਉੱਚ-ਪਾਏ ਦੀ ਹੁੰਦੀ ਹੈ। ਉਸ ਦੀ ਚੋਣ 'ਤੇ ਪੰਜਾਬੀ ਪਾਠਕ ਪਖਰ ਮਹਿਸੂਸ ਕਰਦਾ ਹਾਂ। ਮੋਹਨ ਚੋਪੜਾ ਦੇ ਕਹਾਣੀ ਸੰਗ੍ਰਹਿ 'ਅੱਧ ਕੱਟਿਆ ਸੂਰਜ' 'ਚ 20 ਕਹਾਣੀਆਂ ਸ਼ਾਮਿਲ ਹਨ ਜਿਨ੍ਹਾਂ 'ਚੋਂ ਰੰਜਨੀਗੰਧਾ, ਦੇਵ ਅੰਕਲ, ਅਜਨਬੀ, ਕਤੂਰਾ, ਸੁਪਨਿਆਂ ਦੀ ਸਵੇਰ, ਸੰਕੇਤ ਦਾ ਨੋਟ ਲੈਣਾ ਬਣਦਾ ਹੈ। ਖਾਸ ਕਰਕੇ 'ਸੰਕੇਤ' ਕਹਾਣੀ। ਇਹ ਕਹਾਣੀਆਂ ਪੜ੍ਹਣਯੋਗ ਹਨ। ਬਾਠ ਨੂੰ ਚੰਗੇ ਕਹਾਣੀ ਸੰਗ੍ਰਹਿ ਨੂੰ ਅਨੁਵਾਦ ਕਰਨ ਲਈ ਮੁਬਾਰਕਾਂ।

## ਵਿਸ਼ਵ ਪੰਜਾਬੀ ਕਹਾਣੀ

ਡਾ. ਹਰਚੰਦ ਸਿੰਘ ਬੇਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਪੰਜਾਬੀ ਦਾ ਅਧਿਆਪਕ

ਹੈ। ਉਸ ਦੀਆਂ ਆਲੋਚਨਾ ਦੀਆਂ ਕਈ ਪੁਸਤਕਾਂ ਛਪ ਚੁੱਕੀਆਂ ਹਨ। ਉਸ ਦੀਆਂ ਪੁਸਤਕਾਂ 'ਔਰਤਾਂ ਦੀਆਂ ਕਹਾਣੀਆਂ' (ਭਾਗ ਪਹਿਲਾ) ਅਤੇ (ਭਾਗ ਦੂਜਾ) ਦੀ ਖਾਸਾ ਚਰਚਿਤ ਹੋ ਰਹੀ ਹੈ। 'ਵਿਸ਼ਵ ਪੰਜਾਬੀ ਕਹਾਣੀ 'ਚ ਉਸ ਭਾਰਤ, ਅਮਰੀਕਾ, ਕੈਨੇਡਾ, ਬਰਤਾਨੀਆਂ ਤੇ ਪਾਕਿਸਤਾਨ ਦੀਆਂ 16 ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਭੂਮਿਕਾ 'ਚ ਇਨ੍ਹਾਂ ਕਹਾਣੀਆਂ ਬਾਰੇ ਆਪਣੀ ਰਾਏ ਦਿੱਤੀ ਹੈ ਤੇ ਆਖਿਰ 'ਚ ਕਹਾਣੀਕਾਰਾਂ ਦੇ ਜੀਵਨ-ਬਿਉਰੇ ਦਿੱਤੇ ਹਨ। ਬੇਦੀ ਦੀ ਚੋਣ 'ਚ ਸਤੁੰਲਨ ਹੈ। ਉਹਨੂੰ ਹੁਣ ਨਵੇਂ ਕਹਾਣੀਕਾਰ ਦੀ ਕਿਤਾਬ ਵੀ ਸੰਪਾਦਤ ਕਰਨੀ ਚਾਹੀਦੀ ਹੈ ਤੇ ਪੰਜਾਬੀ ਦੀ ਮੁਖ ਧਾਰਾ ਦੀ ਕਹਾਣੀ ਨਾਲ ਜੁੜਨਾ ਚਾਹੀਦਾ ਹੈ।

## ਪਾਪਾ ਆਪਾਂ ਬਰਾੜ ਹੁੰਨੇ ਆਂ

ਹਰਜਿੰਦਰ ਸਿੰਘ ਸੂਰੇਵਾਲੀਆਂ ਬਹੁਤ ਘੱਟ ਲਿਖਣ ਵਾਲਾ ਲੇਖਕ ਹੈ। ਕਦੇ ਉਸ ਦੀ ਕਹਾਣੀ 'ਧੀਏ ਰਾਜ ਕਰੇਗੀ' ਨੂੰ 'ਨੀਲਮਣੀ' ਵਾਲਿਆਂ ਨੇ ਸਰਵੋਤਮ ਕਹਾਣੀ ਦਾ ਅਵਾਰਡ ਦਿੱਤਾ ਸੀ। ਇਸ ਸੰਗ੍ਰਹਿ 'ਚ ਉਸ ਦੀਆਂ 10 ਕਹਾਣੀਆਂ ਸ਼ਾਮਿਲ ਹਨ। ਇਨ੍ਹਾਂ ਕਹਾਣੀਆਂ 'ਚ ਮਾਲਵੇ ਦਾ ਪੇਂਡੂ ਜੀਵਨ ਛਲਕਦਾ ਹੈ। ਸਾਰੀਆਂ ਹੀ ਕਹਾਣੀਆਂ ਵਧੀਆ ਹਨ। ਮੈਨੂੰ ਉਸ ਦੀਆਂ ਕਹਾਣੀਆਂ ਪਾਪਾਂ ਆਪਾਂ ਬਰਾੜ ਹੁੰਨੇ ਆਂ, ਕੁਝ ਵੀ ਤੇ ਨਹੀਂ ਬਦਲਿਆ, ਫੌਜੀ ਤੇ ਅੰਜਨਾ ਬੀਚ ਨੇ ਪ੍ਰਭਾਵਤ ਕੀਤਾ ਹੈ। ਆਲੋਚਕਾਂ ਨੂੰ ਸੂਰੇਵਾਲੀਆ ਦੀਆਂ ਕਹਾਣੀਆਂ ਦਾ ਨੋਟ ਲੈਣਾ ਚਾਹੀਦਾ ਹੈ।

## ਯਾਦਾਂ ਦੇ ਚੱਕਰਵਿਊਹ/ਸਤਪਾਲ ਬਰਾੜ

'ਜ਼ਖ਼ਮੀ ਪਰਿੰਦਿਆਂ ਦੀ ਪਰਵਾਜ਼' (2008) ਤੋਂ ਬਾਅਦ ਪ੍ਰਵਾਸੀ ਕਵੀ ਸਤਪਾਲ ਬਰਾੜ ਦਾ ਇਹ ਨਵਾਂ ਕਾਵਿ-ਸੰਗ੍ਰਹਿ ਹੈ ਜਿਸ 'ਚ 'ਜੀਵਨ ਨਾਟਕ ਦੇ ਕੁਝ ਦ੍ਰਿਸ਼' ਸਿਰਲੇਖ ਹੇਠ 17 ਕਵਿਤਾਵਾਂ, 'ਸੱਚੋ ਸੱਚ ਦਸ ਵੇ ਜੋਗੀ' ਸਿਰਲੇਖ ਹੇਠ 18 ਕਵਿਤਾਵਾਂ ਅਤੇ 'ਕੀ ਜਾਣਾਂ ਮੈਂ ਕੌਣ' ਸਿਰਲੇਖ ਹੇਠ 10 ਕਵਿਤਾਵਾਂ ਸ਼ਾਮਿਲ ਹਨ। ਪ੍ਰੋ. ਬ੍ਰਹਮਜਗਦੀਸ਼ ਭੂਮਿਕਾ 'ਚ ਲਿਖਦਾ ਹੈ, "ਉਹ ਰਸਮੀ ਜਾਂ ਸੁਣੇ ਸੁਣਾਏ ਅਨੁਭਵ ਦੀਆਂ ਕਵਿਤਾਵਾਂ ਲਿਖਣ ਵਾਲਾ ਸਾਧਾਰਣ ਸ਼ਾਇਰ ਨਹੀਂ ਹੈ ਬਲਕਿ ਉਹ ਭੋਗੇ ਹੋਏ ਅਨੁਭਵ ਨੂੰ ਵਸਤੂ-ਸਮੱਗਰੀ ਬਣਾ ਕੇ ਆਪਣੀਆਂ ਕਵਿਤਾਵਾਂ ਦੀ ਰਚਨਾ ਕਰਦਾ ਹੈ।" ਉਸ ਦੀਆਂ ਕਵਿਤਾਵਾਂ ਹਸ਼ਰ, ਪਿਆਰ, ਖਤਰਾ, ਹਲੂਣਾ, ਰਿਸੈਸ਼ਨ, ਯਾਦਾਂ ਦੇ ਚੱਕਰਵਿਊਹ, ਉਡਾਰੀਆਂ, ਨਸੀਹਤ ਅਤੇ ਕੋਈ ਪਾਪ ਨਹੀਂ ਪੜ੍ਹਨਯੋਗ ਕਵਿਤਾਵਾਂ ਹਨ। ਆਉਣ ਵਾਲੇ ਸਮੇਂ 'ਚ ਮੈਂ ਉਸ ਤੋਂ ਗੰਭੀਰ ਕਿਸ ਮਦੀ ਕਵਿਤਾ ਰਚਣ ਦੀ ਆਸ ਕਰਦਾ ਹੋਇਆ, ਇਸ ਨਵੇਂ ਕਾਵਿ-ਸੰਗ੍ਰਹਿ ਨੂੰ ਜੀ-ਆਇਆਂ ਕਹਿੰਦਾ ਹਾਂ।

---

## ਇਕ ਕਹਾਣੀ : ਦਸ ਦਿਸ਼ਾਵਾਂ

**ਸੰਪਾਦਕ : ਡਾ. ਰਵੀ ਰਵਿੰਦਰ**

**ਚੇਤਨਾ ਪ੍ਰਕਾਸ਼ਨ, ਲੁਧਿਆਣਾ**



## ਨਵੀਆਂ ਛਪੀਆਂ ਪੁਸਤਕਾਂ

ਤ੍ਰਿਸ਼ਨਾ/ਨਾਵਲ/ਲਿਊ ਤਾਲਸਤਾਏ/ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

ਸ਼ਕੁੰਤਲਾ/ਕਵਿਤਾ/ਪਿਆਰਾ ਸਿੰਘ ਸਹਿਰਾਈ/ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

ਐਨਤੋਨ ਚੈਖ਼ੋਵ ਦੀਆਂ ਕਹਾਣੀਆਂ/ਅਨੁ: ਕਰਨਜੀਤ ਸਿੰਘ/ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

ਹੱਡ ਬੀਤੀਆਂ/ਲੇਖ/ਦੀਵਾਨ ਸਿੰਘ ਮਫ਼ਤੂਨ/ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ/ਲੇਖ/ਜਸਵੰਤ ਸਿੰਘ ਨੇਕੀ/ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

ਭੈਣਾਂ/ਨਾਵਲ/ਅਸਕਦ ਮੁਖ਼ਤਾਰ/ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

ਆਨੰਦ ਸਾਹਿਬ ਪ੍ਰਵਚਨ ਤੇ ਕਾਵਿਕਤਾ/ਆਲੋਚਨਾ/ਮਨਜੀਤ ਕੌਰ/ਸੁੰਦਰ ਬੁੱਕ ਡਿੱਪੂ, ਜਲੰਧਰ

ਪੰਜਾਬੀ ਕਹਾਣੀ-ਵਿਚਾਰ ਤੇ ਵਿਸਥਾਰ/ਡਾ. ਜਸਵਿੰਦਰ ਕੌਰ ਬਿੰਦਰਾ/ਸੁੰਦਰ ਬੁੱਕ ਡਿੱਪੂ, ਜਲੰਧਰ

ਆਪਣਾ ਅਤੀਤ/ਲੇਖ/ਸੁਰਿੰਦਰ ਸਿੰਘ ਸੁੰਨੜ/ਸੁੰਦਰ ਬੁੱਕ ਡਿੱਪੂ, ਜਲੰਧਰ

ਵੀਹਵੀਂ ਸਦੀ ਦੇ ਪ੍ਰਮੁੱਖ ਪੰਜਾਬੀ ਨਾਟਕ ਅਧਿਐਨ ਤੇ ਮੁਲਾਂਕਣ/ਆਲੋਚਨਾ/ ਡਾ. ਲਖਵਿੰਦਰ ਜੀਤ ਕੌਰ/ ਸੁੰਦਰ ਬੁੱਕ ਡਿੱਪੂ, ਜਲੰਧਰ

ਪੰਜਾਬੀ ਕਹਾਣੀ ਦੀ ਸ਼ਾਹਰਾਹ/ਕਹਾਣੀਆਂ/ਸੰਪਾ : ਰਮਿੰਦਰ ਕੌਰ/ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਸਪਤਰਿਸ਼ੀ/ਕਵਿਤਾ/ਭਜਨ ਸਿੰਘ ਵਿਰਕ/5 ਆਬ ਪ੍ਰਕਾਸ਼ਨ, ਜਲੰਧਰ

ਮੈਂ ਜ਼ਿੰਦਾਂ ਹਾਂ/ਕਵਿਤਾ/ਨਛੱਤਰ ਸਿੰਘ ਗਿੱਲ/5 ਆਬ ਪ੍ਰਕਾਸ਼ਨ, ਜਲੰਧਰ

ਮੀਂਹ ਵਰਸੇਂਦਾ/ਨਾਵਲ/ਦਰਸ਼ਨ ਸਿੰਘ/ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ

ਧਰਤਿ ਕਰੇ ਅਰਜ਼ੋਈ/ਕਾਵਿ-ਨਾਟਕ/ਮੰਗਾ ਬਾਸੀ/ਚੇਤਨਾ ਪ੍ਰਕਾਸ਼ਨ, ਲੁਧਿਆਣਾ

ਵਿਗੋਚਾ/ਨਾਵਲ/ਜਰਨੈਲ ਸਿੰਘ ਸੇਖਾ/ਚੇਤਨਾ ਪ੍ਰਕਾਸ਼ਨ, ਲੁਧਿਆਣਾ

ਪਰਵੇਸ਼/ਲੇਖ/ਤੇਜਵੰਤ ਮਾਨ/ਲਿਟਰੇਚਰ ਹਾਊਸ, ਅੰਮ੍ਰਿਤਸਰ

ਅੰਦਰਲਾ ਸੱਚ/ਕਹਾਣੀਆਂ/ਗੁਰਮੇਲ ਮਡਾਹੜ/ਉਡਾਨ ਪਬਲੀਕੇਸ਼ਨ, ਮਾਨਸਾ

ਸੰਧਿਆ ਦੀ ਲਾਲੀ/ਗ਼ਜ਼ਲਾਂ/ਗੁਰਦਾਸ ਸਿੰਘ ਪਰਮਾਰ/ਸਾਤਵਿਕ ਅੰਮ੍ਰਿਤਸਰ

ਬਰਤਾਨਵੀ ਪੰਜਾਬੀ ਸਾਹਿਤ ਇਕ ਸਰਵੇਖਣ/ਆਲੋਚਨਾ/ਸਾਤਵਿਕ ਅੰਮ੍ਰਿਤਸਰ

---

ਜੋਗਿੰਦਰ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਸੈਫ ਡਿਜ਼ਾਇਨਰ ਇਨ ਪ੍ਰਿੰਟਰ ਤੋਂ ਕੰਪੋਜ਼ ਕਰਵਾ ਕੇ ਯੂਨੀਸਟਾਰ ਬੁਕਸ (ਪ੍ਰਿੰਟਿੰਗ ਯੂਨਿਟ), 11ਏ, ਇੰਡਸਟਰੀਅਲ ਏਰੀਆ ਫ਼ੇਜ਼ 2, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਜਿੰਦਰ ਦਾ ਨਵਾਂ ਕਹਾਣੀ ਸੰਗ੍ਰਹਿ
# ਜ਼ਖ਼ਮ

ਜਿੰਦਰ, ਸਮਕਾਲੀ ਪੰਜਾਬੀ ਕਹਾਣੀ ਵਿਚ ਸਥਾਪਤ ਹੋ ਚੁੱਕਿਆ ਕਹਾਣੀਕਾਰ ਹੈ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਉਸ ਦੀਆਂ ਪਹਿਲੀਆਂ ਕਹਾਣੀਆਂ ਨਾਲੋਂ ਹਟ ਕੇ ਹਨ। ਇਹ ਕਹਾਣੀਆਂ ਉਸ ਦੇ ਨਿਵੇਕਲੇ ਕਥਾ-ਅਨੁਭਵ ਅਤੇ ਕਥਾ-ਵਿਧੀ ਦੀ ਬਾਰੀਕੀ, ਗਹਿਰਾਈ ਅਤੇ ਸੂਖ਼ਮ ਅਹਿਸਾਸਾਂ ਨੂੰ ਉਜਾਗਰ ਕਰਦੀਆਂ ਹਨ। ਸਾਰੀਆਂ ਕਹਾਣੀਆਂ ਮਾਨਵ ਵਿਰੋਧੀ ਵਰਤਾਰਿਆਂ ਵਿਚ ਘਿਰੇ ਬੰਦੇ ਨੂੰ 'ਮਾਨਵੀ' ਹੁੰਗਾਰੇ ਰਾਹੀਂ ਵੇਖਦੀਆਂ ਹਨ। ਉਸ ਦੀ ਇਹ ਮਾਨਵੀ ਪਹੁੰਚ ਕਿਸੇ ਧਰਮ, ਕਰਮ, ਪਾਰਟੀ, ਲਹਿਰ, ਵਾਦ ਅਤੇ ਜਾਤੀ ਕੇਂਦਰਿਤ ਹੋਣ ਦੀ ਬਜਾਏ, ਮਨੁੱਖ ਨੂੰ ਮਨੁੱਖੀ ਲੋੜਾਂ, ਥੋੜ੍ਹਾਂ ਅਤੇ ਹਾਲਾਤਾਂ ਦੀ ਬੇਵੱਸੀ ਦੇ ਸੰਦਰਭਾਂ ਵਿਚ ਸਿਰਜਦੀ ਹੈ ਜਿਸ ਕਰਕੇ ਇਹ ਕਿਸੇ ਜਾਤੀ, ਜਮਾਤੀ, ਲਿੰਗ ਅਤੇ ਉਮਰ ਦੇ ਭਿੰਨ-ਭੇਦ ਤੋਂ ਵੀ ਮੁਕਤ ਹਨ। ਆਪਣੀ ਅਜਿਹੀ ਸ਼ੁੱਧ ਸੋਚ ਕਰਕੇ ਹੀ ਉਹ ਪੰਜਾਬੀ ਮਾਨਸਿਕਤਾ ਅਤੇ ਸੋਚ ਵਿਚ ਵਾਪਰਦੀ ਤਬਦੀਲੀ ਦੀ 'ਰਫ਼ਤਾਰ' ਨੂੰ ਸਪੇਸ ਮੁਹੱਈਆ ਕਰਦਾ ਹੈ। ਇਸ ਸਪੇਸ ਵਿਚ ਜ਼ਖ਼ਮ ਹਨ, ਪਰ ਖੁਦਕਸ਼ੀ ਦਾ ਰੁਝਾਣ ਨਹੀਂ। ਕਾਹਲ ਹੈ ਪਰ ਬੇਸਬਰੀ ਨਹੀਂ। ਇਹ ਮਾਨਸਿਕਤਾ ਦਕਿਆਨੂਸੀ, ਦੰਭੀ, ਪਾਖੰਡੀ ਅਤੇ ਪ੍ਰਚਲਿਤ ਪ੍ਰਵਾਨਿਤ ਸੋਚ ਦਾ ਨਿਖੇਧ 'ਪਾਪ', 'ਰਫ਼ਤਾਰ', 'ਔਕਾਤ', 'ਸ਼ਨਾਖਤ' ਅਤੇ 'ਨਹੀਂ, ਮੈਂ ਦਲਿਤ ਨਹੀਂ' ਕਹਾਣੀਆਂ ਵਿਚ ਸਿਰਜ ਕੇ 'ਨਵੇਂ ਬੰਦੇ' ਦੀ ਸੋਚ ਨੂੰ ਵੀ ਰੇਖਾਂਕਿਤ ਕਰਦੀਆਂ ਹਨ। ਕਹਾਣੀਆਂ ਦੇ ਬਿਰਤਾਂਤ ਸੰਖੇਪ, ਸੰਜਮੀ, ਸਰਲ ਅਤੇ ਇਕਹਿਰੇ ਹਨ ਪਰ ਇਹਨਾਂ ਹੇਠ ਕਾਰਜਸ਼ੀਲ ਮੁੱਦੇ ਅਤੇ ਸਥਿਤੀਆਂ ਜਟਿਲ ਅਤੇ ਪੇਚੀਦਾ ਹਨ। ਜਿੰਦਰ ਦੀ ਪ੍ਰਾਪਤੀ ਇਹਨਾਂ ਜਟਿਲ ਮਸਲਿਆਂ ਦੀ ਸਰਲ ਅਤੇ ਸੰਜਮੀ ਬਿਰਤਾਂਤਕਾਰੀ ਵਿਚ ਹੈ।

## ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ



## ਡਾ. ਹਰਚੰਦ ਸਿੰਘ ਬੇਦੀ ਵੱਲੋਂ ਸੰਪਾਦਤ ਪੁਸਤਕ

**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

***ਭਾਰਤ***

*ਭਾਬੀ ਮੈਨਾ/ਗੁਰਬਖ਼ਸ਼ ਸਿੰਘ ਪ੍ਰੀਤਲੜੀ*
*ਖੱਬਲ/ਕੁਲਵੰਤ ਸਿੰਘ ਵਿਰਕ*
*ਓਪਰਾ ਮਰਦ/ਗੁਰਬਚਨ ਸਿੰਘ ਭੁੱਲਰ*
*ਹਰਖ ਸੋਗ/ਚੰਦਨ ਨੇਗੀ*
*ਪਾਲਕ ਦਾ ਬੂਟਾ/ਦਲਬੀਰ ਚੇਤਨ*
*ਕਤਲ/ਜਿੰਦਰ*
*ਵਿਚਲੀ ਔਰਤ/ਤਲਵਿੰਦਰ ਸਿੰਘ*

***ਅਮਰੀਕਾ***

*ਨਾਦਰਸ਼ਾਹ/ਜਗਜੀਤ ਬਰਾੜ*
*ਪੰਘੂੜਾ/ਰਾਣੀ ਨਗਿੰਦਰ ਕੌਰ*

***ਕੈਨੇਡਾ***

*ਹਮ-ਛਿਣ/ਰਵਿੰਦਰ ਰਵੀ*
*ਮਾਰਗਰੀਤਾ/ਅਮਨਪਾਲ ਸਾਰਾ*

***ਬਰਤਾਨੀਆ***

*ਫ੍ਰੀ ਸੁਸਾਇਟੀ/ਸਵਰਨ ਚੰਦਨ*
*ਰੇਪ/ਕੇ. ਸੀ. ਮੋਹਨ*
*ਰੂਮ-ਮੇਟ/ਵੀਨਾ ਵਰਮਾ*

***ਪਾਕਿਸਤਾਨ***

*ਜੇ ਕੋ ਪੁੱਛੈ/ਮੁਹੰਮਦ ਮਨਸ਼ਾ ਯਾਦ*
*ਉਛਾੜ/ਤੌਕੀਰ ਚੁਗਤਾਈ*

